# B.A (Liberal Arts)

## CORE COURSE (CC): RELIGIOUS STUDIES

## SEMESTER-IV

## ਧਰਮ ਗ੍ਰੰਥ (HOLY SCRIPTURES)

### SECTION -A

### ਯੂਨਿਟ-I ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਅਤੇ ਬਣਤਰ

1.0 ਜਾਣ-ਪਛਾਣ

1.1 ਧਰਮ ਗ੍ਰੰਥ

1.2 ਵਿਲੱਖਣਤਾ

1.3 ਸੰਪਾਦਨਾ

1.4 ਬਾਣੀ ਸੰਪਾਦਨ

1.5 ਰਾਗਾਂ ਦੀ ਤਰਤੀਬ

1.6 ਕਾਵਿ ਰੂਪਾਂ ਦੀ ਤਰਤੀਬ

1.7 ਕੁਲ ਬਾਣੀਕਾਰ

1.8 ਬਾਣੀਕਾਰਾਂ ਦੀ ਤਰਤੀਬ

1.9 ਗੁਰੂ ਸਾਹਿਬਾਨ

1.10 ਹੋਰ ਬਾਣੀਕਾਰ

1.11 ਸਾਰ

1.12 ਪੜ੍ਹਣਯੋਗ ਪੁਸਤਕਾਂ

1.13 ਅਭਿਆਸ ਲਈ ਪ੍ਰਸ਼ਨ

## 1.0 ਜਾਣ-ਪਛਾਣ

ਪੰਜਵੇਂ ਗੁਰੂ ਅਰਜਨ ਦੇਵ ਜੀ ਦੀ ਅਨਮੋਲ ਦੇਣ ਸਿੱਖਾਂ ਲਈ ਪਵਿੱਤਰ ਧਾਰਮਿਕ ਗ੍ਰੰਥ ਦਾ ਸੰਕਲਨ ਸੀ ਜਿਸ ਨੂੰ “ਆਦਿ ਗ੍ਰੰਥ”, ਜਾਂ “ਸ੍ਰੀ ਗੁਰੂ ਗ੍ਰੰਥ ਸਾਹਿਬ" ਕਿਹਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਦੇ ਕਾਰਜ ਬਾਰੇ ਜਾਣਨ ਤੋਂ ਪਹਿਲਾਂ ਧਰਮ ਗ੍ਰੰਥ ਬਾਰੇ ਜਾਣ ਲੈਣਾ ਜ਼ਰੂਰੀ ਹੈ ਜਿਸ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ।

## 1.1 ਧਰਮ ਗ੍ਰੰਥ

ਧਰਮ ਗ੍ਰੰਥ ਤੋਂ ਬਿਨਾ ਧਰਮ ਦੀ ਹੋਂਦ ਹੀ ਸੰਭਵ ਨਹੀਂ ਹੈ। ਧਰਮ - ਗ੍ਰੰਥ ਹੀ ਆਪਣੇ ਪੈਗੰਬਰਾਂ , ਗੁਰੂਆਂ , ਪੀਰਾਂ ਵੱਲੋਂ ਦਿੱਤੇ ਹੋਏ ਸਿਧਾਂਤਾਂ ਨਾਲ ਆਪਣੇ ਪੈਰੋਕਾਰਾਂ ਨੂੰ ਧਰਮ ਨਾਲ ਜੋੜਨ ਲਈ ਰਾਹ ਨਿਰਧਾਰਤ ਕਰਦੇ ਹਨ। ਉਨ੍ਹਾਂ ਧਰਮ - ਗ੍ਰੰਥਾਂ ਦਾ ਓਟ ਆਸਰਾ ਲੈ ਕੇ ਹੀ ਅੱਜ ਦੇ ਪ੍ਰਮੁੱਖ ਧਰਮ , ਹਜ਼ਾਰਾਂ ਸਾਲ ਪੁਰਾਣੇ ਹੋਣ ਦੇ ਬਾਵਜੂਦ ਵੀ ਆਪਣੀ ਸਾਰਥਿਕਤਾ ਨੂੰ ਜਿਉਂ ਦੀ ਤਿਉਂ ਨਵਾਂ - ਨਰੋਆ ਰੱਖ ਰਹੇ ਹਨ। ਉਨ੍ਹਾਂ ਮਹਾਨ ਪੈਗੰਬਰੀ ਆਸ਼ਿਆ ਨੂੰ ਸਮਾਜ ਦੀ ਭਲਾਈ ਹਿਤ ਵਰਤਦਿਆਂ ਹੋਇਆਂ ਹੋਰਨਾਂ ਲੋਕਾਂ ਨੂੰ ਵੀ ਆਪਣੇ ਧਰਮ ਵੱਲ ਨਾ ਕੇਵਲ ਆਕਰਸ਼ਤ ਕਰਦੇ ਹਨ ਸਗੋਂ ਆਪਣੇ ਧਰਮ ਦੇ ਸਿਧਾਂਤਾਂ ਨੂੰ ਅਪਨਾਉਣ ਦੀ ਸਥਿਤੀ ਤਕ ਵੀ ਜਾਂਦੇ ਹਨ । ਇਨ੍ਹਾਂ ਧਰਮ - ਗ੍ਰੰਥਾਂ ਸਦਕਾ ਹੀ ਦੁਨੀਆ ਦੇ ਹਰ ਹਿੱਸੇ ਵਿੱਚ ਹਰ ਧਰਮ ਅਤੇ ਹਰ ਸਭਿਆਚਾਰ ਦੇ ਲੋਕਾਂ ਦੀ ਆਮਦ ਵੇਖਣ ਨੂੰ ਮਿਲਦੀ ਹੈ। ਸੋ ਉਪਰੋਕਤ ਧਾਰਨਾ ਤੋਂ ਸਪਸ਼ਟ ਹੈ ਕਿ ਧਰਮ - ਗ੍ਰੰਥ ਧਰਮ ਦਾ ਕੇਂਦਰੀ ਸਰੋਕਾਰ ਅਤੇ ਧਰਮ ਦੇ ਸਿਧਾਂਤਾਂ ਦੀ ਜਿੰਦ - ਜਾਨ ਹੁੰਦਾ ਹੈ। ਇਹ ਕਹਿਣ ਵਿੱਚ ਵੀ ਕੋਈ ਅਤਿ ਕਥਨੀ ਨਹੀਂ ਹੈ ਕਿ ਧਰਮ ਗ੍ਰੰਥਾਂ ਤੋਂ ਬਿਨਾ ਧਰਮ ਦੀ ਹੋਂਦ ਕਿਆਸ ਨਹੀਂ ਕੀਤੀ ਜਾ ਸਕਦੀ ਅਤੇ ਇਨ੍ਹਾਂ ਤੋਂ ਬਿਨਾ ਧਰਮ ਦੇ ਹਨੇਰੇ ਵਿੱਚ ਲੁਪਤ ਹੋਣ ਦਾ ਡਰ ਵੀ ਹਮੇਸ਼ਾ ਬਣਿਆ ਰਹਿੰਦਾ ਹੈ। ਇਸੇ ਲਈ ਹੀ ਧਰਮ - ਗ੍ਰੰਥਾਂ ਨੂੰ ਧਰਮ ਦੀ ਜਿੰਦ - ਜਾਨ ਪ੍ਰਵਾਨ ਕੀਤਾ ਗਿਆ ਹੈ ਕਿਸੇ ਵਿਦਵਾਨ ਦਾ ਕਥਨ ਹੈ ਕਿ ਧਰਮ - ਗ੍ਰੰਥ ਥੱਕੇ - ਟੁੱਟੇ ਮੁਸਾਫ਼ਰਾਂ ਲਈ ਪਾਣੀ ਦੇ ਚਸ਼ਮੇ ਹੁੰਦੇ ਹਨ। ਧਰਮ - ਗ੍ਰੰਥ ਮਾਰੂਥਲਾਂ ਦੀ ਤਪਸ਼ ਨੂੰ ਸਹਾਰਦੇ ਹੋਏ ਲੋਕਾਂ ਲਈ ਸੰਘਣੀਆਂ ਛਾਵਾਂ ਹੁੰਦੇ ਹਨ। ਸੋ ਸਪਸ਼ਟ ਹੈ ਕਿ ਧਰਮ ਅਤੇ ਗ੍ਰੰਥ ਦਾ ਰਿਸ਼ਤਾ ਰੂਹ ਅਤੇ ਸਰੀਰ ਵਾਲਾ ਹੀ ਹੈ।

## 1.2 ਵਿਲੱਖਣਤਾ

ਪਵਿੱਤਰ ਬਾਈਬਲ , ਪਵਿੱਤਰ ਕੁਰਆਨ , ਪਵਿੱਤਰ ਵੇਦ , ਜੈਨ ਅੰਗ , ਬੁਧ ਤ੍ਰਿਪਿਟਕ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਸਾਰ ਦੇ ਪ੍ਰਸਿੱਧ ਧਰਮ - ਗ੍ਰੰਥ ਹਨ ਜਿਨ੍ਹਾਂ ਨੇ ਨਾ ਕੇਵਲ ਆਪਣੇ ਧਰਮ ਦੇ ਸਿਧਾਂਤਾਂ ਨੂੰ ਹੀ ਪ੍ਰਗਟਾਇਆ ਸਗੋਂ ਮਹਾਨ ਕੌਮੀਅਤਾਂ ਦੀ ਸਿਰਜਣਾ ਵੀ ਕੀਤੀ ਹੈ। ਉਪਰੋਕਤ ਧਰਮ - ਗ੍ਰੰਥਾਂ ਦੇ ਸਿਰਜਣ ਇਤਿਹਾਸ ਵੱਲ ਜੇਕਰ ਨਿਗਾਹ ਮਾਰਦੇ ਹਾਂ ਤਾਂ ਗੁਰੂ ਗ੍ਰੰਥ ਸਾਹਿਬ ਦੀ ਵਿਲੱਖਣਤਾ ਦੇ ਝਲਕਾਰੇ ਸਪਸ਼ਟ ਨਜ਼ਰ ਆਉਂਦੇ ਹਨ ਕਿਉਂਕਿ

1. ਧਰਮਾਂ ਦੇ ਇਤਿਹਾਸ ਵਿੱਚ ਇਹ ਇਕੋ - ਇੱਕ ਅਜਿਹਾ ਧਰਮ-ਗ੍ਰੰਥ ਹੈ ਜਿਸਨੂੰ ਗੁਰੂ ਰੂਪ ਵਿੱਚ ਪ੍ਰਵਾਨ ਕੀਤਾ ਹੋਇਆ ਹੈ।

2. ਇਹ ਇਕੋ - ਇੱਕ ਅਜਿਹਾ ਧਰਮ ਗ੍ਰੰਥ ਹੈ ਜਿਸ ਦੀ ਸੰਪਾਦਨਾ ਖ਼ੁਦ ਧਰਮ ਦੇ ਬਾਨੀਆਂ ਵੱਲੋਂ ਆਪ ਕੀਤੀ ਹੋਈ ਹੈ ਜਿਸ ਕਰਕੇ ਇਹ ਗ੍ਰੰਥ ਸ਼ੰਕਿਆਂ ਅਤੇ ਕਿੰਤੂਆਂ - ਪ੍ਰੰਤੂਆਂ ਤੋਂ ਮੁਕਤ ਪ੍ਰਵਾਨ ਹੋਇਆ ਹੈ।

3. ਇਸ ਗ੍ਰੰਥ ਵਿੱਚ ਕਿਤੇ ਵੀ ਇਸ ਧਰਮ ਦੇ ਬਾਨੀਆਂ ਦੀਆਂ ਕਥਾ - ਕਹਾਣੀਆਂ ਨੂੰ ਚਮਤਕਾਰੀ ਰੂਪ ਵਿੱਚ ਪੇਸ਼ ਨਹੀਂ ਕੀਤਾ ਹੋਇਆ ਹੈ।

4 . ਇਸ ਵਿਚਲਾ ਚਿੰਤਨ , ਮਾਨਵ - ਮੁਕਤੀ ਦੇ ਦਰਵਾਜ਼ੇ ਖੋਲ੍ਹਦਾ ਹੋਇਆ ਇੱਕ ਅਜਿਹੇ ਮਨੁੱਖ ਦੀ ਤਸਵੀਰ ਸਿਰਜਦਾ ਹੈ ਜੋ ਮਨੁੱਖਤਾ ਦੀ ' ਬੰਦ ਖ਼ਲਾਸੀ ' ਅਤੇ ' ਪਤਿ ਸੇਤੀ ' ਜੀਵਨ ਲਈ ਜ਼ਿੰਦਗੀ ਅਤੇ ਮੌਤ ਨੂੰ ਇਕੋ ਜਿਹਾ ਸਮਝਦਾ ਹੈ।

5. ਇਹ ਧਰਮ - ਗ੍ਰੰਥ ਹਿੰਦੁਸਤਾਨ ਦੇ 500 ਸਾਲਾ ( 12 ਵੀਂ ਤੋਂ 17 ਵੀਂ ਸਦੀ ) ਦੇ ਇਤਿਹਾਸ ਨੂੰ ਵੀ ਆਪਣੇ ਅੰਦਰ ਸਮੋਈ ਬੈਠਾ ਹੈ।

**1.3 ਸੰਪਾਦਨਾ**

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕਾਰਜ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੁਆਰਾ ਸੰਪੂਰਨ ਹੋਇਆ। 1599 ਈ . ਵਿੱਚ ਇਸ ਗ੍ਰੰਥ ਦੀ ਸੰਪਾਦਨਾ ਦਾ ਕਾਰਜ ਆਰੰਭ ਹੋਇਆ। ਸੰਪਾਦਨਾ ਦੇ ਕਾਰਜ ਲਈ ਅੰਮ੍ਰਿਤਸਰ ਦੇ ਬਿਲਕੁਲ ਨਜ਼ਦੀਕ ਰਾਮਸਰ ਦੇ ਰਮਣੀਕ ਸਥਾਨ ਦੀ ਚੋਣ ਕੀਤੀ ਗਈ। ਇਸ ਪਵਿੱਤਰ ਗ੍ਰੰਥ ਨੂੰ

ਲਿੱਖਣ ਦਾ ਮਾਣ ਭਾਈ ਗੁਰਦਾਸ ਜੀ ਨੂੰ ਪ੍ਰਾਪਤ ਹੋਇਆ ਅਤੇ 1604 ਈ . ਨੂੰ ਇਹ ਮਹਾਨ ਕਾਰਜ ਸੰਪੰਨ ਹੋਇਆ। ਇਸ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿੱਚ ਕੀਤਾ ਗਿਆ ਅਤੇ ਬਾਬਾ ਬੁੱਢਾ ਜੀ ਨੂੰ ਇਸਦੇ ਪਹਿਲੇ ਗ੍ਰੰਥੀ ਵਜੋਂ ਥਾਪਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵੇਲੇ ਜੋ ਪਹਿਲਾ ਹੁਕਮਨਾਮਾ ਆਇਆ , ਉਹ ਇਹ ਸੀ

ਸੂਹੀ ਮਹਲਾ ੫ ॥

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥

ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥

ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥

ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥

ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥

ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥ ੧ ॥ ( ਗੁ.ਗ੍ਰੰ.ਸਾ. ਪੰਨਾ 783 )

**1.4 ਬਾਣੀ ਸੰਪਾਦਨ**

ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਤ ਕੀਤੇ ਆਦਿ ਗ੍ਰੰਥ ਦੇ ਪਵਿੱਤਰ ਸਰੂਪ ਨੂੰ ਸੁਖੈਨ ਤਰੀਕੇ ਨਾਲ ਸਮਝਣ ਲਈ ਇਸਨੂੰ ਤਿੰਨ ਹਿੱਸਿਆਂ ਵਿੱਚ ਵੰਡ ਕੇ ਵੇਖਿਆ ਜਾ ਸਕਦਾ ਹੈ।

1. ਪੰਨਾ ਨੰਬਰ 1 ਤੋਂ 13 ਤਕ ਨਿਤਨੇਮ ਦੀਆਂ ਬਾਣੀਆਂ ਦਰਜ ਕੀਤੀਆਂ ਗਈਆਂ ਹਨ ਜਿਨ੍ਹਾਂ ਵਿੱਚ ' ਜਪੁ ' ਰਾਗ ਰਹਿਤ ਬਾਣੀ ਹੈ ਅਤੇ ' ਸੋ ਦਰੁ ' ਤੇ ' ਸੋਹਿਲਾ ' ਦੇ ਸ਼ਬਦ ਰਾਗਾਂ ਵਿੱਚ ਵੀ ਹਨ।
2. ਪੰਨਾ ਨੰਬਰ 14 ਤੋਂ 1352 ਤਕ ਸੰਪੂਰਨ ਰਾਗ ਬੱਧ ਬਾਣੀ ਹੈ ਅਤੇ ਗੁਰੂ ਗ੍ਰੰਥ ਸਾਹਿਬ ਦਾ ਵੱਡਾ ਹਿੱਸਾ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਹਿੱਸੇ ਨੂੰ 30 ਰਾਗਾਂ ਵਿੱਚ ਵੰਡਿਆ ਅਤੇ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ

ਤੇਗ਼ ਬਹਾਦਰ ਸਾਹਿਬ ਦੀ ਪਵਿੱਤਰ ਰਚਨਾ ਅਤੇ ਜੈਜਾਵੰਤੀ ਰਾਗ ਦਰਜ ਕਰਕੇ ਰਾਗਾਂ ਦੀ ਗਿਣਤੀ 31 ਕਰ ਦਿੱਤੀ।

3. ਪੰਨਾ ਨੰਬਰ 1353 ਤੋਂ 1430 ਤਕ ਦੇ ਇਸ ਹਿੱਸੇ ਵਿੱਚ ਸਲੋਕ ਸਹਸਕ੍ਰਿਤੀ ਮਹਲਾ ੧ ਤੇ ੫, ਸਲੋਕ ਭਗਤ ਕਬੀਰ ਅਤੇ ਫਰੀਦ ਜੀ , ਸਵੱਈਏ ਸ੍ਰੀ ਮੁਖਬਾਕ ਮਹਲਾ ੫ , ਭਟਾਂ ਦੀ ਬਾਣੀ , ਸਲੋਕ ਵਾਰਾਂ ਤੇ ਵਧੀਕ , ਸਲੋਕ ਮਹਲਾ ੯ ਅਤੇ ਮੁੰਦਾਵਣੀ ਮਹਲਾ ੫ ਦਰਜ ਹਨ । ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀ ਸਮਾਪਤੀ ਇਥੋਂ ਹੁੰਦੀ ਹੈ । ਮੁੰਦਾਵਣੀ ਦੇ ਆਰੰਭਕ ਸਲੋਕ ਵਿੱਚ ਗੁਰੂ ਗ੍ਰੰਥ ਸਾਹਿਬ ਨੂੰ ਇੱਕ ਅਜਿਹਾ ਪ੍ਰਕਾਰ ਦੇ ਭੋਜਨ ਪਰੋਸੇ ਗਏ ਹਨ । ਇਹ ਭੋਜਨ ਸੰਤੋਖੀ ਜੀਵਨ ਦੀ ਚੇਤਨਾ ਦਾ ਮੁੱਖ ਆਧਾਰ ਹਨ । ਇਸ ਨਾਲ ਮਨੁੱਖ ਨੇ ਅਧਿਆਤਮਕ ਬੁਲੰਦੀਆਂ ' ਤੇ ਪਹੁੰਚਣਾ ਹੈ । ਇਸ ਤੋਂ ਅਕਾਲ ਪੁਰਖ ਦਾ ਨਿਮਰਤਾ ਪੂਰਵਕ ਸ਼ੁਕਰਾਨਾ ਕੀਤਾ ਹੈ ਜਿਸ ਦੀ ਬਖ਼ਸ਼ਿਸ਼ ਨਾਲ ਇਹ ਕਾਰਜ ਸੰਪੂਰਨ ਹੋਇਆ । ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿੱਚ ਰਾਗ ਮਾਲਾ ਦਰਜ ਹੈ ।

ਪੂਰਾ ਸਤਿਗੁਰੁ ਜਾਣੀਐ , ਪੂਰੇ ਪੂਰਾ ਠਾਟੁ ਬਣਾਇਆ
ਪੂਰੇ ਪੂਰਾ ਤੋਲੁ ਹੈ ਘਟੈ ਨ ਵਧੈ ਘਟਾਇ ਵਧਾਇਆ । " (ਭਾਈ ਗੁਰਦਾਸ , ਵਾਰ 26 ਪਉੜੀ 61)

**1.5 ਰਾਗਾਂ ਦੀ ਤਰਤੀਬ**

ਰਾਗ ਸੰਗੀਤ ਦੀ ਬੁਨਿਆਦ ਹੈ ਅਤੇ ਸੰਗੀਤ ਦੇ ਮਹੱਤਵ ਤੋਂ ਗੁਰੂ ਸਾਹਿਬ ਭਲੀ - ਭਾਂਤ ਜਾਣੂ ਸਨ । ਸਾਰੀਆਂ ਸੂਖਮ ਕਲਾਵਾਂ ਵਿਚੋਂ ਸੰਗੀਤ ਸਿਖਰ ' ਤੇ ਆਉਂਦਾ ਹੈ ਕਿਉਂਕਿ ਇਹ ਮਨੁੱਖ ਨੂੰ ਵਿਸਮਾਦ ਵਿੱਚ ਲੈ ਜਾਂਦਾ ਹੈ । ਸੰਗੀਤ ਦਾ ਪ੍ਰਭਾਵ ਅਜਿਹਾ ਹੁੰਦਾ ਹੈ ਕਿ ਰਾਹ ਚਲਦੇ ਰਾਹੀਆਂ ਦੇ ਪੈਰ ਆਪ - ਮੁਹਾਰੇ ਰੁੱਕ ਜਾਂਦੇ ਹਨ , ਪੰਛੀ ਖੰਭ ਮਾਰਨਾ ਛੱਡ ਦਿੰਦੇ ਹਨ , ਜਿਵੇਂ ਸਾਨੂੰ ਪਤਾ ਹੀ ਹੈ ਕਿ ਗੁਰੂ ਨਾਨਕ ਪਾਤਸ਼ਾਹ ਦੇ ਸ਼ਬਦ ਅਤੇ ਮਰਦਾਨੇ ਦੀ ਰਬਾਬ ਹਮੇਸ਼ਾ ਅੰਗ - ਸੰਗ ਰਹੇ । ਇਸ ਤੋਂ ਇਲਾਵਾ ਸੰਗੀਤ ਦਾ ਸਬੰਧ ਮਨੁੱਖ ਦੀ ਮਨੋ - ਦਸ਼ਾ ਨਾਲ ਵੀ ਹੈ । ਜਿਵੇਂ ਮਨੋਦਸ਼ਾ ਬਦਲਦੀ ਹੈ , ਉਸੇ ਤਰ੍ਹਾਂ ਰਾਗਾਂ ਦੇ ਗਾਉਣ ਦਾ ਸਮਾਂ ਵੀ ਬਦਲਦਾ ਹੈ । ਇਸੇ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਰਾਗਾਂ ਨੂੰ ਬਹੁਤ ਮਹੱਤਤਾ ਦਿੱਤੀ ਗਈ ਹੈ । ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਾਗ ਤਰਤੀਬ ਇਸ ਤਰ੍ਹਾਂ ਹੈ :-

| ਰਾਗ | ਗਾਉਣ ਦਾ ਸਮਾਂ |
|---|---|

| | | |
|---|---|---|
| 1. | ਸਿਰੀ ਰਾਗੁ | ਪਿਛਲੇ ਪਹਿਰ ਜਾਂ ਲੰਢੇ ਵੇਲੇ |
| 2. | ਮਾਝ | ਰਾਤ ਦੇ ਪਹਿਲੇ ਪਹਿਰ |
| 3. | ਗਉੜੀ | ਰਾਤ ਦੇ ਪਹਿਲੇ ਪਹਿਰ |
| 4. | ਆਸਾ | ਸਵੇਰ ਵੇਲੇ |
| 5. | ਗੂਜਰੀ | ਦਿਨ ਦੇ ਦੂਜੇ ਪਹਿਰ |
| 6. | ਦੇਵਗੰਧਾਰੀ | ਦਿਨ ਦੇ ਦੂਜੇ ਪਹਿਰ |
| 7. | ਬਿਹਾਗੜਾ | ਅੱਧੀ ਰਾਤ ਵੇਲੇ |
| 8. | ਵਡਹੰਸੁ | ਦੁਪਹਿਰ ਵੇਲੇ ਜਾਂ ਰਾਤ ਦੇ ਦੂਜੇ ਪੇਪਰ |
| 9. | ਸੋਰਠਿ | ਰਾਤ ਦੇ ਦੂਜੇ ਪਹਿਰ |
| 10. | ਧਨਾਸਰੀ | ਦਿਨ ਦੇ ਤੀਜੇ ਪਹਿਰ |
| 11. | ਜੈਤਸਰੀ | ਚੌਥੇ ਪਹਿਰ |
| 12. | ਟੋਡੀ | ਦਿਨ ਦੇ ਦੂਜੇ ਪਹਿਰ |
| 13. | ਬੈਰਾੜੀ | ਦੂਜੇ ਪਹਿਰ ਤੇ ਸ਼ਾਮ ਵੇਲੇ |
| 14. | ਤਿਲੰਗ | ਦਿਨ ਦੇ ਤੀਜੇ ਪਹਿਰ |
| 15. | ਸੂਹੀ | ਦੋ ਘੜੀ ਦਿਨ ਚੜ੍ਹੇ |
| 16. | ਬਿਲਾਵਲ | ਸਵੇਰ ਦੇ ਪਹਿਲੇ ਪਹਿਰ |
| 17. | ਗੋਂਡ | ਦਿਨ ਦੇ ਦੂਜੇ ਪਹਿਰ |
| 18. | ਰਾਮਕਲੀ | ਸੂਰਜ ਨਿਕਲਣ ਤੋਂ ਲੈ ਕੇ ਪਹਿਰ ਦਿਨ ਚੜ੍ਹੇ ਤਕ |
| 19. | ਨਟ ਨਾਰਾਇਨ | ਰਾਤ ਦੇ ਦੂਜੇ ਪਹਿਰ |
| 20. | ਮਾਲੀ ਗਉੜਾ | ਦਿਨ ਦੇ ਤੀਜੇ ਪਹਿਰ |
| 21. | ਮਾਰੂ | ਦਿਨ ਦੇ ਤੀਜੇ ਪਹਿਰ |
| 22. | ਤੁਖਾਰੀ | ਸ਼ਾਮ ਵੇਲੇ |

| | |
|---|---|
| 23. ਕੇਦਾਰਾ | ਰਾਤ ਦੇ ਪਹਿਲੇ ਪਹਿਰ |
| 24.ਭੈਰਉ | ਪ੍ਰਭਾਤ ਵੇਲੇ |
| 25.ਬਸੰਤੁ | ਦਿਨ ਦੇ ਪਹਿਲੇ ਪਹਿਰ ਅਤੇ ਬਸੰਤ ਰੁੱਤ ' ਚ |
| 26.ਸਾਰੰਗ | ਕਿਸੇ ਵੀ ਸਮੇਂ |
| 27.ਮਲਾਰ | ਰਾਤ ਦੇ ਤੀਜੇ ਪਹਿਰ |
| 28.ਕਾਨੜਾ | ਰਾਤ ਦੇ ਦੂਜੇ ਪਹਿਰ |
| 29.ਕਲਿਆਨ | ਰਾਤ ਦੇ ਪਹਿਲੇ ਪਹਿਰ |
| 30.ਪ੍ਰਭਾਤੀ | ਸਵੇਰ ਦੇ ਪਹਿਲੇ ਪਹਿਰ |
| 31. ਜੈਜਾਵੰਤੀ | ਰਾਤ ਦੇ ਦੂਜੇ ਪਹਿਰ |

**1.6 ਕਾਵਿ ਰੂਪਾਂ ਦੀ ਤਰਤੀਬ**

ਅਰਜਨ ਦੇਵ ਜੀ ਨੇ ਬਾਣੀਕਾਰਾਂ ਅਤੇ ਰਾਗਾਂ ਦੀ ਤਰਤੀਬ ਤੋਂ ਪਿਛੋਂ ਕਾਵਿ ਰੂਪਾਂ ਦੀ ਵਰਤੋਂ ਬਹੁਤ ਸੁਚੱਜੇ ਢੰਗ ਨਾਲ ਕੀਤੀ ਹੋਈ ਹੈ। ਕਿਸੇ ਵੀ ਰਾਗ ਵਿੱਚ ਗਾਈ ਜਾਂਦੀ ਬਾਣੀ ਦਾ ਆਰੰਭ ਹੁੰਦਾ ਹੈ ਤਾਂ ਉਸ ਤੋਂ ਪਹਿਲਾਂ ਮੂਲ ਮੰਤਰ ਦਿੱਤਾ ਗਿਆ ਹੈ , ਜਿਸ ਨੂੰ ਮੰਗਲਾਚਰਨ ਕਿਹਾ ਗਿਆ ਹੈ। ਮੂਲਮੰਤਰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਪਹਿਲੀ ਬਾਣੀ ਜਪੁ ਜੀ ਸਾਹਿਬ ਦੇ ਆਰੰਭ ਵਿੱਚ ਹੈ। ਇਹ ਮੰਗਲਾਚਰਨ ਕਿਸੇ ਥਾਂ ਪੂਰਾ ਅਤੇ ਕਿਸੇ ਥਾਂ ਛੋਟੇ ਸਰੂਪ ਵਿੱਚ ਵੀ ਆਇਆ ਹੈ ਇਸ ਕੁਲ ਰੂਪ ਇਸ ਤਰ੍ਹਾਂ ਹਨ –

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ' ,

ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ' , ' ੴ ਸਤਿ ਨਾਮੁ ਗੁਰ ਪ੍ਰਸਾਦਿ ' ,

ਅਤੇ ੴ ਸਤਿਗੁਰ ਪ੍ਰਸਾਦਿ।

ਇਸ ਤੋਂ ਅੱਗੇ ਸੰਪੂਰਨ ਬਾਣੀ ਨੂੰ ਸ਼ਬਦ , ਅਸ਼ਟਪਦੀਆਂ , ਸੋਲਹੇ , ਛੰਤ , ਵਾਰ ਤੇ ਸਲੋਕਾਂ ਦੀ ਇੱਕ ਵਿਲੱਖਣ ਤਰਤੀਬ ਦਿੱਤੀ ਹੈ। ਗੁਰੂ ਅਰਜਨ ਪਾਤਸ਼ਾਹ ਨੇ ਹਰੇਕ ਵਾਰ ਦੀ ਪਉੜੀ ਦੇ ਨਾਲ ਸਬੰਧਿਤ ਸਲੋਕਾਂ ਨੂੰ ਥਾਂ ਦਿੱਤੀ ਹੈ। ਉਪ੍ਰੰਤ ਜੋ ਵੀ ਸਲੋਕ ਵੱਧ ਗਏ ਸਨ , ਉਨ੍ਹਾਂ ਸਾਰਿਆਂ ਨੂੰ ਇੱਕ ਥਾਂ ਇਕੱਤਰ ਕਰਕੇ , ਉਸਦਾ ਸਿਰਲੇਖ ' ਸਲੋਕ

ਵਾਰਾਂ ਤੇ ਵਧੀਕ ' ਰਖਿਆ। ਇਸ ਤੋਂ ਇਲਾਵਾ ਦੁਪਦੇ , ਤਿਪਦੇ , ਚਉਪਦੇ , ਪੰਚਪਦੇ ਆਦਿ। ਫਿਰ ਛੰਤ ਅਤੇ ਉਸ ਤੋਂ ਬਾਅਦ ਲੰਮੇਰੀ ਬਾਣੀਆਂ ਜਿਵੇਂ ਬਾਰਹ ਮਾਹ ( ਤੁਖਾਰੀ ਤੇ ਮਾਝ ) , ਬਾਵਨ ਅਖਰੀ , ਸਿਧ ਗੋਸਟਿ , ਸੁਖਮਨੀ , ਦਖਣੀ ਓਅੰਕਾਰ , ਥਿਤੀ , ਪਟੀ ਆਦਿ। ਅਖੀਰ ਵਿੱਚ ਰਾਗ ਮੁਕਤ ਬਾਣੀਆਂ ਨੂੰ ਦਰਜ ਕੀਤਾ। ਗੁਰੂ ਸਾਹਿਬਾਨ ਨੇ ਬਾਣੀ ' ਚ ' ਰਹਾਉ ' ਪਦ ਦੀ ਵਰਤੋਂ ਕੀਤੀ ਹੈ ਜਿਸ ਦਾ ਭਾਵ ਹੈ ਰੁੱਕਣਾ ਅਤੇ ਇਸ ਵਿੱਚ ਸ਼ਬਦ ਜਾਂ ਬਾਣੀ ਦਾ ਕੇਂਦਰੀ ਭਾਵ ਸਪਸ਼ਟ ਹੁੰਦਾ ਹੈ। ਇਸ ਤੋਂ ਇਲਾਵਾ ਹਰ ਬਾਣੀ ਦੀ ਗਿਣਤੀ ਹਿੰਦਸਿਆ ਨਾਲ ਕੀਤੀ ਹੈ। ਇਸ ਗਣਿਤ ਵਿਧੀ ਨਾਲ ਗੁਰੂ ਬਾਣੀ ਨੂੰ ਹਮੇਸ਼ਾ - ਹਮੇਸ਼ਾ ਲਈ ਸ਼ੁੱਧ ਰਖਣ ' ਤੇ ਮੋਹਰ ਲਾ ਦਿੱਤੀ ਗਈ ਕਿਉਂਕਿ ਇਸ ਨਾਲ ਕੋਈ ਸ਼ਬਦ ਘਟਾਇਆ ਜਾਂ ਵਧਾਇਆ ਨਹੀਂ ਜਾ ਸਕਦਾ। ਆਦਿ ਗ੍ਰੰਥ ਦੇ ਸੰਪਾਦਕ ਗੁਰੂ ਅਰਜਨ ਪਾਤਸ਼ਾਹ ਦੀ ਸੰਪਾਦਨ ਵਿਧੀ ਦੇ ਇਨ੍ਹਾਂ ਅਨੋਖੇ ਝਲਕਾਰਿਆਂ ਵਿਚੋਂ ਇਹ ਗੱਲ ਰੂਪਮਾਨ ਹੁੰਦੀ ਹੈ ਕਿ ਗੁਰੂ ' ਸਾਹਿਬ ਆਦਿ ਗ੍ਰੰਥ ਦੀ ਸ਼ੁੱਧਤਾ ਅਤੇ ਪ੍ਰਮਾਣਿਕਤਾ ਲਈ ਕਿੰਨੇ ਚੇਤੰਨ ਸਨ।

**1.7 ਕੁਲ ਬਾਣੀਕਾਰ**

ਸ੍ਰੀ ਗੁਰੂ ਅਰਜਨ ਪਾਤਸ਼ਾਹ ਇੱਕ ਅਜਿਹੇ ਧਰਮ ਗ੍ਰੰਥ ਨੂੰ ਸੰਪਾਦਤ ਕਰਨਾ ਚਾਹੁੰਦੇ ਸਨ ਜਿਹੜਾ ਰਾਸ਼ਟਰੀ ਅਤੇ ਅੰਤਰ - ਰਾਸ਼ਟਰੀ ਸਰਹੱਦਾਂ ਨੂੰ ਤੋੜਦਾ ਹੋਇਆ ਸੰਸਾਰੀ ਪੱਧਰ ' ਤੇ ਸਥਾਪਤ ਹੋਵੇ। ਇਸੇ ਕਰਕੇ ਜਿੱਥੇ ਗੁਰੂ ਸਾਹਿਬਾਨ ਦੀ ਬਾਣੀ ਅੰਕਿਤ ਕੀਤੀ ਗਈ , ਉਥੇ ਨਾਲ ਹਿੰਦੂ ਭਗਤਾਂ ਅਤੇ ਮੁਸਲਮਾਨ ਪੀਰਾਂ - ਫ਼ਕੀਰਾਂ ਦੀ ਬਾਣੀ ਨੂੰ ਵੀ ਯੋਗ ਥਾਂ ਦੇ ਕੇ ਸਨਮਾਨਿਆ ਗਿਆ। ਇਸ ਧਰਮ ਗ੍ਰੰਥ ਵਿੱਚ ਅਨੇਕਾਂ ਭਾਸ਼ਾਵਾਂ ਦੇ ਸ਼ਬਦ ਮੌਜੂਦ ਹਨ ਪਰ ਇਨ੍ਹਾਂ ਦਾ ਪ੍ਰਗਟਾਅ ਗੁਰਮੁਖੀ ਲਿਪੀ ਵਿੱਚ ਕੀਤਾ ਗਿਆ ਹੈ। ਇਸ ਧਰਮ ਗ੍ਰੰਥ ਵਿੱਚ

6 ਗੁਰੂ ਸਾਹਿਬਾਨ, 15 ਭਗਤ ਸਾਹਿਬਾਨ, 11 ਭਟ ਅਤੇ 4 ਗੁਰਸਿੱਖ , ਕੁਲ 36 ਬਾਣੀਕਾਰ ਹਨ। ਇਸ ਤਰ੍ਹਾਂ ਇਹ ਸੰਸਾਰ ਦਾ ਪਹਿਲਾ ਅਜਿਹਾ ਧਰਮ - ਗ੍ਰੰਥ ਹੈ ਜਿਸ ਵਿੱਚ ਨਾ ਕੇਵਲ ਵੱਖ ਵੱਖ ਧਰਮਾਂ ਸਗੋਂ ਵੱਖ - ਵੱਖ ਸਭਿਆਚਾਰਾਂ , ਬੋਲੀਆਂ ਅਤੇ ਜਾਤਾਂ ਦੇ ਮਨੁੱਖਾਂ ਨੂੰ ਥਾਂ ਦੇ ਕੇ ਮਾਨਵ ਸਨਮਾਨ ਨੂੰ ਸਿਖਰ ' ਤੇ ਪਹੁੰਚਾਇਆ ਗਿਆ ਹੈ ਇਸ ਧਰਮ - ਗ੍ਰੰਥ ਵਿੱਚ ਬਾਣੀ ਅੰਕਿਤ ਕਰਨ ਦੀ ਇਕੋ - ਇੱਕ ਕਸਵੱਟੀ , ਗੁਰੂ ਨਾਨਕ ਪਾਤਸ਼ਾਹ ਦੇ ਸਿਧਾਂਤ ਸਨ , ਨਾ ਕਿ ਜਾਤੀ ਉੱਤਮਤਾ। ਇਸੇ ਕਰਕੇ ਹੀ ਜਿੱਥੇ ਭਗਤ ਰਵਿਦਾਸ ਜੀ ਚਮਾਰ ਜਾਤੀ ਨਾਲ ਸਬੰਧਤ ਹਨ , ਉਥੇ ਭਗਤ ਰਾਮਾਨੰਦ ਜੀ ਬ੍ਰਾਹਮਣ ਹਨ। ਪਰ ਗੁਰੂ ਘਰ ਜਨਮ ਉੱਤਮਤਾ ਨੂੰ ਨਕਾਰਦਾ ਹੈ ਅਤੇ ਬੌਧਿਕ ਉੱਤਮਤਾ ਨੂੰ ਪ੍ਰਵਾਨ ਕਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਵਿਖੇ ਸੰਪੂਰਨ ਬਾਣੀ ਉਚਾਰ ਕੇ ਇਸੇ ਧਰਮ ਗ੍ਰੰਥ ਦਾ

ਲਿਖਤੀ ਰੂਪ ਭਾਈ ਮਨੀ ਸਿੰਘ ਜੀ ਪਾਸੋਂ ਕਰਵਾਇਆ ਅਤੇ 1708 ਈਸਵੀ ਵਿੱਚ ਜੋਤੀ ਜੋਤਿ ਸਮਾਉਣ ਵੇਲੇ ਆਪ ਜੀ ਨੇ ਨਾਂਦੇੜ ਵਿਖੇ ਇਸ ਨੂੰ ਖ਼ਾਲਸੇ ਦਾ ਗੁਰੂ ਹੋਣ ਮਾਣ ਬਖ਼ਸ਼ਿਆ।

**1.8 ਬਾਣੀਕਾਰਾਂ ਦੀ ਤਰਤੀਬ**

ਬਾਣੀਕਾਰਾਂ ਨੂੰ ਹਰੇਕ ਰਾਗ ਸ਼ੁਰੂ ਹੋਣ ' ਤੇ ਇੱਕ ਕ੍ਰਮ ਵਿੱਚ ਰੱਖਿਆ ਹੈ :

1. ਪਹਿਲਾਂ ਗੁਰੂ ਸਾਹਿਬਾਨ ਦੀ ਬਾਣੀ ਕ੍ਰਮ ਅਨੁਸਾਰ
2. ਫਿਰ ਭਗਤਾਂ ਦੀ ਬਾਣੀ
3. ਭਟਾਂ ਦੀ ਬਾਣੀ
4. ਹੋਰ ਬਾਣੀਕਾਰਾਂ ਦੀ ਰਚਨਾ

**1.9 ਗੁਰੂ ਸਾਹਿਬਾਨ**

ਗੁਰੂ ਸਾਹਿਬਾਨ ਦੀ ਸਮੁੱਚੀ ਬਾਣੀ ' ਨਾਨਕ ' ਛਾਪ ਹੇਠ ਦਰਜ ਹੈ। ਪਰ ਇਹ ਦੱਸਣ ਲਈ ਕਿ ਇਹ ਬਾਣੀ ਕਿਸ ਗੁਰੂ ਸਾਹਿਬਾਨ ਦੀ ਹੈ , ' ਮਹਲਾ ' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਉਦਾਹਰਣ ਵਜੋਂ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਅੱਗੇ ਮਹਲਾ ੧ , ਪੰਜਵੇਂ ਗੁਰੂ ਸਾਹਿਬ ਦੀ ਬਾਣੀ ਅੱਗੇ ਮਹਲਾ ੫ ਆਦਿ ਗੁਰੂ ਗ੍ਰੰਥ ਸਾਹਿਬ ਵਿੱਚ ਪਹਿਲੇ ਪੰਜ ਗੁਰੂ ਸਾਹਿਬਾਨ ਅਤੇ ਨੌਵੇਂ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ ( ਗੁਰੂ ਨਾਨਕ ਸਾਹਿਬ ਦੀ ਦਸਵੀਂ ਜੋਤ , ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਪਾਤਸ਼ਾਹ ਦੀ ਬਾਣੀ ਬਾਅਦ ਵਿੱਚ ਦਰਜ ਕੀਤੀ )।

**1.10 ਹੋਰ ਬਾਣੀਕਾਰ**

ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬਾਨ , ਭਗਤਾਂ ਅਤੇ ਭਟਾਂ ਤੋਂ ਇਲਾਵਾ ਚਾਰ ਹੋਰ ਮਹਾਪੁਰਖਾਂ ਦੀ ਬਾਣੀ ਅੰਕਿਤ ਹੈ। ਇਹ ਉਹ ਮਹਾਨ ਹਸਤੀਆਂ ਹਨ ਜਿਨ੍ਹਾਂ ਨੇ ਗੁਰੂ ਸਾਹਿਬਾਨ ਦੇ ਜੀਵਨ ਅਤੇ ਸਿੱਖੀ ਦੇ ਵੱਧਦੇ ਪਾਸਾਰ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਵੇਖਿਆ। ਇਨ੍ਹਾਂ ਵਿਚੋਂ ਤਿੰਨ - ਭਾਈ ਮਰਦਾਨਾ ਜੀ , ਭਾਈ ਸਤਾ ਜੀ ਅਤੇ ਭਾਈ ਬਲਵੰਡ ਜੀ ਗੁਰੂ - ਘਰ ਦੇ ਢਾਡੀ ( ਰਬਾਬੀ ) ਸਨ ਜਿਹੜੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਗੁਰੂ ਸ਼ਬਦ ਦਾ ਗਾਇਨ ਕਰਦੇ ਸਨ। ਚੌਥੇ ਮਹਾਂਪੁਰਖ ਬਾਬਾ ਸੁੰਦਰ ਜੀ , ਗੁਰੂ - ਘਰ ਨਾਲ ਸਬੰਧਤ ਸਨ। ਆਪ ਬਾਬਾ ਮੋਹਰੀ ਜੀ ( ਗੁਰੂ ਅਮਰਦਾਸ ਜੀ ਦੇ ਸਾਹਿਬਜ਼ਾਦੇ ) ਦੇ ਪੋਤਰੇ , ਭਾਈ ਅਨੰਦ ਜੀ ਦੇ ਪੁੱਤਰ ਸਨ ਅਤੇ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੇ ਪੜਪੋਤਰੇ ਸਨ।

**1.11 ਸਾਰ**

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸੁਮੇਲ ਦਾ ਮਹਾਨ ਪਵਿੱਤਰ ਗ੍ਰੰਥ ਹੈ। ਸੰਸਾਰ ਦੇ ਹੋਰ ਧਰਮ ਗ੍ਰੰਥਾਂ ਨਾਲੋਂ ਇਹ ਬਹੁਤ ਵਿੱਲਖਣ ਹੈ। ਵੱਖ-ਵੱਖ ਭਗਤਾਂ, ਗੁਰੂਆਂ, ਗੁਰਸਿੱਖਾਂ ਜਿਨ੍ਹਾਂ ਦੀ ਭਾਸ਼ਾ, ਧਰਮ ਜਾਤ ਵੱਖੋ-ਵੱਖਰੇ ਹਨ। ਸਾਰੇ ਹੀ ਇਕ ਪਰਮਾਤਮਾ ਨਾਮੀ ਤੰਦ ਨਾਲ ਜੁੜੇ ਹੋਏ ਹਨ।

**1.12 ਪੜ੍ਹਣਯੋਗ ਪੁਸਤਕਾਂ**


- ਸਰਬਜਿੰਦਰ ਸਿੰਘ (ਡਾ.) , *ਲਿਖੇ ਬਾਝਹੁ ਸੁਰਤਿ ਨਾਹੀ,* Aesthetics Publications Ludhiana, Punjab, India, 2013
- ਸਰਬਜਿੰਦਰ ਸਿੰਘ (ਡਾ.), *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ,* ਭਾਗ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
- ਸਾਹਿਬ ਸਿੰਘ ( ਪ੍ਰੋ. ),*ਆਦਿ ਬੀੜ ਬਾਰੇ,* ਸਿੰਘ ਬ੍ਰਦਰਜ਼ , ਮਾਈ ਸੇਵਾ , ਅੰਮ੍ਰਿਤਸਰ , 1946
- ਗੁਰਮਤਿ ਸੰਗੀਤ ਵਿਸ਼ੇਸ਼ ਅੰਕ, *ਸ੍ਰੀ ਗੁਰੂ ਗ੍ਰੰਥ ਸਾਹਿਤ ਮਨੁੱਖਤਾ ਨੂੰ ਦੇਣ,* ਵਿਸ਼ੇਸ਼ ਅੰਕ , ਵਿਸਮਾਦ ਨਾਦ , ਇੰਟਰਨੈਸ਼ਨਲ ਇੰਸਟੀਚਿਊਟ ਆਫ਼ ਗੁਰਮਤਿ ਸਟੱਡੀਜ਼ , ਲੁਧਿਆਣਾ , 1994
- ਜਸਪਾਲ ਸਿੰਘ (ਡਾ.), ਸੰਪਾ. *ਸ੍ਰੀ ਗੁਰੂ ਗ੍ਰੰਥ ਸਾਹਿਬ ਸਦੀਵੀ ਪ੍ਰੇਰਨਾ ਸਰੋਤ,* ਪੰਜਾਬੀ ਅਕਾਦਮੀ , ਦਿੱਲੀ, 2006
- ਜਗਬੀਰ ਸਿੰਘ, (ਡਾ.),*ਗੁਰਬਾਣੀ : ਵਿਸ਼ਵ - ਦ੍ਰਿਸ਼ਟੀ ਤੇ ਵਿਚਾਰਧਾਰਾ,* ਵੈੱਲਵਿਸ਼ ਪਬਲਿਸ਼ਰਜ਼ , 1997
- ਤਾਰਨ ਸਿੰਘ ( ਡਾ. ),*ਸ੍ਰੀ ਗੁਰੂ ਗ੍ਰੰਥ ਸਾਹਿਬ ਇਤਿਹਾਸ,* ਫ਼ਕੀਰ ਸਿੰਘ. ਦਾ ਸਾਹਿਤਕ ਐਂਡ ਸੰਨਜ਼ , ਅੰਮ੍ਰਿਤਸਰ , 1963


**1.13 ਅਭਿਆਸ ਲਈ ਪ੍ਰਸ਼ਨ**

ਵੱਡੇ ਪ੍ਰਸ਼ਨ

1. ਬਾਣੀ ਸੰਪਾਦਨ ਜੁਗਤ ਉੱਤੇ ਚਾਨਣਾ ਪਾਓ।
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿੱਲਖਣਤਾ ਉਤੇ ਨੋਟ ਲਿਖੋ।
3. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁੱਲ ਕਿੰਨੇ ਭਗਤਾਂ ਦੀ ਬਾਣੀ ਦਰਜ ਹੈ ਉੱਤਰ ਦਿਓ।
4. ਗੁਰਬਾਣੀ ਦੇ ਕਾਵਿ ਰੂਪ ਤਰਤੀਬ ਬਾਰੇ ਲਿਖੋ।

ਛੋਟੇ ਪ੍ਰਸ਼ਨ

1. ਸ੍ਰੀ ਗੁਰੂ ਗ੍ਰੰਥ ਸਾਹਿਬ ਬਾਣੀ ਸੰਪਾਦਨ
2. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ

# ਯੂਨਿਟ-2 ਜਪੁਜੀ ਸਾਹਿਬ ਇਕ ਅਧਿਐਨ

**2.0 ਉਦੇਸ਼**

**2.1 ਜਾਣ-ਪਛਾਣ**

**2.2 ਜਪੁਜੀ ਸਾਹਿਬ' ਦਾ ਰਚਨਾ ਕਾਲ**

**2.3 ਸਿਰਲੇਖ**

**2.4 ਜਪੁਜੀ ਸਾਹਿਬ ਦੀ ਬਣਤਰ**

**2.5 ਜਪੁ ਤੇ ਵਿਧੀ**

**2.6 ਸਾਰ**

**1.0 ਜਾਣ-ਪਛਾਣ**

ਜਪੁਜੀ ਸਾਹਬਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੁੱਢਲੀ ਬਾਣੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ੁਭ ਆਗਾਜ਼ ਇਸ ਪਵਿੱਤਰ ਅਤੇ ਅੰਮ੍ਰਿਤਮਈ ਬਾਣੀ ਨਾਲ ਹੁੰਦਾ ਹੈ। ਜਪੁਜੀ ਸਾਹਿਬ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੂਹਾਨੀ ਸਾਰਾਂਸ਼ ਆਖਿਆ ਜਾ ਸਕਦਾ ਹੈ। ਜਪੁਜੀ ਸਾਹਿਬ ਦਾ ਪ੍ਰਕਾਸ਼ ਦੈਵੀ ਸੁਰਤਿ ਵਿੱਚੋਂ ਹੋਇਆ ਹੈ, ਸੁਰਤਿ ਦੀਆਂ ਸੰਪੂਰਨ ਸੰਭਾਵਨਾਵਾਂ ਜਪੁਜੀ ਵਿੱਚੋਂ ਰੂਪਮਾਨ ਹੁੰਦੀਆਂ ਹਨ।

ਭਾਈ ਗੁਰਦਾਸ ਜੀ ਜਪੁਜੀ ਨੂੰ ਵਿਸ਼ੇਸ਼ ਸਤਿਕਾਰ ਦਿੰਦੇ ਹੋਏ ਲਿਖਦੇ ਹਨ ਕਿ ਇਸ ਦਾ ਨਿਤਨੇਮ ਨਾਲ ਨੇੜ੍ਹਤਾ ਸੰਬੰਧ ਹੈ, ਗੁਰਸਿੱਖਾਂ ਦਾ ਇਸ ਵਿਸ਼ੇਸ਼ ਬਾਣੀ ਨਾਲ ਮੁੱਢ ਤੋਂ ਹੀ ਦੈਵੀ ਲਗਾਅ ਹੈ:

ਅੰਮ੍ਰਿਤ ਵੇਲੇ ਉਠਿ ਕੈ ਜਾਇ ਅੰਦਰਿ ਦਰਿਆਇ ਨ੍ਹਵੰਦੇ।।
ਸਹਜਿ ਸਮਾਧਿ ਅਗਾਧਿ ਵਿਚਿ ਇਕ ਮਨ ਹੋਇ ਗੁਰ ਜਾਪੁ ਜਪੰਦੇ।।
ਮਥੈ ਟਿਕੇ ਲਾਲ ਲਾਇ, ਸਾਧ ਸੰਗਤਿ ਚਲਿ ਜਾਇ ਬਹੰਦੇ।।
ਸਬਦੁ ਸੁਰਤਿ ਲਿਵਲੀਣੁ ਹੋਇ, ਸਤਿਗੁਰ ਬਾਣੀ ਗਾਇ ਸੁਣੰਦੇ।

ਸਿੱਖ ਆਪਣਾ ਮੁੱਢਲਾ ਕਰਤੱਵ ਅਤੇ ਜੀਵਨ ਦਾ ਮੁੱਖ ਆਧਾਰ ਜਪੁਜੀ ਨੂੰ ਹੀ ਮੰਨਦੇ ਹਨ। 'ਜਪੁ ' ਸਦੀਵੀ ਅਤੇ ਸ੍ਰੇਸ਼ਟ ਗੁਣਾਂ ਕਾਰਨ ਵਿਸ਼ਵ ਦੀ ਉਚ ਕੋਟੀ ਦੀ ਰਚਨਾ ਹੈ। ਇਸ ਵਿਚ ਭਾਵ , ਬੁੱਧੀ ਅਤੇ ਕਲਾ ਤਿੰਨਾਂ ਦਾ ਸੰਜੋਗ ਹੈ। ਇਸ ਵਿਚ ਗੁਰੂ ਨਾਨਕ ਸਾਹਿਬ ਨੇ ਸਿਰਜਨਾਤਮਕ ਪ੍ਰਤਿਭਾ ਦਾ ਉਸਾਰੂ ਰੋਲ ਅਦਾ ਕੀਤਾ ਹੈ। ਇਸ ਵਿਚ ਉਪਨਿਸ਼ਦਾਂ ਦਾ ਸਾਰ ਹੀ ਨਹੀਂ ਸਗੋਂ ਸਿੱਖ ਦਰਸ਼ਨ ਦਾ ਸਾਰ ਵੀ ਮਿਲਦਾ ਹੈ। ਜਿਵੇਂ ਪੰਛੀ ਰਾਤ ਦੇ ਘੋਰ ਹਨੇਰੇ ਮਗਰੋਂ ਅੰਮ੍ਰਿਤ ਵੇਲੇ ਦੀ ਜਾਗ ਨਾਲ ਚਹਿਕਾ ਉਠਦੇ ਹਨ। ਇਸੇ ਤਰ੍ਹਾਂ ਅਗਿਆਨਤਾ ਦੇ ਹਨੇਰੇ ਮਗਰੋਂ ਜਦੋਂ ਸੱਚ ਦਾ ਪ੍ਰਕਾਸ਼ ਮਨੁੱਖੀ ਹਿਰਦੇ ਵਿਚ ਹੁੰਦਾ ਹੈ ਤਾਂ ਇਸ ਜਾਗ ਦਾ ਈਲਾਹੀ ਨਾਦ ਵੱਜਦਾ ਹੈ। ਇਸਦੀ ਗਵਾਹੀ ਜਪੁਜੀ ਸਾਹਿਬ ਦੀ ਬਾਣੀ ਵਿਚੋਂ ਵੀ ਰੂਪਮਾਨ ਹੁੰਦੀ ਹੈ:

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰ॥

ਪ੍ਰੋ : ਪੂਰਨ ਸਿੰਘ ਇਸਨੂੰ ਅੰਮ੍ਰਿਤ ਵੇਲੇ ਦਾ ਗੀਤ ਕਹਿੰਦੇ ਹਨ , ਜਿਸ ਬਿਨਾਂ ਮੌਤ ਹੈ , ਅੰਤ ਹੈ। ਇਹ ਸਿੱਖੀ ਦਾ ਮੂਲ ਮੰਤਰ ਹੈ ਅਤੇ ਸਿੱਖਾਂ ਦੇ ਮਹਾਨ ਧਾਰਮਿਕ ਗ੍ਰੰਥ ਵਿਚ ਇਸਦਾ ਪਹਿਲਾ ਸਥਾਨ ਹੈ। ਇਸਨੂੰ ਅਜਿਹਾ ਕੁੱਜਾ ਕਿਹਾ ਜਾ ਸਕਦਾ ਹੈ ਜਿਸ ਵਿਚ ਸਾਰੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਰੂਪੀ ਸਾਗਰ ਬੰਨ੍ਹਿਆ ਹੋਇਆ ਹੈ।

**1.1'ਜਪੁਜੀ ਸਾਹਿਬ' ਦਾ ਰਚਨਾ ਕਾਲ : -**

ਮਹਾਨ ਰਚਨਾਵਾਂ ਸਮੇਂ ਦੇ ਪ੍ਰਭਾਵ ਤੋਂ ਮੁਕਤ ਹੁੰਦੀਆਂ ਹਨ, ਇਹ ਹਰ ਕਾਲ ਵਿਚ ਉਨੀਆਂ ਹੀ ਕਾਰਗਰ ਹੁੰਦੀਆਂ ਹਨ ਜਿੰਨੀਆਂ ਕਿ ਰਚਨ ਕਾਲ ਸਮੇਂ । ਜਪੁਜੀ ਸਾਹਿਬ ਦੇ ਰਚਨ ਕਾਲ ਬਾਰੇ ਵੱਖ-ਵੱਖ ਸਾਖੀਆਂ ਪ੍ਰਚੱਲਿਤ ਹਨ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

'ਪੁਰਾਤਨ ਜਨਮਸਾਖੀ' ਵਿਚ ਗੁਰੂ ਨਾਨਕ ਸਾਹਿਬ ਦੇ ਵੇਈਂ ਵਿਚ ਅਲੋਪ ਹੋਣ ਦੀ ਸਾਖੀ ਆਉਂਦੀ ਹੈ। ਜਦੋਂ ਉਨ੍ਹਾਂ ਨੇ 'ਪ੍ਰਮੇਸ਼ਰ ਦੀ ਦਰਗਾਹ' ਵਿਚ ਪ੍ਰਵੇਸ਼ ਕੀਤਾ। ਸਾਖੀਕਾਰ ਇਸ ਤਰ੍ਹਾਂ ਲਿਖਦਾ ਹੈ : - ਤਬਿ ਆਵਾਜ਼ ਹੋਆ - ਨਾਨਕ ! ਮੇਰਾ ਹੁਕਮ ਤੇਰੀ ਨਦਰੀ ਆਇਆ ਹੈ , ਤੂੰ ਮੇਰੇ ਹੁਕਮ ਕੀ ਸਿਫ਼ਤਿ ਕਰ। ਤਬ ਬਾਬਾ ਬੋਲਿਆ। ਧੁਨਿ ਉਠੀ : ਰਾਗ ਆਸਾ ਜਪੁ ਮ : ੧। ਸਲੋਕ ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ। ਨਾਨਕ ਹੋਸੀ ਭੀ ਸਚੁ ( ੧ ) ਜਪੁ ਸੰਪੂਰਣ ਕੀਤਾ।

ਇਸੇ ਤਰ੍ਹਾਂ ਸ਼ੰਭੂ ਨਾਥ ਦੀ ਜਨਮਸਾਖੀ , ਸੋਢੀ ਮਿਹਰਬਾਨ ਦੀ ਜਨਮਸਾਖੀ , ਭਾਈ ਬਾਲੇ ਵਾਲੀ ਜਨਮਸਾਖੀ ਅਤੇ ਹੋਰ ਕਈ ਸਾਖੀਆਂ ' ਜਪੁ ' ਦੇ ਰਚਨ ਕਾਲ ਸੰਬੰਧੀ ਪ੍ਰਚਲਿੱਤ ਹਨ। ਪਰ ਪ੍ਰਮਾਣੀਕ ਕੋਈ ਵੀ ਨਹੀਂ ਕਹੀ ਜਾ ਸਕਦੀ।

ਭਾਈ ਮਨੀ ਸਿੰਘ ਇਸ ਬਾਣੀ ਦਾ ਪਿਛੋਕੜ ਸਿੱਧਾਂ ਜੋਗੀਆਂ ਨਾਲ ਹੋਈ ਗੋਸ਼ਟਿ ਦੱਸਦੇ ਹਨ। ਭਾਈ ਜੋਧ ਸਿੰਘ ਅਨੁਸਾਰ ਇਹ ਉਪਦੇਸ਼ ਕਿਸੇ ਜਗਿਆਸੂ ਪ੍ਰਤੀ ਹੈ ਜੋ ਪ੍ਰਸ਼ਨ ਕਰਦਾ ਹੈ ਤੇ ਗੁਰੂ ਜੀ ਅਗੋਂ ਉਤਰ ਦਿੰਦੇ ਹਨ। ਡਾ : ਮੋਹਨ ਸਿੰਘ ਅਤੇ ਭਾਈ ਸੰਤੋਖ ਸਿੰਘ ( ਕਰਤਾ ਸੂਰਜ ਪ੍ਰਕਾਸ਼ ) ਅਨੁਸਾਰ ਜਦੋਂ ਗੁਰੂ ਨਾਨਕ ਦੇਵ ਕਰਤਾਰਪੁਰ ਟਿੱਕੇ ਸਨ , ਤਾਂ ' ਦਰਗਾਹ ਪਰਮੇਸੁਰ ਕੀ ਬੁਲਾਇਆ " । ਉਥੋਂ ਵਾਪਸ ਆਕੇ ਆਪਣੇ ਸਿੱਖ ਅੰਗਦ ਨੂੰ ਕਿਹਾ, ਪੁਰਖਾ ! ਪਾਰਬ੍ਰਹਮ ਦਾ ਹੁਕਮ ਹੈ ਕਿ ਸਿਫਤਿ ਮੇਰੀ ਕਰਣੀ। ਗੁਰੂ ਨਾਨਕ ਦੇਵ ਜੀ ਨੇ 'ਆਪਣਾ' ਖ਼ਜ਼ਾਨਾ ਅੰਗਦ ਸਿੱਖ ਕੇ ਹਵਾਲੇ ਕੀਤਾ। ਕਹਿਓਸੁ - ਪੁਰਖਾ ! ਹੁਣ ਤੂੰ ਜਪੁ ਰਚ। ਤਬ ਗੁਰੂ ਬਾਬੇ ਨਾਨਕ ਦੇ ਹਜੂਰਿ ਗੁਰੂ ਅੰਗਦ ਬਾਬੇ ਦੀ ਬਾਣੀ ਦਾ ਜੋੜੁ ਬੰਧਿਆ। ਜਪ ਕਾ। ਅਠਤੀਸ ਪਉੜੀਆਂ ਸਾਰੀ ਬਾਣੀ ਵਿਚਹੁ ਮਥਿ ਕਰਿ ਕਢੀ ਹੈ।

ਪ੍ਰੋ : ਸਾਹਿਬ ਸਿੰਘ ਅਨੁਸਾਰ ' ਜਪੁ ' ਦੀ ਸਾਰੀ ਵਿਚਾਰ " ਕਿਵ ਕੂੜੈ ਤੁਟੈ ਪਾਲਿ ' ' ਦੇ ਧੁਰੇ ਦੁਆਲੇ ਘੁੰਮ ਰਹੀ ਹੈ , ਜੋ ਕਿਸੇ ਜੁੜੇ ਮਨ ਦੀ ਉੱਚੀ ਆਤਮਕ ਉਡਾਰੀ ਦਾ ਹੀ ਨਤੀਜਾ ਹੋ ਸਕਦਾ ਹੈ , ਪ੍ਰਸ਼ਨਾਂ ਉੱਤਰਾਂ ਦਾ ਨਹੀਂ। ਪ੍ਰੋ : ਸਾਹਿਬ ਸਿੰਘ ਅਤੇ ਸੁਰਿੰਦਰ ਸਿੰਘ ਕੋਹਲੀ ਅਨੁਸਾਰ ' ਜਪੁ ' ਗੁਰੂ ਨਾਨਕ ਦੀ ਅੰਤਲੀ ਅਵਸਥਾ ਦੀ ਰਚਨਾ ਹੈ। ਸਭ ਤੋਂ ਪ੍ਰਮਾਣੀਕ ਵਿਚਾਰ ਗੁਰੂ ਘਰ ਦੇ ਵਿਦਵਾਨ ਭਾਈ ਗੁਰਦਾਸ ਜੀ ਦਾ ਮਿਲਦਾ ਹੈ। ਕਿਉਂਕਿ ਸਾਰੀਆਂ ਜਨਮਸਾਖੀਆਂ ਆਪਦੇ ਮਗਰੋਂ ਹੀ ਲਿਖੀਆਂ ਗਈਆਂ, ਭਾਈ ਗੁਰਦਾਸ ਦੀ ਪਹਿਲੀ ਵਾਰ ਅਨੁਸਾਰ ਜਦੋਂ ਗੁਰੂ ਨਾਨਕ ਲੰਬੀਆਂ ਉਦਾਸੀਆਂ ਦੇ ਰਟਨ ਮਗਰੋਂ ਕਰਤਾਰਪੁਰ ਬਿਰਾਜੇ ਤਾਂ ਸਾਰੇ ਸਿੱਖਾਂ ਵਿਚ ਅੰਮ੍ਰਿਤ ਵੇਲੇ ' ਜਪੁ ' ਅਤੇ ਸੰਧਿਆ ਵੇਲੇ ' ਸੋਦਰ ' ਦਾ ਉਚਾਰਣ ਹੋਣ ਲੱਗਾ।

ਬਾਬਾ ਆਯਾ ਕਰਤਾਰਪੁਰ , ਭੇਖ ਉਦਾਸੀ ਸਗਲ ਉਤਾਰਾ ॥
ਉਲਟੀ ਗੰਗ ਵਹਾਈਉਨ , ਗੁਰ ਅੰਗਦ ਸਿਰ ਉਪਰ ਧਾਰਾ ॥
ਬਾਣੀ ਮੁਖਹੁ ਉਚਾਰੀਐ , ਹੋਇ ਰੁਸ਼ਨਾਈ ਮਿਟੈ ਅੰਧਾਰਾ ॥

ਰਾਯਾਨ ਗੋਸ਼ਟ ਚਰਚਾ ' ਸਦਾ , ਅਨਹਦ ਸ਼ਬਦ ਉਠੇ ਧੁਰਕਾਰਾ ॥

ਸੋਦਰ ਆਰਤੀ ਗਾਵੀਅਹਿ , ਅੰਮ੍ਰਿਤ ਵੇਲੇ ਜਾਪ ਉਚਾਰਾ ॥

ਜਦੋਂ ਗੁਰੂ ਨਾਨਕ ਸਾਹਿਬ ਜੀ ਸੌਂਪੀਆਂ ਸਾਰੀਆਂ ਜ਼ਿੰਮੇਵਾਰੀਆਂ ਨੂੰ ਨਿਭਾਕੇ ਅੰਤਮ ਸਮੇਂ ਕਰਤਾਰਪੁਰ ਵਰਗੀ ਇਕਾਂਤ ਥਾਂ ਉਤੇ ਆ ਟਿਕੇ ਤਾਂ ਆਪਨੇ ਸਾਰੀ ਜ਼ਿੰਦਗੀ ਵਿਚ ਕੀਤਾ ਅਧਿਐਨ ' ਜਪੁ ' ਦੀ ਮਹਾਨ ਰਚਨਾ ਵਿਚ ਭਰ ਦਿਤਾ , ਜਿਸਦਾ ਮਗਰੋਂ ਅੰਮ੍ਰਿਤ ਵੇਲੇ ਆਪਦੇ ਸਿੱਖਾਂ ਵਲੋਂ ਨੇਮ ਨਾਲ ਜਾਪ ਹੋਣ ਲਗਾ। ਸੋ ' ਜਪੁ ' ਨੂੰ ਗੁਰੂ ਨਾਨਕ ਦੀ ਅੰਤਲੀ ਅਵਸਥਾ ਦੀ ਬਾਣੀ ਹੀ ਕਿਹਾ ਜਾ ਸਕਦਾ ਹੈ।

**1.2 ਸਿਰਲੇਖ :-** ਗੁਰੂ ਨਾਨਕ ਸਾਹਿਬ ਜੀ ਦੀਆਂ ਬਾਕੀ ਰਚਨਾਵਾਂ ਵਾਂਗ 'ਜਪੁ' ਉਪਰ ਮਹਲਾ ਨਹੀਂ ਲਿਖਿਆ ਮਿਲਦਾ, ਜਿਸ ਤੋਂ ਸਿੱਧ ਹੋ ਜਾਂਦਾ ਹੈ ਕਿ ਇਹ ਰਚਨਾ ਕੇਵਲ ਗੁਰੂ ਨਾਨਕ ਦੀ ਕ੍ਰਿਤ ਹੀ ਨਹੀਂ ਸਗੋਂ ਸਾਰੇ ਗੁਰੂ ਗ੍ਰੰਥ ਸਾਹਿਬ ਦਾ ਸਰਮਾਇਆ ਹੈ। ਗੁਰੂ ਗ੍ਰੰਥ ਸਾਹਿਬ ਦੀ ਉਸਾਰੀ ਇਸੇ ਨੂੰ ਨੀਂਹ ਬਣਾਕੇ ਕੀਤੀ ਗਈ ਹੈ। ' ਜਪੁ ' ਸ਼ਬਦ ਦੇ ਪਹਿਲਾਂ ਅਤੇ ਪਿਛੋਂ ਪੂਰਣ ਵਿਸਰਾਮ ਦੀਆਂ ਡੰਡੀਆਂ ਹਨ , ਜਿਸ ਤੋਂ ਭਾਵ ਬਾਣੀ ਦਾ ਸਿਰਲੇਖ ਹੈ। ਅਸਲ ਰਚਨਾ ' ਜਪੁ ' ਸ਼ਬਦ ਦੇ ਮਗਰੋਂ ਸ਼ੁਰੂ ਹੁੰਦੀ ਹੈ। ਭਾਈ ਗੁਰਦਾਸ ਨੇ ਇਸ ਨੂੰ ਗੁਰ ਮੰਤਰ ਕਿਹਾ :

ਅੰਮ੍ਰਿਤ ਵੇਲੇ ਨਾਵਣਾ ਗੁਰਮੁਖ ਜਪ ਗੁਰ ਮੰਤ੍ਰ ਜਪਾਇਆ ॥ ( ਵਾਰ ੨੬੪ )

' ਜਪੁ ' ਦਾ ਅਰਥ ਹੈ ' ਘੜੀ-ਘੜੀ ਮੁੜ-ਮੁੜ ਵਿਚਾਰ ਕਰਨ ਵਾਲੀ ਬਾਣੀ'। 'ਜਪੁ' ਇਕ ਅਜਿਹੀ ਸੂਤਰਮਈ ਰਚਨਾ ਹੈ ਜਿਸ ਵਿਚ ਸਾਰੇ ਗੁਰਮਤਿ ਦਰਸ਼ਨ ਦਾ ਸਾਰ ਆ ਗਿਆ ਹੈ। ਆਦਰਸ਼ਕ ਜੀਵਨ ਜਿਉਣ ਲਈ ਇਹ ਮਹਾਨ ਮੰਤਰ ਹੈ।

ਪੰਡਿਤ ਕਰਤਾਰ ਸਿੰਘ ਦਾਖਾ ਅਨੁਸਾਰ ' ਜਪੁ ' ਇਸ਼ਟ ਦੇ ਵਾਰ-ਵਾਰ ਗਾਏ ਜਾਣ ਵਾਲੇ ਗੁਣਾਂ ਦਾ ਸਾਰ ਹੈ। ਇਸੇ ਲਈ ਗੁਰੂ ਗ੍ਰੰਥ ਸਾਹਿਬ ਦੇ ਆਦਿ ਵਿਚ ਜੋ ' ਜਪੁਜੀ ' ਬਾਣੀ ਹੈ ਉਸ ਵਿਚ ਅਸ਼ੀਰਵਾਦ ਅਤੇ ਨਮਸ਼ਕਾਰ ਦੇ ਰੂਪ ਵਿਚ ਅਕਾਲ ਪੁਰਖ ਦੇ ਗੁਣਾਂ ਦਾ ਵਾਰ-ਵਾਰ ਕੀਰਤਨ ਕੀਤਾ ਗਿਆ ਹੈ। ਇਸ ਕਰਕੇ ਉਕਤ ਬਾਣੀ ਦਾ ਨਾਉਂ ' ਜਪੁਜੀ ਸਫ਼ਲ ਹੈ। ਪੰਡਿਤ ਕਰਤਾਰ ਸਿੰਘ ਦਾਖਾ ਨੇ ਪੁਰਾਣੀਆਂ ਲਿਖਤੀ ਬੀੜਾਂ ਦਾ ਹਵਾਲਾ ਦਿੱਤਾ ਹੈ। ਜਿਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਰਾਮ ਦਾਸ ਜੀ ਨੇ ਜਪੁ ਨਾਮ ਦੀ ਬਾਣੀ ਦਾ ਨਾਉਂ ' ਜਪੁ ਨੀਸਾਣੁ ' ਰੱਖ ਕੇ ਸਭ ਪਉੜੀਆਂ ਦਾ ਇਕ ਥਾਂ ਸੰਗ੍ਰਹਿ ਕੀਤਾ ਹੈ।

‘ ਜਪੁ ’ ਵਿਚ ਤਿੰਨ ਵਾਰੀ ' ਨੀਸਾਣੁ ' ਸ਼ਬਦ ਆਇਆ ਹੈ :

1 . ਗਾਵੈ ਕੋ ਦਾਤਿ ਜਾਣੈ ਨੀਸਾਣੁ ॥ ( 4 : 3 )

2 . ਅਮੁਲੁ ਬਖਸੀਸ ਅਮੁਲੁ ਨੀਸਾਣੁ ॥ ( 4 : 26 )

3. ਨਦਰੀ ਕਰਮਿ ਪਵੈ ਨੀਸਾਣੁ ॥ ( 4 : 34 )

ਇਥੇ ਇਸਦਾ ਭਾਵ ਪਰਵਾਨਗੀ ਦਾ ਚਿੰਨ ਨਿਕਲਦਾ ਹੈ ਅਰਥਾਤ ਇਸ ਬਾਣੀ ਦੇ ਅਭਿਲਾਸ਼ੀ ਨੂੰ ਪ੍ਰਭੂ ਮਿਹਰ ਸਦਕਾ ਪਰਵਾਨਗੀ ਦਾ ‘ ਨਿਸ਼ਾਨ ’ ਲਗ ਜਾਂਦਾ ਹੈ । ' ਜਪੁ ' ਨੂੰ ਗੁਰੂ ਗ੍ਰੰਥ ਸਾਹਿਬ ਦੇ ਮਸਤਕ ਦਾ ‘ਨੀਸਾਣੁ' ਕਿਹਾ ਜਾ ਸਕਦਾ ਹੈ ਜਿਸ ਨਾਲ ਇਹ ਪਵਿਤਰ ਗ੍ਰੰਥ ਸਸ਼ੋਭਤ ਹੈ । ‘ ਜਪੁ ’ ਨਾਲ ‘ ਜੀ ’ ਸ਼ਬਦ ਸਤਿਕਾਰ ਵਜੋਂ ਲਗਾਇਆ ਜਾਂਦਾ ਹੈ ।

**1.3 ਜਪੁਜੀ ਸਾਹਿਬ ਦੀ ਬਣਤਰ:-**

ਜਪੁਜੀ ਸਾਹਿਬ ਵਿਚ ਕੁੱਲ 38 ਪਉੜੀਆਂ ਅਤੇ 2 ਸਲੋਕ ਹਨ। ਜਪੁਜੀ ਸਾਹਿਬ ਵਿਚਾਰ ਪ੍ਰਧਾਨ ਰਚਨਾ ਹੈ। ਜਪੁਜੀ ਦੇ ਕੇਂਦਰ ਵਿਚ ਅਕਾਲ ਪੁਰਖ ਹੈ, ਜਿਸਦਾ ਰੂਪ ਜਪੁ ਬਾਣੀ ਦੇ ਮੁੱਢ ਮੂਲ ਮੰਤਰ ਵਿਚੋਂ ਰੂਪਮਾਨ ਹੋ ਰਿਹਾ ਹੈ:

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ
ਅਕਾਲ ਮੂਰਤਿ ਅਜੂਨੀ ਸੈਭੰ
ਗੁਰਪ੍ਰਸਾਦਿ॥

ਇਹ ਮੂਲ ਮੰਤਰ ਉਸ ਅਕਾਲ ਪੁਰਖ ਦੇ ਨਿਰਗੁਣ ਅਤੇ ਸਰਗੁਣ ਸਰੂਪ ਦਾ ਸੂਚਕ ਹੈ, ਨਾਮ ਦਾ ਪ੍ਰਕਾਸ਼ ਸੋਮਾ ਵੀ ਉਹ ਆਪ ਹੀ ਹੈ। ਜਪੁਜੀ ਸਾਹਿਬ ਵਿਚ ਅਕਾਲ ਪੁਰਖ ਦੀ ਸਰਵਉੱਚ ਸੱਤਾ ਤੋਂ ਬਿਨਾਂ ਉਸਦੇ ਹੁਕਮ ਨੂੰ ਸੁਣਨਾ ਮੰਨਣਾ ਨੂੰ ਵੱਖ-ਵੱਖ ਪਉੜੀਆਂ ਵਿਚ ਬਹੁਤ ਹੀ ਬਾਰੀਕ ਰੂਪ ਵਿਚ ਚਿਤਰਿਆ ਗਿਆ ਹੈ।

ਜਪੁਜੀ ਸਾਹਿਬ ਵਿਚ ਵਿਗਾਸ, ਨਾਮ ਸਿਮਰਨ, ਕੁਦਰਤ ਅਤੇ ਪੰਜ ਵੱਖ-ਵੱਖ ਖੰਡਾਂ ਦੀ ਵੀ ਗੱਲ ਕੀਤੀ ਗਈ ਹੈ ਜੋ ਕਿ ਵੱਖ-ਵੱਖ ਅਵਸਥਾਵਾਂ ਹਨ:- ਜਿਨ੍ਹਾਂ ਵਿਚ ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਅੰਤਿਮ ਅਵਸਥਾ ਸੱਚ ਖੰਡ ਹੈ ਜਿੱਥੇ ਜਾ ਕੇ ਮਨੁੱਖ ਪਰਮਾਤਮਾ ਨਾਲ ਇਕਮਿਕ ਹੋ ਜਾਂਦਾ ਹੈ।

**1.4 ਜਪੁ ਤੇ ਵਿਧੀ : -** ਇਤਿਹਾਸਕ ਪਰੰਪਰਾ ਅਨੁਸਾਰ ਕਿਸੇ ਵਿਸ਼ੇਸ਼ ਮੰਤਰ ਨੂੰ ਜੋ ਕਿਸੇ ਵਿਸ਼ੇਸ਼ ਨਿਯਮ ਅਧੀਨ ਉਚਾਰਣ ਕੀਤਾ ਜਾਵੇ , ' ਜਪੁ ' ਕਿਹਾ ਜਾਂਦਾ ਹੈ। ' ਜਪੁ ' ਤਿੰਨ ਪ੍ਰਕਾਰ ਦੇ ਮੰਨੇ ਗਏ ਹਨ। 1. ਵਾਚਕ ਜਪ , 2. ਉਪਾਂਸ਼ੂ ਜਪ ੩. ਮਾਨਸ ਜਪ

ਡੀ . ਐਸ . ਸ਼ਰਮਾ ਅਨੁਸਾਰ ਜਪ ਮੰਤਰ ਦਾ ਦੁਹਰਾ ਹੈ ........ ਅਤੇ ਮੰਤਰ ਕਿਸੇ ਵਿਸ਼ੇਸ਼ ਦੇਵਤੇ ਦੀ ਆਵਾਜ਼ ( Sound ) ਦਾ ਸਾਕਾਰ ਰੂਪ ਹੈ।

ਈਸ਼ਵਰ ਦੇ ਨਾਂ ਨੂੰ ਚੁਪ-ਚਾਪ ਉਚਾਰਣ ਨੂੰ ਜਪ ਅਤੇ ਉਚੀ ਉਚਾਰਣ ਨੂੰ ਕੀਰਤਨ ਕਿਹਾ ਜਾਂਦਾ ਹੈ। ਭਾਰਤੀ ਧਰਮਾਂ ਵਿਚ ਸਮੁੱਚੇ ਰੂਪ ਵਿਚ ' ਓਮ ' ਦਾ ਜਾਪ ਪਰਵਾਣਿਆ ਗਿਆ ਹੈ। ਗੀਤਾ ਦੇ ਸ਼ਲੋਕ ਨੰ : ੮.੧੩ ਵਿਚ ਕ੍ਰਿਸ਼ਨ ਜੀ ਨੇ ਕਿਹਾ ਹੈ : - ਜਿਹੜਾ ' ਓਮ ' ਅਖਰ ਰੂਪ ਪਰਮਾਤਮਾ ਨੂੰ ਜਪਦਾ ਹੈ ...... ਉਹ ਪਰਮਗਤੀ ਨੂੰ ਪ੍ਰਾਪਤ ਹੁੰਦਾ ਹੈ। ਸਵਾਮੀ ਰਾਮਦਾਸ ਅਨੁਸਾਰ ਤੋਤੇ ਵਾਂਗ ਰੱਬੀ ਜਾਪ ਦਾ ਕੋਈ ਲਾਭ ਨਹੀਂ। ਜਾਪ ਨਾਲ ਰੱਬੀ ਨਸ਼ਾ ਆ ਜਾਣਾ ਚਾਹੀਦਾ ਹੈ ਅਤੇ ਉਸੇ ਰੱਬੀ ਨਸ਼ੇ ਨਾਲ ਰੱਬੀ ਚੇਤਨਾ ਅਤੇ ਫਿਰ ਇਸ ਤਰ੍ਹਾਂ ਲਗੇ ਕਿ ਤੁਸੀਂ ਤੇ ' ਉਹ ' ਇਕੋ ਹੀ ਹੈ ਅਤੇ ਉਸ ਪਿਛੋਂ ਉਸ ਰੱਬ ਨੂੰ ਹਰ ਸਮੇਂ ਹਾਜ਼ਰ ਸਮਝਣ ਲਗ ਜਾਈਦਾ ਹੈ। ਜਪੁ ਦਾ ਇਹੋ ਪ੍ਰਯੋਜਨ ਹੈ ਜਿਸ ਨਾਲ ਤਵੱਜੋ ਮੁੜ ਮੁੜ ਜਪੇ ਜਾਣ ਵਲ ਮੋੜਾ ਖਾਵੇ।

ਭਾਈ ਜੋਧ ਸਿੰਘ ਅਨੁਸਾਰ , ਜਪੁ ਦਾ ਭਾਵ ਹੈ , ਜੀਭ ਦੁਆਰਾ ਵਾਰ-ਵਾਰ ਉਚਾਰਨਾ। ਪਰੰਤੂ ਇਹ ਰਟਨ ਫਿਰ ਸਿਮਰਨ ਵਿਚ ਜਾ ਟਿਕਦਾ ਹੈ ਤੇ ਨਿਰੰਕਾਰ ਦੀ ਹੋਂਦ ਦਾ ਖਿਆਲ ਹਰ ਵੇਲੇ ਹਿਰਦੇ ਵਿਚ ਕਾਇਮ ਰਹਿੰਦਾ ਹੈ। ਸੋ ਇਸ ਮਹਾਨ ਰਚਨਾ ਵਾਂਗ ' ਜਪੁ ' ਸਿਰਲੇਖ ਵੀ ਆਪਣੇ ਆਪ ਵਿਚ ਮਹਾਨ ਕ੍ਰਿਤੀ ਹੈ। ਗੁਰੂ ਨਾਨਕ ਸਾਹਿਬ ਦਾ 'ਜਪੁ' ਤੋਂ ਭਾਵ ਕਿਸੇ ਦੇਵੀ ਦੇਵਤੇ ਦੀ ਉਪਾਸ਼ਨਾ ਜਾਂ ਕਿਸੇ ਮੰਤਰ ਦੇ ਸਿਮਰਨ ਤੋਂ ਨਹੀਂ ਸਗੋਂ ' ੧ਓ ' ਦੇ ਸਿਮਰਨ ਤੋਂ ਹੈ , ਜੋ ' ਕਰਤਾ ਪੁਰਖ ' ਅਤੇ ' ਅਕਾਲ ਮੂਰਤਿ ' ਹੈ। ' ਜਪੁ ' ਤੋਂ ਭਾਵ ਸਮੂਹ ਤੰਤਰਾਂ ਮੰਤਰਾਂ ਅਤੇ ਜੰਤਰਾਂ ਨੂੰ ਝੁਠਲਾ ਕੇ ਸੱਚੇ ਪ੍ਰਭੂ ਦੇ ਗੁਣਾਂ ਦਾ ਜਾਪ ਕਰਨਾ ਹੈ। ਸੋ ' ਜਪੁ ' ਸਿਰਲੇਖ ਵਿਚ ਸਾਰੀ ਰਚਨਾ ਦਾ ਸਾਰ ਹੈ।

' ਜਪੁ ' ਅੰਮ੍ਰਿਤ ਵੇਲੇ ਪਰਮਸਤਿ ਦਾ ਜਸ ਗਾਇਨ ਕਰਨ ਦੀ ਬਾਣੀ ਹੈ। ਹੁਣ ਤਕ ਇਸ ਅਮਰ ਬਾਣੀ ਦੇ ਪੰਜਾਬੀ , ਹਿੰਦੀ , ਸੰਸਕ੍ਰਿਤ , ਉਰਦੂ , ਫ਼ਾਰਸੀ , ਬੰਗਾਲੀ , ਮਰਾਠੀ ਆਦਿ ਬੋਲੀਆਂ ਵਿਚ ਬਹੁਤ ਸਾਰੇ ਟੀਕੇ ਅਨੁਵਾਦ ਅਤੇ ਸ਼ਬਦਾਰਥ ਹੋ ਚੁਕੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸਾਰੀਆਂ ਬਾਣੀਆਂ ਨਾਲੋਂ ' ਜਪੁਜੀ

ਸਾਹਿਬ ' ਦਾ ਸਭ ਤੋਂ ਵਧੇਰੇ ਪਾਠ ਅਤੇ ਪ੍ਰਚਾਰ ਕੀਤਾ ਜਾਂਦਾ ਹੈ। ਇਹ ਸਿੱਖ ਧਰਮ ਦੇ ਨਿਤਨੇਮ ਦੀ ਮਹਾਨ ਤੇ ਪ੍ਰਸਿੱਧ ਬਾਣੀ ਹੈ। ਇਸ ਵਿਚ ਸਿਖ ਧਰਮ ਦੇ ਸਿਧਾਂਤ ਮੋਤੀਆਂ ਵਾਂਗ ਪਰੋਏ ਹੋਏ ਹਨ।

**1.5 ਸਾਰ**

ਸੋ ' ਜਪੁਜੀ ਸਾਹਿਬ ' ਵਿਚਲੇ ਦਰਸ਼ਨ ਭਰਪੂਰ ਵਿਚਾਰ , ਮਹਾਨ ਹਨ। ਗੁਰੂ ਨਾਨਕ ਸਾਹਿਬ ਦੀ ਇਹ ਕ੍ਰਿਤ ਸਰਵੋਤਮ ਅਤੇ ਆਪਦੀ ਇਲਾਹੀ ਦੇਣ ਹੈ। ਆਤਮਿਕ ਖੋਜੀਆਂ ਅਤੇ ਪਰਮਾਰਥ ਦੇ ਜਗਿਆਸੂਆਂ ਲਈ ਇਹ ਇਕ ਚਾਨਣ ਮੁਨਾਰਾ ਹੈ। ਇਸਦੀ ਸ਼ੈਲੀ ਗਠਵੀਂ ਅਤੇ ਸੰਕੋਚਵੀਂ , ਵਿਚਾਰ ਡੂੰਘੇ , ਗੰਭੀਰ ਤੇ ਸੂਖਮ ਹਨ। ਧਰਮ ਦੇ ਰਾਹੀਆਂ ਨੂੰ ਸੱਚਾ ਮਾਰਗ ਦਰਸਾਉਣ ਲਈ ਇਹ ਮਹਾਨ ਕ੍ਰਿਤ ਯੋਗ ਅਗਵਾਈ ਦਾ ਕੰਮ ਦਿੰਦੀ ਹੈ। ਇਸਦਾ ਵਿਸ਼ਾ ਸਚਿਆਰ ਦੇ ਨਿਰਾਕਾਰ ਰਹੱਸਾਂ ਵਿੱਚ ਹੀ ਅਨਿੱਖੜ੍ਹ ਰੂਪ ਵਿਚ ਸੰਮਲਿਤ ਹੈ। ਇਸ ਤਰ੍ਹਾਂ ਇਹ ਅਮਰ ਰਚਨਾ ਸਾਰੀਆਂ ਅਧਿਆਤਮਕ ਰਚਨਾਵਾਂ ਦੇ ਮੁਕਾਬਲੇ ਮਹਾਨ ਅਤੇ ਹਰਮਨ ਪਿਆਰੀ ਰਚਨਾ ਹੈ।

**ਪੜ੍ਹਣਯੋਗ ਪੁਸਤਕਾਂ**


- ਡਾ. ਜਸਵਿੰਦਰ ਕੌਰ ਢਿੱਲੋਂ (ਸੰਪਾ.), ਜਪੁ ਜੀ ਬਹੁਪੱਖੀ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
- ਡਾ. ਤਾਰਨ ਸਿੰਘ, ਜਪੁ: ਦਰਸ਼ਨ ਦੀਦਾਰ, ਫਕੀਰ ਸਿੰਘ ਐਂਡ ਸਨਜ਼, ਘੰਟਾ ਘਰ, ਅੰਮ੍ਰਿਤਸਰ
- ਦਲੀਪ ਸਿੰਘ ਦੀਪ, ਜਪੁਜੀ ਇੱਕ ਤੁਲਨਾਤਮਕ ਅਧਿਐਨ, ਪੰਜਾਬੀ ਬੁੱਕ ਸਟੋਰ , ਨਵੀਂ ਦਿੱਲੀ , 1969
- ਰਾਮ ਸਿੰਘ,*ਜਪੁਜੀ ਦੇ ਪੰਜ ਖੰਡਾਂ ਦਾ ਬਹੁ ਪੱਖੀ ਅਧਿਐਨ*, ਗੁਰੂ ਨਾਨਕ ਦੇਵ ਯੂਨੀਵਰਸਿਟੀ , ਅੰਮ੍ਰਿਤਸਰ , 1994
- Shamsher Singh Puri, The Essence of Japji, Singh Brothers, Amritsar.


**ਅਭਿਆਸ ਲਈ ਪ੍ਰਸ਼ਨ**

ਵੱਡੇ ਪ੍ਰਸ਼ਨ

1. ਜਪੁਜੀ ਸਾਹਿਬ ਦੀ ਬਣਤਰ ਤੇ ਨੋਟ ਲਿਖੋ।
2. ਜਪੁਜੀ ਸਾਹਿਬ ਦੇ ਰਚਨਕਾਲ ਬਾਰੇ ਤੁਸੀਂ ਕੀ ਜਾਣਦੇ ਹੋ? ਇਹ ਰਚਨਾ ਕਿਸ ਗੁਰੂ ਸਾਹਿਬਾਨ ਦੀ ਹੈ?
3. ਜਪੁ ਅਤੇ ਵਿਧੀ ਦਾ ਵਿਸਥਾਰ ਸਹਿਤ ਵਰਣਨ ਕਰੋ।
4. ਜਪੁਜੀ ਸਾਹਿਬ ਦਾ ਕੀ ਸਾਰ ਹੈ?

ਛੋਟੇ ਪ੍ਰਸ਼ਨ

5. ਜਪੁਜੀ ਸਾਹਿਬ ਦੇ ਸਿਰਲੇਖ ਬਾਰੇ ਤੁਸੀਂ ਕੀ ਜਾਣਦੇ ਹੋ?
6. ਜਪੁਜੀ ਸਾਹਿਬ ਦੀਆਂ ਕੁੱਲ ਕਿੰਨੀਆਂ ਪਉੜੀਆਂ ਹਨ?
7. ਮੂਲ ਮੰਤਰ

# ਯੂਨਿਟ-3 ਵੇਦ: ਮੁੱਢਲੀ ਜਾਣ-ਪਛਾਣ


3.0ਉਦੇਸ਼

3.1 ਜਾਣ-ਪਛਾਣ

3.2 ਵੇਦਾਂ ਦਾ ਸਵਰੂਪ-ਨਿਧਾਰਣ

3.3 ਵੇਦ ਸਾਹਿਤਕ ਰਚਨਾ ਤੇ ਸੰਰਚਨਾ

**3.4** ਵੇਦਾਂ ਦੀ ਵਿਆਖਿਆ

**3.4.1** ਰਿਗਵੇਦ

3.4.2 ਯਜੁਰਵੇਦ

3.4.3 ਸਾਮਵੇਦ

3.4.4 ਅਥਰਵਵੇਦ

3.5 ਸਾਰ

3.6 ਪੜ੍ਹਣਯੋਗ ਪੁਸਤਕਾਂ

3.7 ਅਭਿਆਸ ਲਈ ਪ੍ਰਸ਼ਨ


**3.0 ਉਦੇਸ਼**

ਹੱਥਲੀ ਯੂਨਿਟ ਦਾ ਸੰਬੰਧ ਵੇਦਾਂ ਦੀ ਮੁੱਢਲੀ ਜਾਣ-ਪਛਾਣ ਨਾਲ ਹੈ। ਵੇਦ ਹਿੰਦੂ ਧਰਮ ਦੇ ਸਭ ਤੋਂ ਪੁਰਾਤਨ ਗ੍ਰੰਥਾਂ ਵਿਚੋਂ ਇਕ ਹਨ। ਜਿੰਨਾਂ ਦੀ ਗਿਣਤੀ ਚਾਰ ਹੈ ਅਤੇ ਇਸ ਬਾਬਤ ਵਿਦਿਆਰਥੀਆਂ ਨੂੰ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ।

**3.1 ਜਾਣ ਪਛਾਣ**

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ ਅਤੇ ਉਸਦੀ ਸਦਾ ਤੋਂ ਹੀ ਇਹੀ ਇੱਛਾ ਰਹੀ ਹੈ ਕਿ ਬੁਰਾਈਆਂ, ਪਾਪ ਅਤੇ ਅਧਰਮ ਉਸਦੇ ਨਜ਼ਦੀਕ ਨਾ ਆਉਣ ਅਤੇ ਉਹ ਸਦਾ ਸੱਚ, ਨਿਆਂ ਅਤੇ ਨੈਤਿਕਤਾ ਦੇ ਮਾਰਗ" ਤੇ ਚਲ ਕੇ ਆਪਣੇ ਜੀਵਨ ਨੂੰ ਸਾਰਥਕਤਾ ਪ੍ਰਦਾਨ ਕਰ ਸਕੇ। ਉਹ ਸਦਾ ਹੀ ਆਤਿਮਕ ਮੁਕਤੀ ਅਤੇ ਭੌਤਿਕ ਪਦਾਰਥਾਂ ਦੀ ਇੱਛਾ ਦੇ ਆਪਾ੍ਵਿਰੋਧੀ ਮੰਸ਼ਿਆਂ ਵਿਚਕਾਰ ਝੂਲਦਾ ਇਕ ਸ਼ਾਂਤੀਪੂਰਨ ਸੰਤੁਲਨ ਦਾ ਅਭਿਲਾਸ਼ੀ ਰਿਹਾ ਹੈ। ਗਿਆਨ ਨੇ ਉਸ ਨੂੰ ਧਰਮ ਦੀ ਸਮਝ ਅਤੇ ਆਤਿਮਕ ਵਿਕਾਸ ਦੀ ਸੋਝੀ ਪ੍ਰਦਾਨ ਕੀਤੀ ਅਤੇ ਵਿਗਿਆਨ ਨੇ ਉਸਨੂੰ ਭੌਤਿਕ ਸੁੱਖਾਂ ਵੱਲ ਚਿਤ ਕੀਤਾ। ਇਹ ਭੌਤਿਕਵਾਦ ਜਿੰਨਾ ਪਸਰਿਆ, ਉਨਾ ਹੀ ਮਨੁੱਖ ਨੂੰ ਇਹ ਯਾਦ ਹੀ ਨਾਰਿਹਾਕਿ ਉਹ ਕੌਣ ਹੈ, ਸ੍ਰਿਸ਼ਟੀ ਕੀ ਹੈ, ਸ੍ਰਿਸ਼ਟੀ ਕਰਤਾ ਕੌਣ ਹੈ ਅਤੇ ਉਸਦੇ ਨਾਲ ਉਸਦਾ ਕੀ ਸਬੰਧ ਹੈ਼ੈ ਅੱਜ ਜਦੋਂ ਉਹ ਆਪਣੇ ਆਪ ਨੂੰ ਕੇਵਲ ਇਕ ਭੌਤਿਕ ਇਕਾਈ ਵਜੋਂ ਵੇਖਣ ਦਾ ਆਦੀ ਹੋ ਚੁੱਕਾ ਹੈ ਤਾਂ ਉਸ ਦੀ ਦ੍ਰਿਸ਼ਟੀ ਸਰੀਰ ਅਤੇ ਸਰੀਰਕ ਸੁੱਖਾਂ ਦੇ ਸਾਧਨਾਂ ਤੋਂ ਉਪਰ ਹੀ ਨਹੀਂ ਜਾਂਦੀ। ਇਸਦਾ ਪਰਿਣਾਮ ਅਸ਼ਾਂਤੀ, ਕਲੇਸ਼, ਤਣਾਅ, ਵੈਰ, ਵਿਰੋਧ, ਈਰਖਾ ਅਤੇ ਨਫਰਤ ਦੇ ਰੂਪ ਵਿਚ ਸਾਡੇ ਸਾਹਮਣੇ ਦਿਖਾਈ ਦੇ ਰਿਹਾ ਹੈ।

ਸਾਡੀ ਉਹ ਦ੍ਰਿਸ਼ਟੀ ਗਵਾਚ ਗਈ ਹੈ ਜੋ ਸੰਪੂਰਨ ਵਿਸ਼ਵ ਨੂੰ ਇਕ ਪਰਿਵਾਰ ਮੰਨਦੇ ਹੋਏ ਸਰਬੱਤ ਦੇ ਭਲੇ ਦੀ ਤਾਂਘ ਬਣਦੀ ਹੈ। ਇਹ ਉਹ ਦ੍ਰਿਸ਼ਟੀ ਹੈ, ਜੋ ਸਾਡੇ ਪੂਰਵਜਾਂ ਨੇ ਸਦੀਆਂ ਪਹਿਲਾਂ ਪ੍ਰਾਪਤ ਕੀਤੀ। ਇਹ ਦਿਬ੍ਰਿਸ਼ਟੀ ਹੈ ਅਤੇ ਸਾਡੇ ਰਿਸ਼ੀਆਂ ਨੇ ਇਸ ਨੂੰ ਵੇਦ ਦੇ ਰੂਪ ਵਿਚ ਖ਼ੁਦ ਪਰਮੇਸ਼ਵਰ ਤੋਂ ਹਾਸਲ ਕੀਤਾ ਸੀ। ਅੱਜ ਅਸੀਂ ਇਹ ਤਾਂ ਜਾਣਦੇ ਹਾਂ ਵੇਦ ਪਿਵੱਤਰ ਈਸ਼ਵਰੀ ਬਾਣੀ ਹੈ ਪਰੰਤੂ ਇਸਦਾ ਵਿਸ਼ਾ ਵਸਤੂ ਅਤੇ ਮਹੱਤਵ ਸਾਡੇ ਧਿਆਨ ਵਿਚ ਨਹੀਂ ਰਿਹਾ। ਇਹ ਸਿਰਫ ਹਿੰਦੂ ਧਰਮ ਦੇ ਧਾਰਿਮਕ ਕਰਮਕਾਂਡਾਂ, ਉਪਾਸਨਾ ਅਤੇ ਹਵਨ ਤੱਕ ਹੀ ਸੀਮਤ ਨਹੀਂ ਸਗੋਂ ਇਨ੍ਹਾਂ ਨਾਲ ਸੰਪੂਰਨ ਜੀਵਨ ਵਿਸ਼ਵਵਿਆਪੀ ਤੌਰ "ਤੇ ਓਤ੍ਪੋਤ ਹੈ। ਜੀਵਨ ਅਤੇ ਜਗਤ ਦਾ ਕੋਈ ਅਜਿਹਾ ਪੱਖ ਨਹੀਂ ਹੈ, ਜਿਸਦੇ ਬਾਰੇ ਸਾਵਧਾਨੀ ਅਤੇ ਸੂਖਮਤਾ ਨਾਲ ਵੇਦ੍ਸਾਹਿਤ ਵਿਚ ਵਿਚਾਰ ਨਾਲ ਕੀਤਾਗਿਆ ਹੋਵੇ। ਹਰ ਮਸਲੇ ਦਾ ਅੰਤਮ ਪ੍ਰਮਾਣ ਵੇਦ ਹੀ ਸਵੀਕਾਰ ਕੀਤਾ ਜਾਂਦਾ ਹੈ।

ਵੇਦ ਈਸ਼ਵਰੀਯ ਗਿਆਨ ਹੈ। ਇਹ ਅਜਿਹੀ ਦੈਵੀ ਬਾਣੀ ਹੈ ਜਿਸਨੂੰ ਦੇਸ਼, ਕਾਲ ਇਤਿਹਾਸ ਆਦਿ ਸੀਮਾਵਾਂ ਵਿਚ ਬੰਨ੍ਹਿਆ ਨਹੀਂ ਜਾ ਸਕਦਾ। ਸਰਬਤ ਦੇ ਕਿਲਆਣ ਦਾ ਨਿਰਦੇਸ਼ਨ ਕਰਨ ਵਾਲੇ ਵੇਦ ਦਾ ਸੰਸਾਰ ਦੇ ਸਭ ਤੋਂ ਪ੍ਰਾਚੀਨ ਗ੍ਰੰਥਾਂ ਦੇ ਰੂਪ ਵਿਚ ਮਾਣ ਅਤੇ ਸਤਿਕਾਰ ਹੈ ਜਿਸਦੇ ਪ੍ਰਤੀ ਸੰਸਾਰ ਦੇ ਸਾਰੇ ਵਿਦਵਾਨ ਇਕਮਤ ਨਤਮਸਤਕ ਹਨ। ਵੇਦ ਨੂੰ ਕੇਵਲ ਧਾਰਿਮਕ ਗ੍ਰੰਥ ਮੰਨਣਾਇਸਦੇ ਪ੍ਰਭਾਵ ਨੂੰ ਸੀਮਤ ਕਰਕੇ ਵੇਖਣਾ ਹੋਵੇਗਾ। ਵੇਦ ਅਜਿਹਾ ਅਮੋਲਕਵਿਰਸਾ ਹਨ, ਜਿਸਨੇ ਮਨੁੱਖ ਜਾਤੀ ਦੇ ਇਤਿਹਾਸ, ਸਿਭਅਤਾ, ਰਹਿਣੀ-ਬਹਿਣੀ, ਕਲਾ, ਸੰਗੀਤ, ਸਾਹਿਤ, ਵਿਗਿਆਨ ਆਦਿ ਨੂੰ ਪ੍ਰੇਰਿਤ ਅਤੇ ਪ੍ਰਭਾਵਿਤ ਕੀਤਾ।

### 3.2 ਵੇਦਾਂ ਦਾ ਸਵਰੂਪ-ਨਿਧਾਰਣ

"ਵੇਦ" ਸ਼ਬਦ ਸੰਸਿਕ੍ਰਤ ਦੀ "ਵਿਦ" ਧਾਤੂ ਤੋਂ ਹੋਂਦ ਵਿਚ ਆਇਆ ਹੈ। "ਵੇਦ" ਦਾ ਸ਼ਾਬਿਦਕ ਅਰਥ ਗਿਆਨ ਹੈ। ਇਸ ਅਰਥ ਨੂੰ ਆਧਾਰ ਬਣਾ ਕੇ ਚੱਲਿਆ ਜਾਏ ਤਾਂ ਪ੍ਰਾਚੀਨ ਸਮੇ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਦਾ ਜੋ ਵੀ ਉਪਲੱਬਧ ਗਿਆਨ ਹੈ, ਉਹ ਇਸ ਵਿਚ ਸ਼ਾਮਿਲ ਹੋ ਜਾਏਗਾ। ਭਾਵੇਂ "ਵੇਦ" ਸ਼ਬਦ ਨੂੰ ਇੰਨੇ ਵਿਆਪਕ ਅਰਥਾਂ ਵਿਚ ਪ੍ਰੀਭਾਸ਼ਿਤ ਕਰਨਾ ਉਚਿਤ ਨਹੀਂ ਹੋਵੇਗਾ ਪਰੰਤੂ ਭਾਰਤੀ ਸੰਸਿਕ੍ਰਤੀ ਦਾ ਆਧਾਰ ਹਜ਼ਾਰਾਂ ਸਾਲਾਂ ਤੋਂ ਵੇਦ ਹੀ ਰਹੇ ਹਨ। …"ਵੇਦ" ਸ਼ਬਦ ਤੋਂ ਹੀ "ਵਿਦਿਆ" ਸ਼ਬਦ ਬਿਣਆ ਹੈ। ਵੇਦ ਗਿਆਨ ਦਾ ਸਰੋਤ ਅਤੇ ਗਿਆਨ ਦਾ ਸਰੂਪ ਹਨ। ਭਾਰਤੀ ਗਿਆਨ੍ਪਰੰਪਰਾ ਵੇਦਾਂ ਬਗੈਰ ਅਧੂਰੀ ਹੈ।

ਭਿੰਨ ਭਿੰਨ ਪ੍ਰਾਚੀਨ ਅਤੇ ਆਧੁਨਿਕ ਵਿਦਵਾਨਾਂ ਨੇ ਵੇਦ ਦੀ ਪਰਿਭਾਸ਼ਾ ਦੇ ਪ੍ਰਯਾਸ ਕੀਤੇ ਹਨ। ਵੇਦ ਦੇ ਸਬੰਧ ਵਿਚ ਇਨ੍ਹਾਂ ਦੀਆਂ ਪਰਿਭਾਸ਼ਾਵਾਂ ਤੋਂ ਪਹਿਲਾਂ ਇਹ ਜਾਣ ਲੈਣਾ ਆਵੱਸ਼ਕ ਹੈ ਕਿ "ਵੇਦ" ਦੇ ਅਨੇਕਾਂ ਸਮਾਨਾਰਥੀ ਸ਼ਬਦ ਪ੍ਰਾਪਤ ਹੁੰਦੇ ਹਨ੍ਮੰਤਰ, ਆਗਮ, ਨਿਗਮ, ਸ਼ਰੁਤੀ, ਬ੍ਰਹਮ ਆਦਿ। "ਸ਼ਰੁਤੀ" ਅਤੇ "ਵੇਦ" ਨਾਂ ਹੀ ਜ਼ਿਆਦਾ ਪ੍ਰਚਿਲਤ ਹਨ। "ਸ਼ਰੁਤੀ" ਤੋ ਭਾਵ ਹੈ੍ "ਜੋ ਸੁਣੇ ਜਾਂਦੇ ਹਨ। " ਵੇਦਾਂ ਨੂੰ ਸ਼ਰੁਤੀ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਰਿਸ਼ੀਆਂ ਨੇ ਈਸ਼ਵਰ ਤੋਂ ਵੇਦ ਮੰਤਰਾਂ ਦਾ ਸਰਵਣ ਕੀਤਾ। ਇਹ ਮੌਖਿਕ ਪਰੰਪਰਾ ਰਾਹੀਂ ਗੁਰੂ ਤੋਸ਼ਿਸ਼ ਤੱਕ ਪਹੁੰਚਦੇ ਰਹੇ ਹਨ ਅਤੇ ਸ਼ਿਸ਼ ਇਸ ਦੈਵੀ ਬਾਣੀ ਦੇ ਉਚਾਰਣ, ਲੈਅ ਆਦਿ ਦਾ ਵਿਸ਼ੇਸ਼ ਧਿਆਨ ਰੱਖਦਾ ਸੀ, ਤਾਂ ਜੋ ਮੰਤਰਾਂ ਦੀ ਪਿਵੱਤਰਤਾ ਕਾਇਮ ਰਹੇ ਅਤੇ ਇਨ੍ਹਾਂ ਦਾ ਸਰਵਣ ਗਿਆਨ ਅਤੇ ਆਨੰਦ ਪ੍ਰਦਾਨ ਕਰ ਸਕੇ।

ਵੇਦ ਦੇ ਸਬੰਧ ਵਿਚ ਸਭ ਤੋਂ ਪਹਿਲਾ ਸਾਯਣਾਚਾਰੀਆ ਵੱਲੋਂ ਵਿਚਾਰ ਅਤੇ ਵਿਆਖਿਆ ਪ੍ਰਸਤੁਤ ਕੀਤੇ ਗਏ। ਉਨ੍ਹਾਂ ਨੇ ਵੇਦਾਂ ਨੂੰ ਪ੍ਰੀਭਾਸ਼ਿਤ ਕਰਦੇ ਹੋਏ ਇਨ੍ਹਾਂ ਨੂੰ ਆਪਣੇ ਇੱਛਤ ਦੀ ਪ੍ਰਾਪਤੀ ਅਤੇ ਅਣਇੱਛਤ ਤੋਂ ਮੁਕਤੀ ਦਾ ਅਲੌਕਿਕ ਉਪਾਅ ਦੱਸਿਆ ਹੈ। ਉਨ੍ਹਾਂ ਦੇ ਮਤ ਅਨੁਸਾਰ, ਿਜਸ ਤਰ੍ਹਾਂ ਦੁਨੀਆਵੀ ਪਦਾਰਥਾਂ ਨੂੰ ਵੇਖਣ ਲਈ ਭੌਤਿਕ ਨੇਤਰਾਂ ਦੀ

ਆਵੱਸ਼ਕਤਾ ਹੁੰਦੀ ਹੈ, ਉਸੇ ਤਰ੍ਹਾਂ ਜੇਕਰ ਅਸੀਂ ਅਲੌਕਿਕ ਤੱਤ੍ਗਿਆਨ ਪ੍ਰਾਪਤ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਇਹ ਦ੍ਰਿਸ਼ਟੀ ਪਿਵੱਤਰ ਵੇਦ ਹੀ ਪ੍ਰਦਾਨ ਕਰ ਸਕਦੇ ਹਨ।

ਸਵਾਮੀ ਦਯਾਨੰਦ ਨੇ ਵੇਦ ਨੂੰ ਸਭ ਸੱਤਵਿੱਦਿਆਵਾਂ ਦੀ ਪੁਸਤਕ ਸਵੀਕਾਰ ਕੀਤਾ ਹੈ। ਃਵੇਦ ਉਹ ਹਨ, ਜਿਨ੍ਹਾਂ ਦੇ ਰਾਹੀਂ ਸਭ ਮਨੁੱਖ ਸਭ ਸੱਤ ਵਿਦਿਆਵਾਂ ਨੂੰ ਜਾਣਦੇ ਹਨ, ਪ੍ਰਾਪਤ ਕਰਦੇ ਹਨ, ਉਨ੍ਹਾਂ ”ਤੇ ਵਿਚਾਰ ਕਰਦੇ ਹਨ ... ਅਤੇ ਉਨ੍ਹਾਂ ਨੂੰ ਸਿੱਖ ਕੇ ਸਭ ਮਨੁੱਖਵਿਦਵਾਨ ਹੋ ਜਾਂਦੇ ਹਨ। ਮਨੂੰ ਸਿਮ੍ਰਤੀ ਦੇ ਰਚਨਾਕਰ ਮਨੂੰ ਰਿਸ਼ੀ ਵੇਦ ਨੂੰ ਸਭ ਪ੍ਰਕਾਰ ਦੇ ਗਿਆਨ ਦਾ ਭੰਡਾਰ ਮੰਨਦੇ ਹਨ।

ਓਲਡਨਬਰਗ ਦਾ ਮਤ ਹੈ ਕਿ ਵੇਦ ਭਾਰਤੀ ਸਾਹਿਤ ਅਤੇ ਧਰਮ ਦੇ ਦਸਤਾਵੇਜ਼ ਹਨ।ਮੈਕਸਮੂਲਰ ਕਿਹੰਦਾ ਹੈ ਕਿ ਜੇਕਰ ਮੈਂ ਵਿਸ਼ਵ ਭਰ ਵਿਚ ਉਸ ਦੇਸ਼ ਦੀ ਖੋਜ ਵਿਚ ਚਾਰੇ ਪਾਸੇ ਆਪਣੀਆਂ ਅੱਖਾਂ ਉਠਾ ਕੇ ਵੇਖਾਂ, ਜਿਸ ”ਤੇ ਕੁਦਰਤ ਨੇ ਆਪਣਾ ਸਾਰਾ ਵੈਭਵ, ਆਪਣੀ ਵੀਰਤਾ ਅਤੇ ਸੁੰਦਰਤਾ ਖੁੱਲ੍ਹੇ ਹੱਥੀਂ ਲੁਟਾ ਕੇ ਉਸ ਨੂੰ ਧਰਤੀ ਦਾ ਸਵਰਗ ਬਣਾਦਿੱਤਾ ਹੈ, ਤਾਂ ਮੇਰੀ ਉਂਗਲੀ ਭਾਰਤ ਵੱਲ ਵਧੇਗੀ। ਭਾਰਤ ਨੂੰ ਵਿਰਸੇ ਵਿਚ ਵੇਦ ਦੇ ਰੂਪ ”ਚ ਅਮੋਲਕ ਦਾਤ ਪ੍ਰਾਪਤ ਹੈ"।

ਇਸ ਪ੍ਰਕਾਰ ਵੇਦਾਂ ਨਾਲ ਸਾਡਾ ਸੰਪੂਰਨ ਜੀਵਨ ਓਤਪੋਤ ਹੈ। ਦੇਵਿਤਆਂ ਦੀ ਪੂਜਾ ਅਤੇ ਉਸਤਿਤ ਤੋਂ ਬਿਨਾਂ ਜੀਵਨ ਦੇ ਅਮੋਲਕਗਿਆਨ ਨਾਲ ਸਾਡੀਆਂ ਸ਼ਕਤੀਆਂ ਨੂੰ ਜਗਾ ਕੇ ਆਤਮਾ ਵਿਚ ਦੈਵੀ ਸੰਸਕਾਰ ਪੈਦਾ ਕਰਨ ਵਾਲਾ ਸਾਹਿਤ ਹੀ ਵੇਦ ਹੈ। ਜੀਵਨ ਨੂੰ ਸੁਖੀ, ਸਿਹਤਮੰਦ ਅਤੇ ਸਾਰਥਕ ਬਣਾਉਣ ਵਾਲੀ ਇਹ ਦੈਵੀ ਬਾਣੀ ਦਾਵਿਸ਼ਾ੍ਵਸਤੂ ਹੀ ਇਸਦੀ ਸਹੀ ਪਰਿਭਾਸ਼ਾ ਕਰ ਪਾਉਣ ਦੇ ਸਮੱਰਥ ਹੈ ਅਤੇ ਇਹ ਗੰਭੀਰ ਅਧਿਐਨ ਦੀ ਮੰਗ ਕਰਦਾ ਹੈ।

ਵੇਦਾਂ ਦਾ ਅਰੰਭਸ ਜਦੋਂ ਕਿਸੇ ਗ੍ਰੰਥ ਦੇ ਸੰਬੰਧ ਵਿਚ ਵਿਚਾਰ ਕੀਤਾ ਜਾਂਦਾ ਹੈ ਤਾਂ ਉਸ ਗ੍ਰੰਥ ਦੇ ਰਚਨਾਕਾਰ ਬਾਰੇ ਪ੍ਰਸ਼ਨ ਉਤਪੰਨ ਹੋਣਾ ਸੁਭਾਵਕ ਹੈ। ਵੇਦ੍ਰਚਨਾ ਦੇ ਸੰਬੰਧ ਵਿਚ ਭਾਰਤੀ ਅਤੇ ਪੱਛਮੀ ਵਿਦਵਾਨਾਂ ਦੇ ਮਤ ਉਪਲੱਬਧ ਹਨ। ਇਨ੍ਹਾਂ ਨੂੰ ਤਿੰਨ ਵਰਗਾਂ ਵਿਚ ਵੰਡਿਆਗਿਆ ਹੈ। ਪਹਿਲੇ ਵਰਗ ਵਿਚ ਸ਼ਾਮਿਲ ਵਿਦਵਾਨ ਪਿਵੱਤਰ ਵੇਦਾਂ ਨੂੰ ਆਪ ਹੀ ਉਤਪੰਨ ਹੋਣ ਵਾਲੇ ਮੰਨਦੇ ਹਨ। ਦੂਜੇ ਵਰਗ ਵਿਚ ਵੇਦ ਨੂੰ ਅਧੌਰੁਸ਼ਯ" ਮੰਨਦੇ ਹੋਏ ਇਸਨੂੰ ਈਸ਼ਵਰ ਦੀ ਰਚਨਾ ਕਿਹਾ ਜਾਂਦਾ ਹੈ। ਤੀਜਾ ਵਰਗ ਉਨ੍ਹਾਂ ਚਿੰਤਕਾ ਦਾ ਹੈ, ਜਿਨ੍ਹਾਂ ਅਨੁਸਾਰ ਵੇਦਾਂ ਦੇ ਰਚਨਾਕਰ ਪ੍ਰਾਚੀਨ ਭਾਰਤੀ ਰਿਸ਼ੀ ਸਨ।

ਸਵੈ- ਉਤਪੱਤੀ ਦਾ ਸਿਧਾਂਤਸ ਭਾਰਤੀ ਪਰੰਪਰਾ ਅਨੁਸਾਰ ਵੇਦ ਆਪ ਹੀ ਉਤਪੰਨ ਹੁੰਦੇ ਹਨ। ਪਰਲੋ ਤੋਂ ਬਾਅਦ ਜਦੋਂ ਸ੍ਰਿਸ਼ਟੀ ਫਿਰ ਤੋ ਹੋਂਦ ਵਿਚ ਆਉਂਦੀ ਹੈ, ਉਸ ਸਮੇਂ ਹੀ ਵੇਦ ਪ੍ਰਗਟ ਹੁੰਦੇ ਹਨ।

ਦੈਵੀ ਰਚਨਾ ਦਾ ਸਿਧਾਂਤ ਵੇਦ ਰਚਨਾ ਦੇ ਇਸ ਸਿਧਾਂਤ ਅਨੁਸਾਰ ਵੇਦ ਪਰਮਾਤਮਾ ਦੀ ਰਚਨਾ ਹਨ। ਜਦੋਂ ਸ੍ਰਿਸ਼ਟੀ ਉਤਪੰਨ ਹੁੰਦੀ ਹੈ, ਉਸ ਸਮੇਂ ਇਹ ਵੇਦ ਕਿਸੇ ਰੂਪ ਵਿਚ ਪਰਮਾਤਮਾ ਵੱਲੋਂ ਰਚੇ ਜਾਂਦੇ ਹਨ। “ਰਿਗਵੇਦ” ਵਿਚ ਵੇਦਾਂ ਨੂੰ ਈਸ਼ਵਰ ਤੋਂ ਉਤਪੰਨ ਸਵੀਕਾਰ ਕੀਤਾਗਿਆ ਹੈ। ਇਸਸਿਧਾਂਤ ਅਨੁਸਾਰ ਵੇਦ ਪੁਰਖਾਂ ਦੀ ਰਚਨਾ ਨਹੀਂ ਹਨ, ਰੱਬੀ ਰਚਨਾ ਹਨ। ਃਵੇਦਾਂਤ ਦਰਸ਼ਨ ਅਨੁਸਾਰ ਵੇਦ ਅਨਾਦੀ ਅਤੇ ਅਪੁਰਖ (ਕਿਸੇ ਪੁਰਖ ਦਵਾਰਾ ਨਾ ਰਚੇ ਗਏ) ਗਿਆਨ ਹੈ, ਜੋ ਪਰਲੋ ਦੇ ਬਾਅਦ ਵੀ ਬਿਣਆ ਰਿਹੰਦਾ ਹੈ ਅਤੇ ਸ੍ਰਿਸ਼ਟੀ ਦੇ ਆਰੰਭ ਵਿਚਫਿਰ ਤੋਂ ਈਸ਼ਵਰ ਦਵਾਰਾ ਪ੍ਰਦਾਨ ਕੀਤਾ ਜਾਂਦਾ ਹੈ ਅਤੇ ਸ੍ਰਿਸ਼ਟੀ ਦੇ ਆਰੰਭ ਵਿਚਫਿਰ ਤੋਂ ਈਸ਼ਵਰ ਦਵਾਰਾ ਪ੍ਰਦਾਨ ਕੀਤਾ ਜਾਦਾ ਹੈ ।ਿ ਸ੍ਰਸ਼ਟੀ ਦੀ ਰਚਨਾ ਸਮੇਂ ਈਸ਼ਵਰ ਦਵਾਰਾਇਹ ਦੈਵੀ ਗਿਆਨ ਰਿਸ਼ੀਆਂ ਦੇ ਅੰਤਰਕਰਨ ਵਿਚ ਪ੍ਰਕਾਸ਼ਿਤ ਹੁੰਦਾ ਹੈ ਅਤੇ ਗੁਰੂ ਸ਼ਿਸ਼ ਪਰੰਪਰਾ ਅਨੁਸਾਰ ਸੰਸਾਰ ਵਿਚ ਪ੍ਰਸਾਰਿਤ ਹੁੰਦਾ ਰਿਹੰਦਾ ਹੈ। "

ਦੈਵੀ ਰਚਨਾ ਦਾ ਸਿਧਾਂਤ ਇਸ ਤਰ੍ਹਾਂ ਵੇਦਾਂ ਦੀ ਉਤਪੱਤੀ ਨੂੰ ਸਵੀਕਾਰ ਕਰਦਾ ਹੈ ਅਤੇ ਵੇਦ ਰਚਨਾ ਦੇ ਕਾਰਣਾਂ ਉਪਰ ਵਿਚਾਰ ਕਰਦੇ ਹੋਏ ਇਸ ਤਰਕ ਨੂੰ ਸਾਡੇ ਅੱਗੇ ਰੱਖਦਾ ਹੈ ਕਿ ਜਿਸ ਤਰ੍ਹਾਂ ਪਿਤਾ ਆਪਣੇ ਪੁੱਤਰ ਨੂੰ ਚੱਲਣ੍ਪੜ੍ਹਨਾ ਸਿਖਾ ਕੇ ਹਰ ਤਰ੍ਹਾਂ ਨਾਲ ਉਸ ਦੀ ਭਲਾਈ ਚਾਹੁੰਦਾ ਹੈ, ਅਜਿਹੇ ਹੀ ਸਰਬਸ੍ਰਿਸ਼ਟੀ ਦੇ ਰਚਣਹਾਰ ਪ੍ਰਭੂ ਵੱਲੋਂ ਸ੍ਰਿਸ਼ਟੀ ਦੇ ਮੁੱਢਵਿੱਚ ਆਪਣੇ ਪੁੱਤਰਾਂ ਦੇ ਲਈ ਅਜਿਹੇ ਨਿਰਦੇਸ਼ ਦੇਣੇ ਜ਼ਰੂਰੀ ਸਨ, ਜਿਨ੍ਹਾਂ ਦੇ ਰਾਹੀਂ ਸੰਸਾਰ ਦੇ ਪਦਾਰਥਾਂ ਦੀ ਉਚਿਤ ਵਰਤੋਂ ਕਰਕੇ ਮਨੁੱਖ ਲੌਕਿਕ ਅਤੇ ਪਰਲੌਕਿਕ ਸੁਖ, ਸ਼ਾਤੀ ਅਤੇ ਆਨੰਦ ਪ੍ਰਾਪਤ ਕਰਕੇ ਆਪਣੀ ਜੀਵਨਜਾਤਰਾ ਪੂਰਨ ਕਰ ਸਕੇ"।

ਰਿਸ਼ੀ- ਰਚਨਾ ਦਾ ਸਿਧਾਂਤ ਤੀਜਾ ਮਤ ਜਿਹੜਾ ਕਿ ਆਧੁਨਿਕ ਸਮੇਂ ਦੇ ਸਾਰੇ ਭਾਰਤੀ ਅਤੇ ਪੱਛਮੀ ਵਿਦਵਾਨਾਂ ਦੀ ਸਿਹਮਤੀ ਪ੍ਰਾਪਤ ਕਰ ਸਿਕਆ ਹੈ, ਉਹ ਇਹ ਕਿ ਵੇਦਾਂ ਦੇ ਰਚਨਾਕਾਰ ਰਿਸ਼ੀ ਸਨ। ਈਸ਼ਵਰ ਦੀ ਕਿਰਪਾ ਦੀ ਵਰਖਾ ਇਨ੍ਹਾਂ ਰਿਸ਼ੀਆਂ ”ਤੋਂ ਹੋਈ ਅਤੇ ਉਨ੍ਹਾਂ ਨੇ ਵੈਦਿਕਗਿਆਨ ਪ੍ਰਾਪਤ ਕਰਲਿਆ। ਈਸ਼ਵਰ ਤੋਂ ਬ੍ਰਹਮਾ ਅਤੇ ਬ੍ਰਹਮਾ ਤੋਂ ਪ੍ਰਾਚੀਨ ਭਾਰਤੀ ਰਿਸ਼ੀਆਂ ਨੂੰ ਵੇਦ ਗਿਆਨ ਹਾਸਲ ਹੋਇਆ। ਪਰੰਤੂ ਰਿਸ਼ੀ ਵੇਦ੍ਮੰਤਰਾਂ ਦੇ ਰਚਣਹਾਰ ਨਹੀਂ ਸਨ, ਉਹ ਮੰਤਰ੍ਰਿਸ਼ਟਾ ਸਨ। ਉਨ੍ਹਾਂ ਨੇ ਮੰਤਰਾਂ ਨੂੰ ਨਾ ਤਾਂਲਿਪੀਬੱਧ ਕੀਤਾ ਅਤੇ ਨਾ ਹੀ ਆਪ ਕਥਨ ਕੀਤਾ। ਉਨ੍ਹਾਂ ਨੇ ਇਸ ਦੈਵੀ ਬਾਣੀ ਦੇ ਦਰਸ਼ਨ ਕੀਤੇ ਸਨ। ਇਸ ਤੋਂ ਬਿਨਾਂ ੂਵੈਦਿਕਰਿਸ਼ੀ  ਇਤਿਹਾਸਕ ਵਿਅਕਤੀ ਹੋਣ, ਇਹ ਜ਼ਰੂਰੀ ਨਹੀਂ। ਉਨ੍ਹਾਂ ਦੀ ਕੋਈ ਬੰਸਾਵਲੀ ਨਹੀਂ ਮਿਲਦੀ ਤੇ ਉਨ੍ਹਾਂ ਬਾਰੇ ਹੋਰ ਕੋਈ ਸੰਸਾਰਕ ਤੱਥ ਪ੍ਰਾਪਤ ਨਹੀਂ ਹਨ। ਜਿੱਥੇ ਕਿਤੇ ਇਨ੍ਹਾਂਰਿਸ਼ੀਆ ਦੇ ਨਾਂ ਬਤੌਰ ਵੇਦ੍ਰਚਣਹਾਰਿਆਂ ਦੇ ਆਏ ਹਨ, ਉਥੇ ਇਹ ਪ੍ਰਤੀਕਮਈ ਹਨ। ਦੀਰਘਾਤਮਸ, ਵਿਸ਼ਵਿਮੱਤਰ, ਭ੍ਰਿਗੂ ਆਦਿਕ ਸ਼ਖਸੀਅਤਾਂ ਦੀ ਆਮਵਿਆਖਿਆ ਸੰਭਵ ਨਹੀਂ"।

ਇਕ ਤੱਥ ਨਿਰਿਵਵਾਗ ਰੂਪ ਨਾਲ ਸਹੀ ਪ੍ਰਤੀਤ ਹੁੰਦਾ ਹੈ ਕਿ ਵੇਦ੍ਮੰਤਰਾਂ ਦੇ ਰੂਪ ਵਿਚ ਧਰਤੀ ਦੇ ਪਥ੍ਪ੍ਰਦਰਸ਼ਨ ਦੇ ਲਈ ਪਰਮਾਤਮਾ ਨੇ ਸ੍ਰਿਸ਼ਟੀ ਦੇ ਆਰੰਭ ਵਿਚ ਮਨੁੱਖ ਨੂੰ ਗਿਆਨ ਨੇਤਰ ਪ੍ਰਦਾਨ ਕੀਤੇ ਸਨ। ਜਦੋਂ੍ਜਦੋਂ ਮਨੁੱਖਤਾ ਵੇਦ੍ਮਾਰਗ ”ਤੇ ਚੱਲੀ, ਇਸ ਧਰਤੀ ਉਪਰ ਸਵਰਗ ਦੀ ਸਥਾਪਨਾ ਹੋਈ ਅਤੇ ਜਦੋਂ ਇਸ ਪਵਿੱਤਰ ਗਿਆਨ ਨੂੰ ਭੁਲਾਦਿੱਤਾਗਿਆ, ਉਦੋਂ ਇਹ ਧਰਤੀ ਪਾਪਾਂ ਅਤੇ ਦੁੱਖਾਂ ਨਾਲ ਘਿਰ ਗਈ।

ਵੇਦਾਂ ਦੀ ਵਿਲੱਖਣਤਾ  ਵੇਦ ਸੰਘਿਤਾਵਾਂ ਦੀ ਸਭ ਤੋਂ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਪੀੜ੍ਹੀ ਦਰ ਪੀੜ੍ਹੀ ਮੌਖਿਕ ਪਰੰਪਰਾ ਰਾਹੀਂ ਇਹ ਵਿਸ਼ਾਲ ਸਾਹਿਤ ਬਿਨਾਂ ਕਿਸੇ ਪਰਿਵਰਤਨ ਦੇ ਸਾਡੇ ਤਕ ਪਹੁੰਚਣ ਵਿਚ ਸਫਲ ਹੋ ਸਿਕਆ ਹੈ। ੂਬੁੱਧੀ ਹੈਰਾਨ ਹੈ ਕਿ ਜਦੋਂ ਅਜੇ ਲਿਪੀ ਹੋਂਦ ਵਿਚ ਨਹੀਂ ਆਈ ਸੀ, ਹਜ਼ਾਰਾ ਸਾਲਾਂ ਤਕ ਵੇਦ ਬਾਣੀ ਕੰਠ ਕਰਕੇ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪੁੱਜਦੀ ਕੀਤੀ ਗਈ। ਜਿਵੇਂ -ਜਿਵੇਂ ਨਵੀਨਤਮ ਖੋਜ ਪ੍ਰਕਾਸ਼ ਵਿਚ ਆ ਰਹੀ ਹੈ, ਦਿਨੋ੍ਦਿਨ ਵੇਦਾਂ ਦੀ ਸਰਬਪੱਖੀ ਮਹੱਤਤਾ ਪ੍ਰਗਟ ਹੋ ਰਹੀ ਹੈ। "

“ਵੇਦੋ ਅਖਿਲੋ ਧਰਮ ਮੂਲਮ” ਦੇ ਅਨੁਸਾਰ ਸਾਰੇ ਧਰਮਇਸੇ ਵੇਦ ਦੇ ਆਧਾਰ ”ਤੇ ਹੀ ਸਿਥਤ ਹਨ। ਇਤਨਾ ਹੀ ਨਹੀਂ, ਸਗੋਂ ਧਰਮ ਦੀ ਸਹੀ ਵਿਆਖਿਆ ਦਾ ਆਧਾਰ ਵੀ ਇਹ ਵੇਦ ਹਨ। ਕਿਸੇ ਵੀ ਧਾਰਿਮਕ ਮਸਲੇ ਉਪਰ ਵਿਚਾਰ ਕਰਨ ਸਮੇਂ ਵੇਦਾਂ ਦਵਾਰਾਦਿੱਤੇ ਗਏ ਪ੍ਰਮਾਣ ਨੂੰ ਹੀ ਮਾਨਤਾ ਪ੍ਰਦਾਨ ਕੀਤੀ ਜਾਂਦੀ ਹੈ। ਵੇਦ ਮਨੁੱਖ ਨੂੰ ਆਸਤਿਕ ਬਣਾਉਂਦਾ ਹੈ ਅਤੇ ਇਸ ਵਿਚਲੇ ਧਰਮ੍ਮਾਰਗ ਉਪਰ ਚਲਿਦਆਂ ਮਨੁੱਖ ਪਸ਼ੂ ਦੇ ਪੱਧਰ ਤੋਂ ਉਪਰ ਉਠ ਸਕਦਾ ਹੈ। ਇਹ ਸੰਪੂਰਨ ਗਿਆਨ ਦੇ ਸੋਮੇ ਵਜੋਂ  ਇਕ ਬੇਹਦ ਸਨਮਾਨਜਨਕ ਸਥਾਨ ਰੱਖਦੇ ਹਨ। ਵੇਦਾਂ ਵਿਚ ਤਿੰਨਾਂ ਲੋਕਾਂ ਅਤੇ ਤਿੰਨਾਂ ਕਾਲਾਂ ਦੇ ਗਿਆਨ ਤੋਂ ਬਿਨਾਂ ਚਾਰ ਵਰਣਾਂ, ਆਸ਼ਰਮ੍ਪ੍ਰਣਾਲੀ ਅਤੇ ਆਦਰਸ਼ ਮਾਨਵੀ ਆਚਰਣ ਦੇ ਸਬੰਧ ਵਿਚ ਵਿਸਥਾਰਪੂਰਨ ਵਰਣਨ ਪ੍ਰਾਪਤ ਹੁੰਦਾ ਹੈ"।

ਵੇਦ ਭਾਸ਼ਾ ਵਿਗਿਆਨ, ਪ੍ਰਾਚੀਨ ਭਾਰਤੀ ਸਿਭਆਚਾਰ, ਇਤਿਹਾਸ, ਭੂਗੋਲ, ਜੋਿਤਸ਼, ਗਿਣਤ, ਵਿਗਿਆਨ, ਸੰਗੀਤ, ਦਰਸ਼ਨ ਸ਼ਾਸਤਰ, ਵਾਸਤੂ ਆਦਿ ਵਿਸ਼ਿਆਂ ਦੇ ਮੂਲ ਸਰੋਤ ਹਨ। ਸੰਪੂਰਨ ਭਾਰਤੀ ਸਾਹਿਤ, ਕਲਾ, ਚਿੰਤਨ ਵਿਚ ਵੇਦਾਂ ਦੀ ਹੋਂਦ ਨੂੰ ਪ੍ਰਤਿਬਿੰਬਤ ਹੋਇਆ ਦੇਖਿਆ ਜਾ ਸਕਦਾ ਹੈ। ਵੇਦਾਂ ਦੇ ਮਹੱਤਵ ਦਾ ਅਨੁਮਾਨ ਇਸ ਤੱਥ ਤੋਂ ਸਿਹਜ ਹੀ ਲਗਾਇਆ ਜਾ ਸਕਦਾ ਹੈ ਕਿ ਸੰਸਾਰ ਦੇ ਅਨੇਕ ਵਿਦਵਾਨਾਂ, ਖਾਸ ਤੌਰ" ਤੇ ਪੱਛਮੀ ਵਿਦਵਾਨਾਂ ਨੇ ਵੀ ਵੇਦਾਂ ਨੂੰ ਆਪਣੇ ਅਧਿਐਨ ਦਾਵਿਸ਼ਾ ਬਣਾਇਆ ਹੈ। ਵਿੰਟਰਿਨਟਜ਼, ਮੈਕਸਮੂਲਰ, ਓਲਡਨਬਰਗ, ਬਲੂਮਫੀਲਡ ਆਦਿ ਪੱਛਮੀ ਵਿਦਵਾਨਾਂ ਨੇ ਵੇਦ੍ਸਾਹਿਤ ਨੂੰ ਭਾਰਤੀ ਸੰਸਿਕ੍ਰਤੀ ਅਤੇ ਜੀਵਨ ਦਾ ਪ੍ਰਮਾਣਕ ਸੋਮਾ ਸਵੀਕਾਰ ਕੀਤਾ ਹੈ।
ਆਧੁਿਨਕ ਸੰਦਰਭ ਦੀ ਜੇਕਰ ਗੱਲ ਕਰੀਏ ਤਾਂ ਅਨੇਕ ਸਮੱਸਿਆਵਾਂ ਦਾ ਹੱਲ ਵੇਦ੍ਸਾਹਿਤ ਵਿਚ ਪ੍ਰਾਪਤ ਹੁੰਦਾ ਹੈ। ਮਾਨਿਸਕ ਤਣਾਅ, ਯੁੱਧ, ਪ੍ਰਦੂਸ਼ਣ, ਨੈਤਿਕ ਕਦਰਾਂ-ਕੀਮਤਾਂ ਵਿਚਲਾ ਨਿਘਾਰ, ਫਿਰਕਾ ਪ੍ਰਸਤੀ ਆਦਿ ਵਰਗੇ ਪਹਿਲੂਆਂ ਨੂੰ ਲੈ ਕੇ ਵੇਦ ਤੋਂ ਮਾਰਗ ਦਰਸ਼ਨ ਪ੍ਰਾਪਤ ਕੀਤਾ ਜਾ ਸਕਦਾ ਹੈ।

**3.3 ਵੇਦ ਸਾਹਿਤਕ ਰਚਨਾ ਤੇ ਸੰਰਚਨਾ**

ਸੰਪੂਰਨ ਵੇਦ ਸਾਹਿਤ ਤਿੰਨ ਸ਼੍ਰੇਣੀਆਂ ਵਿਚ ਵੰਡਿਆਗਿਆ ਹੈ। ਇਹ ਤਿੰਨ ਸ਼੍ਰੇਣੀਆਂ ਜਾਂ ਭਾਗ ਹਨ੍ ਸੰਘਿਤਾ ਭਾਗ, ਬ੍ਰਾਹਮਣ ਭਾਗ ਅਤੇ ਆਰਣਯਕ ਭਾਗ। ਸੰਘਿਤਾ ਭਾਗ ਵਿਚ ਦੇਵੀ੍ਦੇਵਿਤਆਂ ਦੀ ਭਗਤੀ, ਪ੍ਰਾਰਥਨਾ ਅਤੇ ਮੰਤਰ ਹਨ। ਬ੍ਰਾਹਮਣ ਭਾਗ ਵਿਚ ਯੱਗ ਅਤੇ ਕਰਮਕਾਂਡ ਲਈ ਮਾਰਗਦਰਸ਼ਨ ਪ੍ਰਾਪਤ ਹੁੰਦਾ ਹੈ। ਇਹ ਵਾਰਤਕ ਵਿਚ ਹੈ। ਆਰਣਯਕ ਭਾਗ ਵਿਚ ਬਾਣਪ੍ਰਸਥ ਆਸ਼ਰਮ ਦੀ ਅਵਸਥਾ ਲਈ ਮਨੁੱਖ ਨੂੰ ਨਿਰਦੇਸ਼ ਦਿੱਤੇ ਗਏ ਹਨ। ਆਰਣਯਕ ਦਾ ਅਰਥ ਹੈ ਜੰਗਲ। ਜੰਗਲ ਵਿਚ ਰਹਿਣ੍ਸਹਿਣ, ਤਪੱਸਿਆ, ਪਰਮਾਤਮਾ ਦੀ ਭਗਤੀ ਆਦਿ ਵਿਸ਼ੇ" ਤੇ ਚਾਨਣ ਪਾਇਆ ਗਿਆ ਹੈ।

**3.4 ਵੇਦਾਂ ਦੀ ਵਿਆਖਿਆ**

ਵੇਦਾਂ ਦੀ ਵਿਆਖਿਆ ਦਾ ਪੱਖ ਬੇਹੱਦ ਅਹਿਮ ਹੈ। ਇਸ ਦੀ ਵਿਆਖਿਆ ਦੀਆਂ ਪ੍ਰਣਾਲੀਆਂ ਪ੍ਰਮੱਖ ਤੌਰ" ਤੇ ਤਿੰਨ ਹਨ੍ ਅਧਿਆਤਮਕ, ਜੋਕਿ ਧਾਰਿਮਕ ਹੈ। ਅਧਿਦੈਵਿਕ, ਜੋ ਦੇਵਿਤਆਂ ਦੇ ਸੰਬੰਧ ਵਿਚ ਹੈ ਅਤੇ ਤੀਜੀ ਆਧਿਯਜਿਨਕ ਹੈ ਜਿਸ ਦਾ ਸੰਬੰਧ ਕਰਮਕਾਂਡ ਨਾਲ ਹੈ। ਵਿੱਦਵਾਨਾਂ ਦਾ ਵਿਚਾਰ ਹੈ ਕਿ ਵੇਦਾਂ ਦੀ ਰਚਨਾ ਕੇਵਲ ਅਧਿਆਤਮਕ ਪੱਖ ਤੋਂ ਕੀਤੀ ਗਈ ਸੀ ਪਰ ਬਹੁਤ ਸਾਰੇ ਦੇਵਿਤਆਂ ਦੀ ਹੋਂਦ ਤੇ ਉਨ੍ਹਾਂ ਦੀਆ ਸ਼ਕਤੀਆਂ ਆਦਿਕ ਏਨੀਆਂ ਭਾਰੂ ਹੋ ਗਈਆਂ ਕਿ  ਇਕੱਲੇ ਦੇਵਿਤਆਂ ਨੂੰ ਆਧਾਰ ਮੰਨ ਕੇ ਵਿਆਖਿਆਵਾਂ ਵੀ ਹੋਈਆਂ। ਬ੍ਰਾਹਮਣਾਂ ਨੇ ਕਰਮਕਾਂਡ ਆਰੰਭ ਕੀਤੇ। ਇਨ੍ਹਾਂ ਕਰਮਕਾਂਡਾਂ ਵਿਚ ਰੂਹਾਨੀਅਤ ਗੁਆਚ ਗਈ ਪਰ ਬ੍ਰਾਹਮਣ ਸ਼ਕਤੀਸ਼ਾਲੀ ਪੁਜਾਰੀ ਦੇ ਰੂਪ ਵਿਚ ਏਕਾਧਿਕਾਰ ਲੈ ਕੇ ਸਥਾਪਿਤ ਹੋ ਗਿਆ"।

ਵੇਦਾਂ ਦੀ ਗਿਣਤੀ ਚਾਰ ਹੈ। ਅਜਿਹੀ ਮਾਨਤਾ ਵੀ ਪ੍ਰਿਸੱਧ ਹੈ ਕਿ ਸਭ ਤੋਂ ਪਹਿਲਾਂ  ਇਕ ਹੀ ਵੇਦ ਸੀ। ਫਿਰ ਕਿਉਂ ਇਸ ਨੂੰ ਚਾਰ ਹਿਸਿਆਂ ਵਿਚ ਵੰਡ ਲਿਆ ਗਿਆ ਵਿਦਵਾਨ ਇਸ ਦਾ ਕਾਰਨ ਦੱਸਦੇ ਹੋਏ ਆਖਦੇ ਹਨਕਿ ਅਜਿਹਾ ਵੇਦਾਂ ਦੇ ਅਧਿਐਨ ਦੀ ਸੁਵਿਧਾ ਨੂੰ ਵੇਖਦੇ ਹੋਏ ਕੀਤਾਗਿਆ।

ਚਾਰ ਵੇਦਾਂ ਦੇ ਨਾਂ ਇਸ ਪ੍ਰਕਾਰ ਹਨ :

1 ਰਿਗਵੇਦ

2 ਜੁਰਵੇਦ

3 ਸਾਮਵੇਦ

4 ਅਥਰਵ ਵੇਦ

3.4.1 ਰਿਗਵੇਦ

ਰਿਗਵੇਦ ਨੂੰ ਸੰਸਾਰ ਦਾ ਪ੍ਰਾਚੀਨਤਮ ਗ੍ਰੰਥ ਸਵੀਕਾਰ ਕੀਤਾ ਜਾਂਦਾ ਹੈ। ਇਸ ਦੀਆਂ ਕੁਲ 21 ਸ਼ਾਖਾਵਾ ਮੰਨੀਆਂ ਜਾਦੀਆਂ ਹਨ। ਆਧੁਨਿਕ ਸਮੇਂ, ਇਨ੍ਹਾਂ ਵਿਚ ਸ਼ਾਖਾਵਾਂ ਹੀ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਦੇ ਨਾਂ ਹਨ।

1 ਬਾਸ਼ਕਲ, ਜੋ ਕਿ ਉਪਲੱਬਧ ਨਹੀ ਹੈ।

2 ਸ਼ਾਕਲ, ਜੋ ਕਿ ਇੱਕੋ ਇਕ ਉਪਲੱਬਧ ਸ਼ਾਖਾ ਹੈ।

ਰਿਗਵੇਦ ਦੀ ਜਿਹੜੀ ਸ਼ਾਖਾ ਪ੍ਰਚਿਲਤ ਹੈ ਉਹ ਸ਼ਾਕਲ ਹੀ ਹੈ। ਇਸ ਵਿਚ ਆਰੀਆ ਸੱਭਿਅਤਾ ਅਤੇ ਸੰਸਿਕ੍ਰਤੀ ਦਾਗਿਆਨ ਪ੍ਰਾਪਤ ਹੁੰਦਾ ਹੈ। ਰਿਗਵੇਦ ਦੇ ਕੇਵਲ 10 ਮੰਡਲ ਹਨ ਅਤੇ ਇਨ੍ਹਾਂ ਮੰਡਲਾਂ ਵਿਚ 1028 ਭਜਨ ਪ੍ਰਾਪਤ ਹੁੰਦੇ ਹਨ। ਹਰ ਮੰਡਲ ਵਿਚ 85 ਅਨੁਵਾਕ ਪ੍ਰਾਪਤ ਹੁੰਦੇ ਹਨ ਅਤੇ ਅਨੁਵਾਕਾਂ ਵਿਚ ਕੁਲ 1016 ਸੂਕਤ ਅਤੇ ਸੂਕਤਾਂ ਵਿਚ ਮੰਤਰ ਹਨ। ਹਰ ਸੂਕਤ ਵਿਚ 10 ਮੰਤਰ ਹਨ। ਇਨ੍ਹਾਂ ਮੰਤਰਾਂ ਨੂੰ ਰਿਚਾਵਾਂ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਸਮੇਂ ਦੇ ਬੀਤਣ ਨਾਲ ਰਿਗਵੇਦ ਵਿਚ ਮੰਤਰਾਂ ਅਤੇ ਗਾਥਾਵਾਂ ਦਾ ਵਾਧਾ ਹੁੰਦਾਗਿਆ। ਹਰ ਪੀੜ੍ਹੀ ਨੇ ਆਪਣੀਆਂ ਗਾਥਾਵਾਂ ਤੇ ਰਚਨਾਵਾਂ ਇਸ ਵਿਚ ਸ਼ਾਮਿਲ ਕੀਤੀਆਂ। " ਇਸ ਤੋਂ ਇਹ ਤੱਥ ਸਾਹਮਣੇਂ ਆਉਂਦਾ ਹੈ ਕਿ ਰਿਗਵੇਦ ਨਾ ਤਾਂਕਿਸੇ ਇਕਵਿਆਕਤੀ ਦੀ ਰਚਨਾ ਹੈ ਅਤੇ ਨਾ ਹੀ  ਇਕ ਕਾਲ ਵਿਸ਼ੇਸ਼ ਵਿਚ ਇਸਦੀ ਰਚਨਾ ਕੀਤੀ ਗਈ। ਇਸ ਦੀ ਰਚਨਾ ਵਿਚ ਸਮੇਂ ਅਨੁਸਾਰ ਵਿਕਾਸ ਹੁੰਦਾਰਿਹਾ ਹੈ।

ਰਿਗਵੇਦ ਦਾ ਵਿਸ਼ਾ ਵਸਤੂ ਈਸ਼ਵਰੀਯ ਸ਼ਕਤੀ ਦੀ ਪੂਜਾ ਅਤੇ ਉਪਮਾ ਨਾਲ ਓਤਪੋਤ ਹੈ। ਅਗਨੀ, ਇੰਦਰ, ਸੂਰਜ, ਵਰੁਣ ਆਦਿਕ ਦੇਵਿਤਆਂ ਨੂੰ ਸ਼ਰਧਾ ਦੇ ਭਾਵ ਅਰਿਪਤ ਕੀਤੇ ਗਏ ਹਨ। ਇਹ ਪ੍ਰਾਰਥਨਾ ਅਤੇ ਉਪਾਸਨਾ ਦਾ ਵੇਦ ਹੈ। ਰਿਸ਼ੀਆਂ ਨੇ ਬਿਨਾਂ ਕਿਸੇ ਅਡੰਬਰ ਦੇ ਵੱਖ-ਵੱਖ ਦੇਵਿਤਆਂ ਦੀ ਉਸਤਿਤ ਕੀਤੀ ਹੈ। ਰਿਗਵੇਦ ਦੀਆਂ ਰਚਨਾਵਾਂ ਵਿਚ ਆਪਣੇ ਇਸ਼ਟ ਦੇ ਵੱਖ-ਵੱਖ ਰੂਪਾਂ ਦੀ ਅਰਾਧਨਾ ਕਰਨ ਦੇ ਨਾਲ-ਨਾਲ ਧਨ, ਪੁੱਤਰ, ਫਸਲ, ਗਊ, ਸ਼ੁੱਖ੍ਸ਼ਾਤੀ ਲਈ ਪ੍ਰਾਰਥਨਾ ਕੀਤੀ ਜਾਂਦੀ ਹੈ। ਵੈਦਿਕ ਰਿਸ਼ੀ ਦਾ ਫ਼ੁਰਮਾਨ ਹੈ ਕਿ ਸੂਰਜ ਆਪਣੇ ਪ੍ਰਕਾਸ਼ ਰਾਹੀਂ ਸੰਪੂਰਨਵਿਸ਼ਵ ਨੂੰ ਰੁਸ਼ਨਾਰਿਹਾ ਹੈ। ਉਹ ਹੀ ਇਸ ਸੰਸਾਰ ਲਈ ਈਸ਼ਵਰ ਦਾ ਰੂਪ ਹੈ। ਇਸ ਲਈ ਉਸ ਨੂੰ ਉੱਤਮ ਪਦਾਰਥ ਦੀ ਆਹੂਤੀ ਅਰਿਪਤ ਕੀਤੀ ਜਾਏ।

ਪਰਮੇਸ਼ਵਰ, ਸਭ ਦਾਮਿੱਤਰ ਹੈ
ਉਹ ਸੂਰਜ ਰੂਪ ਵਿਚ
ਸਭ ਪਾਸੇ ਆਪਣੀ ਰੋਸ਼ਨੀ ਵੰਡ ਰਿਹਾ ਹੈ
ਉਸਨੂੰ ਘ੍ਰਿਤ ਦੀ
ਉੱਤਮ ਪਦਾਰਥ ਦੀ ਆਹੁਤੀ ਅਰਿਪਤ ਕਰੋ

ਧਾਰਿਮਕਦ੍ਰਿਸ਼ਟੀ ਤੋਂਬਿਨਾਂਰਿਗਵੇਦ ਦੇ ਗੀਤ ਕਾਵ੍ਰਿਕਲਾ ਦੀ ਉੱਤਮਮਿਸਾਲ ਹਨ। ਵੈਦਿਕ ਕਵੀ ਨੇ ਸਿਹਜ ਅਤੇ ਸਰਲ ਪ੍ਰਤੀਕ ਚੁਣੇ ਹਨ। ਛੰਦ, ਲੈਅ ਆਦਿਇਸ ਨੂੰ ਇਕ ਅਦੁੱਤੀ ਕਾਵਿ ਦੇ ਰੂਪ ਵਿਚ ਸਥਾਪਤ ਕਰਦੇ ਹਨ। ਇਨ੍ਹਾਂ ਵਿਚਲੀ ਕਲਪਨਾ ਨਵੀਂ ਹੈ, ਭਾਵ ਡੂੰਘੇ ਹਨ ਅਤੇ ਵਿਚਾਰ ਪਰਪੱਕ। ਦੀਰਘ ਆਤਮ ਰਿਸ਼ੀ ਦੇ ਵਿਸ਼ਵ ਪ੍ਰਿਸੱਧ ਮੰਤਰ ਵਿਚ ਆਉਂਦਾ ਹੈ ਕਿ ਸੱਚ ਇਕ ਹੈ, ਉਸੇ ਦਾਗਿਆਨੀ ਲੋਕ ਅਨੇਕ ਪ੍ਰਕਾਰ ਨਾਲ ਵਰਣਨ ਕਰਦੇ ਹਨ।

ਸੰਪੂਰਨ ਰਿਗਵੇਦ ਵਿਚਸ੍ਰਿਸ਼ਟੀ ਅਤੇ ਇਸਦੇ ਸਿਰਜਣਹਾਰ ਦੇ ਸੰਬੰਧ ਵਿਚ ਵਿਚਾਰ ਕੀਤਾਗਿਆ ਹੈ। ਸ੍ਰਿਸ਼ਟੀ ਕਿੱਥੋਂ ਪੈਦਾ ਹੋਈ, ਕਿਸ ਤੋਂ ਹੋਈ, ਕਿਵੇਂ ਹੋਈ ਆਦਿ ਪ੍ਰਸ਼ਨਾਂ ਦੇ ਉੱਤਰ ਲੱਭਣ ਦੀ ਕੋਸ਼ਿਸ ਕੀਤੀ ਗਈ ਹੈਸ

ਕੌਣ ਮਨੁੱਖ ਜਾਣਦਾ ਹੈ

ਅਤੇ ਇੱਥੇ ਆਖੇਗਾ

ਕਿ ਇਹ ਸ੍ਰਿਸ਼ਟੀ ਕਿੱਥੋਂ

ਅਤੇ ਕਿਸ ਕਾਰਣ ਉਤਪੰਨ ਹੋਈ ੈ

ਕਿਉਂਕਿ ਵਿਦਵਾਨ ਵੀ

ਇਸ ਸ੍ਰਿਸ਼ਟੀ ਦੇ ਉਤਪੰਨ ਹੋਣ ਦੇ

ਬਾਅਦ ਹੀ ਪੈਦਾ ਹੋਏ ਹਨ

ਇਸਨੂੰ ਪੈਦਾ ਕਰਨ ਵਾਲਾ

ਪਾਰਬ੍ਰਹਮ ਇਸ ਸ੍ਰਿਸ਼ਟੀ ਦਾ ਧਾਰਕ ਹੈ

ਅਤੇ ਉਹ ਹੀ ਇਸ ਸ੍ਰਿਸ਼ਟੀ ਨੂੰ ਪੂਰੀ ਤਰ੍ਹਾਂ ਜਾਣਦਾ ਹੈ।

ਰਿਗਵੇਦ ਦੇ ਆਖਯਾਨ ਸੂਕਤ ਵਿਚ ਪੁਰੂਰਵਾ-ਉਰਵਸ਼ੀ ਦੀ ਰੋਮਾਚਕ ਪ੍ਰੇਮ ਕਥਾ, ਯਮਜਮੀ ਸੰਵਾਦ ਵਰਗੇ ਨਾਟਕੀ ਕਥਾ੍ਪ੍ਰਸੰਗ ਹਨ। ਲੋਕਵਿਹਾਰ, ਜਾਦੂ ਟੂਣਾ, ਲੋਕ੍ਸਿਭਆਚਾਰ, ਧਰਮ ਨਿਰਪੇਖਤਾ, ਬੁਝਾਰਤਾ ਆਦਿ ਨੂੰ ਵੀ ਰਿਗਵੇਦ ਦੇ ਸੂਕਤਾਂ ਨੇ ਆਪਣੇ ਵਿਸ਼ੇ ਵਜੋਂ ਲਿਆ ਹੈ। ਕਈ ਸੂਕਤ ਉਸ ਸਮੇਂ ਦੀ ਸਮਾਜਿਕ ਸਥਿਤੀ,ਸਭਿਆਚਾਰ, ਪਰਿਵਾਰ, ਵਿਆਹ ਆਦਿ ਨੂੰ ਲੈ ਕੇ ਰਚੇ ਗਏ ਹਨ। ਇਕ ਸੂਕਤ ਵਿਚ ਸੂਰਜ ਆਪਣੀ ਪੁੱਤਰੀ ਨੂੰ ਗ੍ਰਿਹਸਥ ਧਰਮ ਦੀ ਸਿੱਖਿਆ ਦਿੰਦਾ ਹੈ ਅਤੇ ਨਵਿਵਆਹੁਤ ਜੋੜੇ ਨੂੰ ਲੰਮੀ ਉਮਰ, ਸਿਹਤ, ਸੁਖ-ਸੰਪਤੀ ਅਤੇ ਪੁੱਤਰ੍ਪੋਤਿਰਆਂ ਆਦਿ ਦੇ ਸੁਖ ਨਾਲ ਸੁਖੀ ਹੋਣ ਦਾ ਆਸ਼ੀਰਵਾਦ ਦਿੰਦਾ ਹੈ। ਨਾਰੀ ਨੂੰ ਸਨਮਾਨਜਨਕ ਸਥਾਨ ਦਿੱਤਾ ਜਾਂਦਾ ਹੈ।

ਸੰਪੂਰਨ ਵੈਦਿਕ ਸੰਸਿਕ੍ਰਤੀ ਦਾਨ ਅਤੇ ਆਦਾਨ੍ਪ੍ਰਦਾਨ ਨਾਲ ਵਾਸਤਾ ਹੈ। ਇਕ ਸੂਕਤ ਵਿਚ ਦਾਨ ਦੀ ਮਿਹਮਾ ਦਾ ਵਰਣਨ ਬੇਹਦ ਸੁੰਦਰ ਢੰਗ ਨਾਲ ਕੀਤਾਗਿਆ ਹੈ ਅਤੇ ਇਹ ਸਮਾਜਵਾਦ ਦਾ ਪ੍ਰਾਚੀਨ ਰੂਪ ਹੈ।

ਜਿਹੜਾ ਮਨੁੱਖ ਦਾਨ ਨਹੀ ਕਰਦਾ

ਆਪਣੇ ਅਰਥ, ਧਨ, ਸੰਪਤੀ ਨੂੰ

ਆਪਣੇ ਸਵਾਰਥ ਲਈ ਖਰਚਦਾ ਹੈ,

ਉਹ ਪਾਪ ਹੀ ਖਾਂਦਾ ਹੈ।

ਸਮਾਜਿਕ ਸਦਭਾਵਨਾ ਲਈ ਸ਼ਰਧਾ ਸੂਕਤ (10.15.14) ਅਹਿਮ ਹੈ ਅਤੇ ਸੰਗਿਆਨ ਸੂਤਕ (10.191) ਵਿਚ ਮਨੁੱਖ ਨੂੰ ਸਾਰੇ ਭੇਦ-ਭਾਵ ਛੱਡ ਕੇ, ਮਿਲ ਜੁਲ ਕੇ ਰਿਹਣ ਦੀ ਸਿੱਖਿਆ ਦਿੱਤੀ ਗਈ ਹੈ :

ਤੁਸੀ ਸਾਰੇ ਇਕਮਤ ਨਾਲ ਸੰਚਾਰ ਕਰੋ

ਅਤੇ ਇਕਮਤ ਨਾਲ ਬੋਲੋ

ਜਿਸ ਤਰ੍ਹਾ ਪ੍ਰਾਚੀਨ ਕਾਲ ਵਿੱਚ

ਦੇਵਿਤਆਂ ਨੇ ਦਿਲੋਂ ਇੱਕਮਤ ਹੋ ਕੇ

ਆਪਣੇ ਆਹੂਤੀ ਦੇ ਅੰਨ ਨੂੰ ਕਬੂਲਿਆ ਸੀ

ਉਸੇ ਤਰ੍ਹਾਂ ਤੁਹਾਡੇ ਮਨ ਵੀ ਇਕ ਹੋ ਜਾਣ

ਵਿਅਕਤੀ ਦੇ ਕਲਿਆਣ ਲਈ ਚਿੰਤਨ ਅਤੇ ਉਪਾਸਨਾ ਦੇ ਉਦੇਸ਼ ਨੂੰ ਪੂਰਨ ਕਰਨ ਲਈ ਗਾਯਤ੍ਰੀ ਮੰਤਰ ਇਸ ਵਿਚ ਹੈ। ਰਿਗਵੇਦ ਹਿੰਦੂ ਧਰਮ ਦਾ ਆਦਿਗ੍ਰੰਥ ਹੈ। ਪਰੰਤੂ ਇਸ ਨੂੰ ਸੰਪੂਰਨ ਮਨੁੱਖਤਾ ਦਾ ਧਰਮ ਹੀ ਮੰਨਣਾ ਚਾਹੀਦਾ ਹੈ ਕਿਉਂਕਿ ਇਹ ਜੀਵਨ ਦੀਆਂ ਸਦੀਵੀ ਕਦਰਾਂ-ਕੀਮਤਾਂ ਸਿਖਾਉਂਦਾ ਹੈ। ਰਿਗਵੇਦ ਮੁਤਾਬਕ ਧਰਮ ਹੋਰ ਕੁਝ ਨਹੀ, ਬਸ ਇਕ ਫਰਜ਼ ਆਦਾਨ- ਪ੍ਰਦਾਨ ਦਾ ਜੀਵਨ ਜੀਅ ਕੇ ਅਸੀਂ ਇਸਦੀ ਪਾਲਣਾ ਕਰ ਸਕਦੇ ਹਾਂ। ਰਿਗਵੇਦ ਧਰਮ, ਅਰਥ, ਕਾਮ, ਮੋਕਸ਼ ਦੀ ਪ੍ਰਾਪਤੀ ਨੂੰ ਆਵੱਸ਼ਕ ਮੰਨਦਾ ਹੈ। ਇਸ ਪ੍ਰਕਾਰ ਰਿਗਵੇਦ ਹਵਨ ਅਤੇ ਉਸਤਿਤ ਨੂੰ ਜੀਵਨ ਦਾ ਅਨਿੱਖੜਵਾਂ ਅੰਗ ਸਵੀਕਾਰਦਾ ਹੈ। ਅਨੇਕ ਦੇਵਿਤਆਂ ਦੇ ਹੁੰਦਿਆ ਵੀ ਪਰਮਾਤਮਾ ਇਕ ਹੈ। ਰਿਸ਼ੀ ਮੰਨਦਾ ਹੈ ਕਿ ਪੁਰੋਿਹਤ ਯਜਮਾਨ ਅਤੇ ਦੇਵਿਤਆਂ ਵਿਚਕਾਰ ਕੜੀ ਦੇ ਰੂਪ ਵਿਚ ਮੌਜੂਦ ਹੈ। ਇਸ ਤੋਂ ਬਿਨਾਂ ਰਿਗਵੇਦ ਵਿਚ ਬੇਲੋੜੀ ਵੈਰਾਗ ਜਾਂ ਸੰਸਾਰ ਤੋਂ ਉਪਰਾਮਤਾ ਦੀ ਭਾਵਨਾ ਨਹੀਂ ਹੈ, ਸਗੋਂ ਇਸ ਸੰਸਾਰ ਦੇ ਸੰਪੂਰਨ ਸੁੱਖਾਂ ਦੀ ਕਾਮਨਾ ਹੈ। ਦੇਵਿਤਆਂ ਤੋਂ ਦੀ ਭਾਵਨਾ ਨਹੀਂ ਹੈ, ਸਗੋਂ ਇਸ ਸੰਸਾਰ ਦੇ ਸੰਪੂਰਨ ਸੁੱਖਾਂ ਦੀ ਕਾਮਨਾ ਹੈ। ਦੇਵਿਤਆਂ ਤੋਂ ਪੁੱਤਰ, ਧਨ, ਪਸ਼ੂ, ਐਸ਼ਵਰਜ, ਪ੍ਰਿਸੱਧੀ ਆਦਿ ਦੀ ਪ੍ਰਾਪਤੀ ਲਈ ਉਸਤਿਤ ਹੈ ਅਤੇ ਦੇਵਤੇ ਕੁਦਰਤੀ ਤਾਕਤਾਂ ਹਨ। ਇੱਥੇ ਪਸ਼ੂ, ਪੰਛੀ, ਬਿਰਖ, ਬੂਟੇ ਆਦਿ ਨੂੰ ਵੀ ਦੇਵ ਰੂਪ ਵਿਚ ਵੇਖਿਆਗਿਆ ਹੈ। ਇਸਦੇ ਨਾਲ ਹੀ ਰਿਗਵੇਦ ਸਪੱਸ਼ਟ ਐਲਾਨ ਕਰਦਾ ਹੈ ਕਿ ਮਨੁੱਖ ਵਿਚ ਖ਼ੁਦ ਦੇਵਤਾ ਬਣਨ ਦੀ ਸੰਭਾਵਨਾ ਮੌਜੂਦ ਹੈ। ਇਸ ਸੰਭਾਵਨਾ ਨੂੰ ਸੱਚ ਦਾ ਰੂਪ ਪ੍ਰਦਾਨ ਕਰਨ ਲਈ ਸੱਚਾਈ ਪਿਵੱਤਰਤਾ ਅਤੇ ਆਚਰਨ ਦੀ ਉੱਚਤਾ ਲੋੜੀਂਦੀ ਹੈ।

3.4.2 ਯਜੁਰਵੇਦ

ਮਨੂੰ ਸਿਮ੍ਰਤੀ ਵਿੱਚ ਯਜੁਰਵੇਦ ਦੀ ਉਤਪੱਤੀ ਵਾਯੂ ਤੋਂ ਦੱਸੀ ਗਈ ਹੈ। ਵਾਯੂ ਗਤੀ ਦਾ ਪ੍ਰਤੀਕ ਹੋਣ ਕਰਕੇ ਕਰਮ ਵੱਲ ਸੰਕੇਤ ਕਰਦਾ ਹੈ। ਯਜੁਰਵੇਦਵਿੱਚ ਕਰਮ ਨੂੰ ਪ੍ਰਮੁੱਖਤਾਦਿੱਤੀ ਗਈ ਹੈ। ਇਸ ਕਾਰਨ ਯਜੁਰਵੇਦ ਸੰਘਿਤਾ ਦੀਆਂ ਦੋ ਸ਼ਾਖਾਵਾਂ ਹਨਸ

(1) ਸ਼ੁਕਲ ਯਜੁਰਵੇਦ

(2) ਕ੍ਰਿਸ਼ਨ ਯਜੁਰਵੇਦ

ਸ਼ੁਕਲ ਯਜੁਰਵੇਦ ਵਿੱਚ 40 ਅਧਿਆਇ ਅਤੇ ਕ੍ਰਿਸ਼ਨ ਯਜੁਰਵੇਦ ਵਿੱਚ 7 ਕਾਂਡ ਪ੍ਰਾਪਤ ਹੁੰਦੇ ਹਨ। ਸ਼ੁਕਲ ਸ਼ਾਖਾ ਵਿੱਚ 328 ਅਤੇ ਕ੍ਰਿਸ਼ਨ ਸ਼ਾਖਾ ਵਿੱਚ 631 ਅਨੁਵਾਦ ਹਨ। ਸ਼ੁਕਲ ਯਜੁਰਵੇਦ ਵਿੱਚ ਮੰਤਰ ਹਨ ਜਿਨ੍ਹਾਂ ਦੀ ਗਿਣਤੀ 2086 ਹੈ ਪਰ ਕ੍ਰਿਸ਼ਨ ਯਜੁਰਵੇਦ ਵਿੱਚ ਬ੍ਰਾਹਮਣ ਭਾਗ ਵੀ ਸ਼ਾਮਲ ਹਨ। ਸ਼ੁਕਲ ਸ਼ਾਖਾ ਦੀ ਮਾਨਤਾ ਵਧੇਰੇ ਹੈ।

ਇਸ ਵੇਦ ਦੇ ਦੋ ਸੰਪ੍ਰਦਾਇ ਹਨ-

(1) ਬ੍ਰਹਮ ਸੰਪ੍ਰਦਾਇ

(2) ਆਦਿਤੀ ਸੰਪ੍ਰਦਾਇ

ਬ੍ਰਹਮ ਸੰਪ੍ਰਦਾਇ ਦਾ ਪ੍ਰਤੀਨਿਧੀ ਕ੍ਰਿਸ਼ਨ ਯਜੁਰਵੇਦ ਹੈ ਅਤੇ ਆਦਿਤੀ ਸੰਪ੍ਰਦਾਇ ਦਾ ਸ਼ੁਕਲ ਯਜੁਰਵੇਦ। ਦੋਵਾਂ ਵਿਚ ਮੁੱਖ ਤੌਰ “ਤੇ ਕਰਮਕਾਂਡ ਦਾ ਵਰਣਨ ਹੀ ਆਉਂਦਾ ਹੈ। ਵੈਦਿਕ ਧਰਮ ਵਿਚ ਯੱਗ ਦੀ ਮੱਹਤਤਾ ਨੂੰ ਮੰਨਿਆ ਗਿਆ ਹੈ। ਵੇਦ ਦੀਆਂ ਇਨ੍ਹਾਂ ਰਚਨਾਵਾਂ ਦਾ ਸਾਥ ਮਨੁੱਖ ਦੇ ਜੀਵਨ ਦੇ ਹਰ ਮੋੜ”ਤੇ ਵੇਖਿਆ ਜਾ ਸਕਦਾ ਹੈ।

ਇਸ ਸੰਸਾਰ ਵਿਚ ਜਨਮ ਲੈਣ ਤੋਂ ਲੈ ਕੈ ਅਲਿਵਦਾ ਆਖਣ ਤੱਕ, ਜੀਵਨ ਦੇ ਹਰ ਸੁੱਖ-ਦੁੱਖ ਦੀ ਘੜੀ ਵਿਚ ਵੇਦ੍ਮੰਤਰਾਂ ਰਾਹੀਂ ਹਵਨ ਕੀਤਾ ਜਾਂਦਾ ਹੈ। ਹਵਨ ਨੂੰ ਸੰਸਾਰ ਦਾ ਪਹਿਲਾ ਧਰਮ ਮੰਨਿਆ ਜਾਂਦਾ ਹੈ।

:ਯਜੁਰਵੇਦ ਵਿਚ ਮਨੁੱਖ ਦੀਆਂ ਮਨੋਕਾਮਨਾਵਾਂ ਦੀ ਪੂਰਤੀ ਲਈ ਅਨੇਕ ਪ੍ਰਕਾਰ ਦੇ ਹਵਨ ਦੱਸੇ ਗਏ ਹਨ। ਜਿਸ ਤਰ੍ਹਾਂ ਅਸ਼ਵਮੇਧ, ਨਰਮੇਧ, ਸਰਬਮੇਧ ਯੋਗ ਆਦਿ। ਇਸਦੇ ਨਾਲ ਹੀ ਹਵਨ ਦੀ ਵੇਦੀ, ਪਾਤਰ, ਆਸਨ, ਹਵਨ ਸਮੱਗਰੀ ਆਦਿ ਬਾਰੇ ਵੀ ਸੂਖਮ ਵਰਣਨ ਆਉਂਦਾ ਹੈ। ਯੱਗ ਅਤੇ ਇਸ ਨਾਲ ਜੁੜੇ ਕਰਮਕਾਂਡ ਨੂੰ ਵਧੇਰੇ ਮਹੱਤਵਦਿੱਤੇ ਜਾਣ ਕਾਰਨ ਪੁਰੋਿਹਤ ਪ੍ਰਧਾਨ ਹੋਗਿਆ।

:ਯਜੁਰਵੇਦ ਦਾ ਇਕ ਸੁੰਦਰ ਪੱਖ ਜੀਵਨ ਦੇ ਉਚੇਰੇ ਪੱਖ ਦਾ ਸੁਹਜਤਾ੍ਭਰਪੂਰ ਵਰਣਨ ਹੈ। ਮਨੁੱਖ ਦੇ ਮਨੋਵਿਗਆਨ ਦੀ ਡੂੰਘੀ ਸਮਝਇਥੇ ਮਿਲਦੀ ਹੈ। ਇਸ ਵਿਚ ਮਨ ਦੇ ਸ਼ੁਭ ਸੰਕਲਪਾਂ ਨੂੰ ਅਹਿਮੀਅਤ ਦਿੱਤੀ ਗਈ ਹੈ ਕਿਉਂਕਿ ਸਾਡੇ ਕਰਮ ਅਤੇ ਕਿਰਦਾਰ ਬਣਦੇ ਹਨ।

ਇਹੀ ਅਭਿਲਾਸ਼ਾ ਹੈਸ
ਮਿੱਤਰ ਦੀ ਦ੍ਰਿਸ਼ਟੀ ਨਾਲ
ਮੈਂ ਸਭ ਪ੍ਰਾਣੀਆਂ ਨੂੰ ਵੇਖਾਂ`

ਇਹ ਹੈ ਯਜੁਰਵੇਦ ਦੀ “ਵਿਸ਼ਵ ਬੰਧੁਤਵ” ਦੀ ਭਾਵਨਾ। ਇਸਦਾ ਸੰਦੇਸ਼ਇਹੀ ਹੈ ਕਿ ਲੋਭ ਵੱਸ ਹੋ ਕੇ ਮਨੁੱਖ ਆਪਣੇ ਵਾਸਤਿਵਕ ਉਦੇਸ਼ ਤੋਂ ਭਟਕ ਜਾਂਦਾ ਹੈ ਅਤੇ ਕ੍ਰੋਧ, ਈਰਖਾ, ਯੁੱਧ ਵਰਗੇ ਨਾਂਹ੍ਪੱਖੀ ਤੱਤ ਜਨਮ ਲੈਂਦੇ ਹਨ। ਸੰਸਾਰ ਦੇ ਸੁੱਖਾਂ ਨੂੰ ਭੋਗਣਾ ਬੁਰਾ ਨਹੀਂ ਹੈ ਪਰੰਤੂ ਅਜਿਹਾ ਕਰਦੇ ਹੋਏ ਕੁਦਰਤ ਦੇ ਪ੍ਰਤੀ ਕਠੋਰਤਾ ਨਹੀਂ ਵਰਤੀ ਜਾਣੀ ਚਾਹੀਦੀ।

3.4.3 ਸਾਮਵੇਦ

ਸਾਮਵੇਦ ਦਾ ਭਾਰਤੀ ਸੰਸਿਕ੍ਰਤੀ ਵਿਚ ਬੇਹੱਦ ਆਦਰਯੋਗ ਸਥਾਨ ਹੈ। ਭਗਵਾਨਕ੍ਰਿਸ਼ਨ ਨੇ “ਵੇਦਾਨਾਂ ਸਾਮਵੇਦ ਅਸਿਮ” ਆਖ ਕੇ ਖੁਦ ਨੂੰ ਸਾਮਵੇਦਕਿਹਾ। ਸਾਮ ਸ਼ਬਦ ਦਾ ਸੰਬੰਧ ਗਾਇਨ ਨਾਲ ਹੈ। ਰਿਗਵੇਦ ਦੇ ਉਨ੍ਹਾਂ ਮੰਤਰਾਂ ਨੂੰ ਸਾਮ ਕਿਹੰਦੇ ਹਨ, ਜਿਨ੍ਹਾਂ ਦਾ ਗਾਇਨ ਕੀਤਾ ਜਾਂਦਾ ਸੀ। ਵੱਖ-ਵੱਖ ਸੁਰਾਂ ਧੁਨਾਂ ਉੱਤੇ ਗਾਏ ਵਾਲੇ ਇਹ ਭਜਨ ਬਾਅਦ ਵਿਚ ਵੱਖ-ਵੱਖ ਕਰ ਲਏ ਤੇ ਇਹੀ ਸਾਮਵੇਦ ਬਣਗਿਆ"।

ਸਾਮਵੇਦ ਦੇ ਤਿੰਨ ਭਾਗ ਹਨ੍ ਪੂਰਬ, ਅਰਿਚਕ, ਅਗਨੀ ਅਰਿਚਕ, ਮੱਧਯ ਅਤੇ ਉੱਤਰ ਅਰਿਚਕ। ਪੂਰਬ ਅਤੇ ਉੱਤਰ ਅਰਿਚਕ ਪ੍ਰਮੁੱਖ ਭਾਗ ਹਨ। ਪੂਰਬ ਅਰਿਚਕ ਵਿਚ ਛੇ ਅਧਿਆਇ ਹਨ ਅਤੇ ਉਤੱਰ ਅਰਿਚਕ ਵਿਚ ਨੋ ਹਨ। ਪੂਰਬ ਅਰਿਚਕ ਵਿਚ 650 ਮੰਤਰ ਪ੍ਰਪਾਤ ਹੁੰਦੇ ਹਨ ਜਦਕਿ ਉੱਤਰ ਵਿੱਚ ਇਨ੍ਹਾਂ ਦੀ ਗਿਣਤੀ 1225 ਹੈ।

ਵੇਦ ਤ੍ਰਈ ਤੋਂ ਭਾਵ ਹੈ ਕਾਵਿ, ਗੱਦ ਅਤੇ ਗਾਇਨ। ਕਾਵਿ੍ ਆਤਿਮਕ ਮੰਤਰ ਰਿਗਵੇਦ ਵਿਚ ਹਨ, ਗੱਦ ਭਾਗ ਯਜੁਰਵੇਦ ਦੀ ਵਿਸ਼ੇਸ਼ਤਾ ਹੈ ਅਤੇ ਮੰਤਰਾਂ ਦਾ ਗਾਇਨ ਸਾਮਵੇਦ ਦੇ ਤਹਿਤ ਆਉਂਦਾ ਹੈ। ਗੀਤ ਹੀ ਸਾਮ ਹਨ। ਸੋ, ਸਾਮਵੇਦ ਗਾਇਨ ਦੀ ਸਿੱਖਿਆ ਦਿੰਦਾ ਹੈ। ਸਾਮਗਾਨ ਦੀ ਪੱਧਤੀ ਵਿਚ ਗੀਥ ਹੁੰਦਾ ਹੈ। ਗੀਥ ਤੋਂ ਭਾਵ ਸੁਰ ਨੂੰ ਉੱਚੇ ਆਲਾਪ ਤੋਂ ਆਰੰਭ ਕਰਕੇ ਸਹਿਜੇ-ਸਹਿਜੇ ਹੇਠਲੇ ਆਲਾਪ ”ਤੇ ਲਿਆਉਣ ਦੀ ਪ੍ਰਕਿਰਆ ਹੈ। ਅਜਿਹਾ ਮਨ ਨੂੰ ਸ਼ਾਤ ਅਤੇ ਅਨੰਦਤ ਕਰਨ ਲਈ ਕੀਤਾ ਜਾਂਦਾ ਹੈ। ਸਾਮਵੇਦ ਦਾ ਗਿਆਤਾ ਗਾਇਨ ਦੇ ਅਭਿਆਸ ਦੇ ਨਾਲ-ਨਾਲ ਮੰਤਰਾਂ ਦੇ ਅਰਥ ਵੀ ਜਾਣਦਾ ਹੈ।

ਮਨੁੱਖ ਦੇ ਜੀਵਨ ਦਾ ਲਕਸ਼ ਪਰਮਾਤਮਾ ਦੀ ਪ੍ਰਾਪਤੀ ਹੈ ਅਤੇ ਵਿਧੀਪੂਰਵਕ ਸਾਮਗਾਇਨ ਸ੍ਰਿਸ਼ਟੀ ਕਰਤਾ ਨਾਲ ਮੇਲ ਕਰ ਸਕਦਾ ਹੈ। ਯੱਗ ਦੀ ਸੰਪੂਰਨਤਾ ਵੀ ਸਾਮਗਾਇਨ ਉਪਰ ਨਿਰਭਰ ਹੈ। ਯੱਗ ਵਿੱਚ ਉਦਗਾਤਾ ਨਾਮ ਦਾ ਪੁਰੋਹਿਤ ਸਾਮਗਾਇਨ ਕਰਦਾ ਹੈ। ਸਾਮਗਾਇਨ ਦਾ ਆਧਾਰ ਰਿਗਵੇਦ ਦੀਆਂ ਰਿਚਾਵਾਂ ਵੀ ਹਨ। ਰਿਚਾ ਨੂੰ ਹੀ ਸਾਮ ਮੰਨਿਆ ਗਿਆ ਹੈ। ਅਥਰਵ ਵੇਦ "ਚ ਆਉਂਦਾ ਹੈ

ਮੈਂ ਸਾਮ ਰੂਪ ਪਤੀ ਹਾਂ
ਤੂੰ ਰਿਗ ਰੂਪ ਪਤਨੀ ਹੈਂ
ਮੈਂ ਆਕਾਸ਼ ਹਾਂ ਅਤੇ ਤੂੰ ਪ੍ਰਿਥਵੀ
ਆ ਆਪਾਂ ਦੋਵੇਂ ਮਿਲ ਕੇ
ਇਥੇ ਉਤਪੰਨ ਹੁੰਦੇ ਰਹੀਏ
ਅਤੇ ਪਰਜਾ ਦੀ ਉਤਪਤੀ ਕਰੀਏ। `

ਉਂਜ, ਸਾਮਵੇਦ ਵਿਚ ਮੌਲਿਕਤਾ ਘੱਟ ਹੈ। ਇਸ ਦਾ ਇਕ ਵੱਡਾ ਹਿੱਸਾ ਰਿਗਵੇਦ ਵਿਚੋਂ ਹੀ ਲਿਆ ਗਿਆ ਹੈ। ਕੁਲ ਮੰਤਰ 1875 ਹਨ ਅਤੇ ਇਸਵਿੱਚ 1504 ਮੰਤਰ ਰਿਗਵੇਦ ਤੋਂ ਲਏ ਹਨ ਅਤੇ 267 ਪੁਨਰੁਕਤੀਆਂ ਰਿਗਵੇਦ "ਚੋਂ ਪ੍ਰਾਪਤ ਕੀਤੀਆਂ ਗਈਆਂ ਹਨ। ਪੁਰਾਣਾਂ ਦੇ ਆਧਾਰ"ਤੇ ਵਿਚਾਰ ਕੀਤਿਆਂ ਪਤਾ ਲੱਗਦਾ ਹੈ ਕਿ ਸਾਮਦੇਵ ਦਾ ਆਕਾਰ ਬਹੁਤਵਿਸ਼ਾਲ ਸੀ। ਅੱਠ ਹਜ਼ਾਰ ਸਾਮ ਅਤੇ ਚੌਦਾਂ ਹਜ਼ਾਰ ਅੱਠ ਸੌ ਵੀਹ ਗਾਇਲ ਸਨ। ਲਿਪੀ ਦੀ ਅਣਹੋਂਦ ਕਾਰਨ ਸੰਪੂਰਨ ਸਾਮਦੇਵ ਅੱਜ ਉਪਲੱਬਧ ਨਹੀ ਹੈ।

ਭਾਰਤੀ ਸ਼ਾਸਤਰੀ ਸੰਗੀਤ ਸਾਮਵੇਦ ਦੀ ਦੇਣ ਹੈ। ਗੀਤ ਸ਼ਬਦ "ਗੈ" (ਗਾਇਨ) ਧਾਤੂ ਤੋਂ ਬਿਣਆ ਹੈ। ਇਸ ਸ਼ਬਦ ਨਾਲ "ਸਮ" ਅਗੇਤਰ ਲਾਉਣ ਨਾਲ "ਸੰਗੀਤ" ਬਣ ਜਾਂਦਾ ਹੈ। ਸੁਰ, ਤਾਲ, ਲੈਅ ਦੇ ਮੇਲ ਅਤੇ ਸੰਤੁਲਨ ਨਾਲ ਸੰਗੀਤ ਪੈਦਾ ਹੁੰਦਾ ਹੈ। ਸਲ ਵਿਚ ਸੰਗੀਤ ਦੇ ਮੂਲ ਨੂੰ ਲੱਭਣਾ ਹੋਵੇ ਤਾਂ ਸਾਨੂੰ ਸਾਮਵੇਦ ਵੱਲ ਹੀ ਪਰਤਣਾ ਪਵੇਗਾ। ਸਾਮਵੇਦ ਦਾ ਸੰਗੀਤ ਜੀਵਨ ਨਾਲ ਜੁੜਿਆ ਹੈ"।

3.4.5 ਅਥਰਵੇਦ

ਚੌਥਾ ਵੇਦ ਅਥਰਵੇਦ ਹੈ। ਅਰਥਵੇਦ ਦਾ ਅਰਥ ਹੈ ਅਭਿਆਸ ਮੰਤਰਾਂ ਦਾ ਇਸ ਵੇਦ ਨਾਲ ਸੰਬੰਧਿਤ ਰਿਸ਼ੀਆਂ ਦੇ ਨਾਂ ਹਨ ਇਸ ਕਰਕੇ ਇਸਨੂੰ "ਅਥਰਵਾਗਿਰੋਵੇਦ" ਨਾਂ ਵੀ ਦਿੱਤਾ ਜਾਂਦਾ ਹੈ। ਇਸ ਵੇਦ ਵਿਚ ਅਨੇਕ ਸੂਕਰ ਰਿਸ਼ੀ ਅਥਰਵਾ ਦੇ ਹਨ। ਇਨ੍ਹਾਂ ਵਿਚ ਮੰਤਰਾਂ ਅਤੇ ਕ੍ਰਿਆਵਾਂ ਰਾਹੀਂ ਮਨ ਨੂੰ ਚੰਚਲਤਾ ਤੋਂ ਦੂਰ ਕਰਕੇ ਸ਼ਾਂਤੀ ਵੱਲ ਮੋੜਨ ਦੇ ਉਪਾਅ ਹਨ। ਦੂਜੇ ਪਾਸੇ ਅੰਗਿਰਾ ਜਾਂ ਅੰਗੀਰਸ ਦਾ ਰਿਗਵੇਦ ਵਿਚ ਜ਼ਿਕਰ ਹੈ। ਅੰਗਿਰਾ ਉਹ ਚਿੰਗਾਰੀ ਹੈ ਜਿਸ ਦਾ ਸਪਰਸ਼ ਕਰਕੇ ਵਸਤੂ ਸੜ ਜਾਦੀ ਹੈ। ਇਹ ਅਥਰਵਵੇਦ ਦੇ ਭਿਆਨਕ ਪੱਖ ਹੈ।

ਅਥਰਵਵੇਦ ਦੀ ਬਾਕੀ ਤਿੰਨ ਵੇਦਾਂ ਤੋਂ ਭਿੰਨਤਾ ਜਾਂ ਵਿਲੱਖਣਤਾ ਇਹ ਹੈ ਕਿ ਇਸ ਵਿਚ ਪਰਲੋਕ ਦੀ ਬਜਾਏ ਇਸ ਲੋਕ ਦੇ ਜੀਵਨ ਅਤੇ ਆਚਰਣ ਉਪਰ ਬਲ ਦਿੱਤਾ ਗਿਆ ਹੈ। ਰਾਜ ਪੁਰੋਹਿਤ ਲਈ ਅਥਰਵਵੇਦ ਦਾ ਗਿਆਤਾ ਹੋਣਾ ਜ਼ਰੂਰੀ ਸੀ। ਇਹ ਮੰਨਿਆ ਜਾਂਦਾ ਸੀ ਕਿਜਿਸ ਰਾਜ ਵਿਚ ਅਥਰਵਵੇਦ ਦੀ ਜਾਣਕਾਰੀ ਰੱਖਣ ਵਾਲਾ ਰਾਜਪੁਰੋਹਿਤ ਹੋਵੇ ਉਹ ਸੁੱਖ, ਸ਼ਾਂਤੀ ਅਤੇ ਵਿਸਤਾਰ ਪ੍ਰਾਪਤ ਕਰਦਾ ਹੈ ਅਤੇ ਅਪਰਾਧ ਅਤੇ ਪਾਪ ਆਦਿ ਤੋਂ ਮੁਕਤ ਰਿਹੰਦਾ ਹੈ।

ਅਥਰਵੇਦ ਵਿਚ 20 ਅਧਿਆਇ, 731 ਸੂਕਤ ਅਤੇ 5927 ਮੰਤਰ ਹਨ। ਇਨ੍ਹਾਂ "ਚੋਂ 1200 ਮੰਤਰ ਰਿਗਵੇਦ ਦੇ ਹਨ। ਇਸਦਾ ਵੀਹਵਾਂ ਕਾਂਡ ਤਾਂ ਰਿਗਵੇਦ ਦੇ ਸੂਕਤਾਂ ਤੋਂ ਹੀ ਬਿਣਆ ਹੈ। ਕੁਲ 20 ਕਾਂਡ ਹਨ। ਇਨ੍ਹਾਂ ਦੇ ਵਿਚ ਸੰਖਿਪਤ ਸੂਕਤ ਵੀ ਹਨ ਅਤੇ ਵੱਡੇ ਵੀ। ਅਥਰਵ ਵੇਦ ਦੇ ਵਿਸ਼ੇ ਵਸਤੂ ਵਿਚ ਵੰਨ੍ਸੁਵੰਨਤਾ ਪ੍ਰਾਪਤ ਹੁੰਦੀ ਹੈ। ਇਸ ਦੇ ਪਹੀਲੇ ਕਾਂਡ ਵਿਚਬਿਮਾਰੀਆਂ, ਦੁਸ਼ਮਣਾਂ ਅਤੇ ਕੀੜ੍ਹੇਮਕੌੜਿਆਂ ਦੇ ਖਾਤਮੇ ਲਈ ਮੰਤਰ ਦਿੱਤੇ ਗਏ ਹਨ। ਦੂਜੇ ਵਿਚ ਲੰਮੀ ਉਮਰਅਤੇ ਰੋਗਮੁਕਤੀ ਦੇ ਉਪਾਅ ਹਨ। ਤੀਜੇ ਕਾਂਡ ਵਿਚ ਦੁਸ਼ਮਣ੍ਹ ਸੈਨਾ ਨੂੰ ਕਿਸ ਤਰ੍ਹਾਂ ਵਸ ਵਿਚ ਕੀਤਾ ਜਾਏ, ਰਾਜੇ ਦੀ ਚੋਣਕਿਵੇਂ ਕੀਤੀ ਜਾਏ ਆਦਿ ਦਾ ਵਰਣਨ ਹੈ। ਚੌਥੇ ਵਿਚ ਵਰਖਾ, ਬ੍ਰਹਮ੍ਰਿੱਦਿਆ, ਰਾਜਿਤਲਕ ਅਤੇ ਪੰਜਵੇਂ ਵਿਚ ਬ੍ਰਾਹਮਣਾਂ ਦੀ ਉਪਮਾ ਪ੍ਰਾਪਤ ਹੁੰਦੀ ਹੈ। ਛੇਵੇਂ ਕਾਂਡ ਵਿਚ ਬੁਰੇ ਸੁਪਿਨਆਂ ਦੇ ਖਾਤਮ ਅਤੇ ਅੰਨ-ਉਪਜਾਊਪਣ, ਸੱਤਵੇਂ ਵਿਚ ਆਤਮਾ-ਪਰਮਾਤਮਾ ਸਬੰਧੀ ਗਿਆਨ ਹੈ। ਇਸੇ ਤਰ੍ਹਾਂ ਅੱਠਵੇਂ ਕਾਂਡ ਵਿਚ ਰਿਗਵੇਦ ਦੇ ਸੱਤ ਛੰਦਾਂ ਦੇ ਵਰਣਾਂ ਦੀ ਗਿਣਤੀ, ਨੌਵੇਂ ਵਿਚ ਔਸ਼ਧ, ਮਿਹਮਾਨ ਨਵਾਜ਼ੀ ਅਤੇ ਦੱਸਵੇਂ ਵਿਚ ਬ੍ਰਹਮ ਵਿੱਦਿਆ ਬਾਰੇ ਮੰਤਰ ਹਨ। 12ਵੇਂ ਕਾਂਡ ਵਿਚ ਭੂਮੀ ਅਤੇ 12ਵੇਂ ਵਿਚ ਅਧਿਆਤਮ ਹੈ। 14ਵੇਂ ਕਾਂਡ ਵਿਚ ਵਿਆਹ ਸੰਬੰਧੀ ਸਿੱਖਿਆ ਪ੍ਰਾਪਤ ਹੁੰਦੀ ਹੈ। 19ਵੇਂ ਕਾਂਡ ਵਿਚ ਜੋਤਿਸ਼ ਸੰਬੰਧੀ ਮੰਤਰ ਹਨ ਅਤੇ ਵੀਹਵੇਂ ਵਿਚ ਇੰਦਰ ਦੀ ਉਸਤਿਤ ਆਦਿ ਦੇ ਮੰਤਰ ਹਨ।

ਅਥਰਵਵੇਦ ਦੀ ਸਮੱਗਰੀ ਤੱਤਕਾਲੀ ਮਨੁੱਖੀ ਸਿਭਅਤਾ ਅਤੇ ਸਮਾਜਿਕ ਵਿਵਸਥਾ ਨੂੰ ਚਿਤ੍ਰਤ ਕਰਦੀ ਹੈ। ਆਮ ਆਦਮੀ ਦੇ ਜੀਵਨ ਕਈ ਬਾਰੀਕ ਚਿੱਤਰ ਇਸ ਵਿਚ ਮਿਲਦੇ ਹਨ। ਪੱਛਮੀ ਵਿਦਵਾਨਾਂ ਨੇ ਅਥਰਵਵੇਦ ਵਿਚ ਜਿਆਦਾਤਰ ਜਾਦੂ-ਟੂਣੇ ਅਤੇ ਪਰੇਤ੍ਰਿੱਦਿਆ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਹੈ। ਪਰੰਤੂ ਜੇਕਰ ਪੂਰਬਲੀਆਂ ਮਾਨਤਾਵਾਂ ਨੂੰ ਹਟਾ ਕੇ ਵਿਚਾਰ ਕੀਤਾ ਜਾਏ। ਜਾਦੂ-ਟੂਣੇ ਅਤੇ ਅੰਧ ਵਿਸ਼ਵਾਸ ਇਸ ਵਿਚ ਨਹੀਂ ਮਿਲਣਗੇ ਸਗੋਂ ਇਸ ਵਿਚ ਸੰਸਾਰਕ ਸੁੱਖ ਪ੍ਰਾਪਤ ਕਰਨ ਦੀਆਂ ਵਿਧੀਆਂ ਉਪਲਬੱਧ ਹੁੰਦੀਆਂ ਹਨ। ੲਬਹੁਤ ਸਾਰੇ ਮੰਤਰ ਅਜਿਹੇ ਹਨ ਜਿਨ੍ਹਾਂ ਬਾਰੇ ਕਿਹਾ ਜਾਦਾਂ ਹੈ ਕਿ ਬਿਮਾਰੀਆਂ ਦੂਰ ਕਰਦੇ ਹਨ। ਵੈਰੀਆ ਦਾ ਨਾਸ ਕਰਨ ਵਾਲੇ ਸਰਾਪ ਇਸ ਵਿਚ ਦਰਜ ਹਨ। ਆਯੂਰਵੈਦਿਕ ਵਿਦਿਆ ਇਸੇ ਵੇਦ ਦੀ ਮਹੱਤਵਪੂਰਣ ਦੇਣ ਹੈ। ਅਰੋਗ ਰਿਹਣ ਲਈ ਕੀ ਉਪਾਉ ਕੀਤੇ ਜਾਣ, ਬੀਮਾਰੀਆਂ ਦਾ ਟਾਕਰਾ ਕਿਵੇਂ ਕਰੀਏ ਆਦਿਕ ਸੰਬੰਧੀ ਮੰਤਰ ਹਨ।

...ਜੇਕਰ ਕਿਹਾ ਜਾਵੇ ਕਿ ਅਥਰਵਵੇਦ ਦੀ ਬਹੁਤੀ ਮਾਨਤਾ ਇਸਦੇ ਉਪਵੇਦ ਆਯੁਰਵੈਦਿਕ ਸਿੱਖਿਆ ਕਾਰਨ ਹੈ ਤਾਂਇਹ ਕੋਈ ਅਤਿਕਥਨੀ ਹੈ"।

ਅਥਰਵਵੇਦ ਵੀ ਬਹੁਤ ਸਾਰੀਆਂ ਥਾਵਾਂ "ਤੇ ਭਾਵਪੂਰਤਚਿੱਤਰ ਪ੍ਰਸਤੁਤ ਕਰਦਾਹੈ। ਜਿਸ ਵਿਚ ਭਾਰਤ ਦੇ ਸਮਾਜਿਕ ਅਤੇ ਪਰਿਵਾਰਿਕ ਆਦਰਸ਼ ਪ੍ਰਤਿਬਿੰਬਤ ਹੋਏ ਹਨ। ਗ੍ਰਿਹਸਥ ਅਸ਼ਰਮ ਵਿਚ ਪ੍ਰਵੇਸ਼ ਕਰਨ ਵਾਲੇ ਇਸਤਰੀ੍ਮਰਦ ਕੇਵਲ ਸਰੀਰਕ ਸੰਬੰਧ ਰਾਹੀ ਸੁੱਖ ਭੋਗਣ ਲਈ ਹੀ ਇੱਕ-ਦੂਜੇ ਨਾਲ ਰਿਹਣ ਨਹੀ ਲੱਗਦੇ, ਸਗੋਂ ਉਨ੍ਹਾਂ ਨੂੰ ਆਪਣੀਆਂ ਮਾਨਿਸਕ ਅਤੇ ਭਾਵਨਾਤਮਕ ਪ੍ਰਿਵਰਤੀਆਂ ਨੂੰ ਤ੍ਰਿਪਤਾਉਣ ਦੀ ਆਵਸ਼ਕਤਾ ਵੀ ਸਮਾਨ ਰੂਪ ਨਾਲ ਹੁੰਦੀ ਹੈ। ਇਸੇ ਲਈ ਅਥਰਵਵੇਦ ਨਾਰੀ ਜਾਤੀ ਨੂੰ ਵਿਸ਼ੇਸ਼ ਸੁਨੇਹਾਦਿੰਦਾ ਹੈ।

ਹੇ ਵਧੂ
ਤੂੰ ਪਤੀ ਦੇ ਘਰ ਜਾ ਕੇ ਮਹਾਰਾਣੀ ਬਣ ।
ਉਸੇ ਤਰ੍ਹਾਂ ਸਾਰੇ ਸੁਖਾਂ ਦੀ ਵਰਖਾ ਕਰਨ ਵਾਲੀ ਬਣ
ਜਿਸ ਤਰ੍ਹਾਂ ਸਾਗਰ ਨਦੀਆਂ ਦਾ ਮਹਾਰਾਜਾ ਬਣਕੇ

ਸਭ ਦੇ ਭਲੇ ਲਈ ਵਰਖਾ ਕਰਦਾ ਹੈ। `

ਅਥਰਵਵੇਦ ਵਿਚ ਬ੍ਰਹਮ, ਮਾਇਆ, ਪਰਮੇਸ਼ਵਰ, ਆਤਮਾ, ਜੀਵਾਤਮਾ, ਕੁਦਰਤ, ਜਨਮ-ਮਰਣ, ਸੁਰਗ-ਨਰਕ ਸੰਬੰਧੀ ਦਾਰਸ਼ਿਨਕ ਸਿਧਾਂਤਾਂ ਦਾ ਬਾਰੀਕੀ ਨਾਲ ਵਰਣਨ ਪ੍ਰਾਪਤ ਹੁੰਦਾ ਹੈ। ਇਸ ਤੋਂ ਬਿਨਾਂ ਮਾਤ੍ਰਭੂਮੀ, ਰਾਸ਼ਟਰਵਾਦ, ਰਾਜਨੀਤੀ ਦੇ ਅਨੇਕ ਸਿਧਾਂਤਾਂ ਨੂੰ ਪਹਿਲੀ ਵਾਰ ਅਥਰਵਵੇਦ ਵਿਚ ਹੀ ਵੇਖਿਆ ਜਾ ਸਕਦਾ ਹੈ। ਬ੍ਰਾਹਮਣ, ਖਤਰੀ, ਵੈਸ਼ਯ, ਸ਼ੂਦਰ ਨੂੰ ਧਰਤੀ-ਪੁੱਤਰ ਮੰਨਦੇ ਹੋਏ ਅਥਰਵਵੇਦ ਸਪੱਸ਼ਟ ਆਦੇਸ਼ ਦਿੰਦਾ ਹੈ ਕਿ ਸਭਨਾਂ ਨੂੰ ਸਾਮਾਨ ਅਧਿਕਾਰ ਪ੍ਰਪਾਤ ਹੋਣੇ ਚਾਹੀਦੇ ਹਨ ਅਤੇ ਆਪਸੀ ਸਦਭਾਵਨਾ, ਏਕਤਾ, ਸੁਹਿਰਦਤਾ, ਸੰਚਾਰ, ਸਮਾਨਤਾ, ਆਪਸੀ ਸੰਪਰਕ ਵਧਾ ਕੇ ਜਦੋਂ ਇਕਮਤ ਹੋ ਕੇ ਲੋਕ ਵਿਚਰਨਗੇ ਤਾਂ ਹੀ ਰਾਸ਼ਟਰ ਸ਼ਕਤੀਸਾਲੀ ਬਣ ਸਕੇਗਾ।

3.5 ਸਾਰ

ਅੰਤਿਮ ਵਿਸ਼ਲੇਸ਼ਣ ਵਿਚ ਇਹ ਕਿਹਣਾ ਬਣਦਾ ਹੈ ਕਿ ਜੀਵਨ ਦੇ ਸਭ ਤਰ੍ਹਾਂ ਦੇ ਪੱਖਾਂ ਨੂੰ ਇਨ੍ਹਾਂ ਚਾਰੇ ਵੇਦਾਂ ਵਿਚ ਸਪਰਸ਼ ਕੀਤਾ ਗਿਆ ਹੈ। ਅਧਿਆਤਮ ਲਈ ਰਿਗਵੇਦ ਹੈ ਤਾਂ ਕਰਮਕਾਂਡ ਦੇ ਗਿਆਨ ਲਈ ਯਜੁਰਵੇਦ ਹੈ। ਸਾਮਵੇਦ ਵਿਚ ਸੰਗੀਤ ਦੀਆਂ ਸੁਰਾਂ ਵਿਚ ਉਪਾਸਨਾ ਸਾਰਥਕ ਹੋਈ ਹੈ ਅਤੇ ਅਥਰਵਵੇਦ ਸੰਸਾਰਕ ਸੁੱਖਾਂ ਅਤੇ ਅਨੇਕ ਪ੍ਰਕਾਰ ਦੇ ਗਿਆਨ-ਵਿਗਿਆਨ ਦਾ ਸੋਮਾ ਹੈ। ਜੀਵਨ ਨੂੰ ਉਸਦੀ ਸੰਪੂਰਨਤਾ ਨਾਲ ਜਾਣਨ ਅਤੇ ਆਪਣੀ ਸ਼ਖਸੀਅਤ ਦੇ ਮੁਕੰਮਲ ਵਿਕਾਸ ਲਈ ਵੇਦਾਂ ਦਾ ਅਧਿਐਨ ਉਪਯੋਗੀ ਹੈ। ਨਿਰਸੰਦੇਹ, ਪਿਵੱਤਰ ਵੇਦ ਮਨੁੱਖਤਾ ਲਈ ਵਰਦਾਨ ਤੁਲ ਹਨ।

3.6 ਪੜ੍ਹਣਯੋਗ ਪੁਸਤਕਾਂ


- ਪਰਮਵੀਰ ਸਿੰਘ (ਡਾ.), ਪ੍ਰਦੁਮਨ ਸ਼ਾਹ ਸਿੰਘ (ਡਾ.), *ਭਾਰਤ ਦੇ ਪ੍ਰਮੁੱਖ ਧਰਮ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2016
- ਪੰਨੂੰ, ਹਰਪਾਲ ਸਿੰਘ (ਡਾ.),*ਭਾਰਤ ਦੇ ਪੁਰਾਤਨ ਧਰਮ - ਇਕ ਸੰਖੇਪ ਸਰਵੇਖਣ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ , ਪਟਿਆਲਾ 2000
- *ਰਿਗਵੇਦ* (ਸੰਸਕ੍ਰਿਤ-ਹਿੰਦੀ)*,* ਗੰਗਾ ਸਹਾਇ ਸ਼ਰਮਾ, ਡਾ.(ਟੀਕਾਕਾਰ), ਸੰਸਕ੍ਰਿਤ ਸਾਹਿਤਯ ਪ੍ਰਕਾਸ਼ਨ, ਨਵੀਂ ਦਿੱਲੀ, 2014
- ਵੇਦ ਮੇ ਕਿਆ ਹੈ, ਡਾਂ . ਪ੍ਰਵੇਸ਼ ਸਕਸੈਨਾ, ਪੁਸਤਕ ਮਹਿਲ, ਦਿੱਲੀ, 2002
- .ਸੱਤਿਆਰਥ ਪ੍ਰਕਾਸ, ਸਵਾਮੀ ਦਯਾਨੰਦ, ਸਾਰਵਦੇਸ਼ਿਕ ਆਰੀਆ ਪ੍ਰਤੀ ਨਿਧ ਸਭਾ, ਨਵੀ ਦਿੱਲੀ, 1975


3.8ਅਭਿਆਸ ਲਈ ਪ੍ਰਸ਼ਨ

ਵੱਡੇ ਪ੍ਰਸ਼ਨ

1. ਵੇਦਾਂ ਤੋਂ ਤੁਸੀਂ ਕੀ ਸਮਝਦੇ ਹੋ?
2. ਭਾਰਤ ਦੇ ਸਭ ਤੋਂ ਪ੍ਰਾਚੀਨ ਗ੍ਰੰਥਾਂ ਦਾ ਵੇਰਵਾ ਦਿਓ।
3. ਰਿਗਵੇਦ ਕੀ ਹੈ?

ਛੋਟੇ ਪ੍ਰਸ਼ਨ

1. ਰਿਗਵੇਦ
2. ਵੇਦਾਂ ਦੀ ਸੰਰਚਨਾ
3. ਵੇਦਾਂ ਦਾ ਸਵਰੂਪ ਨਿਰਧਾਰਣ ਕਰੋ।
4. ਅਥਰਵਵੇਦ ਉੱਤੇ ਚਾਨਣਾ ਪਾਉ।

# ੪. ਉਪਨਿਸ਼ਦ: ਮੁੱਢਲੀ ਜਾਣਕਾਰੀ

4.0 ਉਦੇਸ਼

4.1 ਜਾਣ-ਪਛਾਣ

4.2 ਉਪਨਿਸ਼ਦ ਸ਼ਬਦ ਦਾ ਅਰਥ

4.3 ਉਪਨਿਸ਼ਦਾਂ ਦੀ ਗਿਣਤੀ

4.4 ਸ਼੍ਰੇਣੀਆਂ

4.5 ਉਪਨਿਸ਼ਦਾਂ ਵਿਚ ਮਿਲਦੇ ਵਿਚਾਰ

4.5.1 ਸਵੈਤਸਵਰ

4.5.2 ਅਮਰਪਦ

4.6 ਬ੍ਰਹਮ ਦੀ ਧਾਰਨਾ ਉਪਨਿਸ਼ਦਾਂ ਵਿਚ ਦਿੱਤੇ ਅਨੁਸਾਰ

4.7 ਮਹੱਤਤਾ

4.8 ਉਪਨਿਸ਼ਦਾਂ ਵਿਚ ਬ੍ਰਹਮ ਦਾ ਸਰੂਪ

4.8.1 ਬ੍ਰਹਮ ਸਰਵ ਰੂਪ ਹੈ

4.8.2 ਬ੍ਰਹਮ ਨਿਰਗੁਣ ਸਰੂਪ ਹੈ

4.8.3 ਬ੍ਰਹਮ ਜਗਤ ਦਾ ਕਾਰਨ ਹੈ

4.8.4 ਬ੍ਰਹਮ ਜੋਤਾਂ ਦਾ ਸੋਮਾ ਹੈ

4.8.5 ਬ੍ਰਹਮ ਸਤ ਹੈ

4.8.6 ਬ੍ਰਹਮ ਅਨੰਦ ਹੈ

4.9 ਸਾਰ

4.10 ਪੜ੍ਹਣਯੋਗ ਪੁਸਤਕਾਂ

4.11 ਅਭਿਆਸ ਲਈ ਪ੍ਰਸ਼ਨ

੪.0 ਉਦੇਸ਼-

ਇਸ ਯੂਨਿਟ ਦਾ ਉਦੇਸ਼ ਵਿਦਿਆਰਥੀਆਂ ਨੂੰ ਭਾਰਤੀ ਦਰਸ਼ਨ ਦੇ ਮਹੱਤਵਪੂਰਨ ਭਾਗ ਉਪਨਿਸ਼ਦ ਬਾਰੇ ਮੁੱਢਲੀ ਜਾਣਕਾਰੀ ਪ੍ਰਦਾਨ ਕਰਨਾ ਹੈ।

4.1 ਜਾਣ-ਪਛਾਣ-

ਭਾਰਤੀ ਦਰਸ਼ਨ ਪ੍ਰਣਾਲੀ ਦਾ ਆਰੰਭ ਉਪਨਿਸ਼ਦਾਂ ਤੋਂ ਮੰਨਿਆ ਗਿਆ ਹੈ। ਇਹ ਉਹ ਗ੍ਰੰਥ ਹਨ ਧਨ ਵਚ ਦੁਨੀਆ ਦੇ ਸਭ ਤੋਂ ਉੱਚੇ ਅਧਿਆਤਮੰਗਿਆ ਗਿਆ ਹੈ। ਹੋਏ ਵਿਚ ਉਪਨਿਸ਼ਦ ਦੇਵ ਮੰਗਾ ਸਰਦਾਇਕ ਤੇ ਉੱਚਾ ਉਠਾਉਣ ਵਾਲਾ ਕੋਈ ਹੋਰ ਸਾਹਿਤ ਨਹੀਂ ਹੈ। ਇਹ ਸਾਹਿਤ ਮੇਰੇ ਜੀਵਨ ਦਾ ਸਹਾਰਾ ਰਿਹਾ ਹੈ ਇਹ ਮੇਰੀ ਮੌਤ ਦੀ ਹਮਦਰਦੀ ਬਣੇਗਾ।"

4.2 ਉਪਨਿਸ਼ਦ ਸ਼ਬਦ ਦਾ ਅਰਥ (Meaning of Word Upanishad):-

ਉਪਨਿਸ਼ਦ ਸ਼ਬਦ ਤੋਂ ਕੀ ਭਾਵ ਹੈ, ਇਸ ਉੱਪਰ ਵਿਚਾਰ ਜ਼ਰੂਰੀ ਹੈ। ਡਾ. ਸ਼ਾਂਤੀ ਨਾਥ ਗੁਪਤਾ ਅਨੁਸਾਰ ਉਪਨਿਸ਼ਦ ਸ਼ਬਦ ਤਿੰਨ ਭਾਗਾਂ ਤੋਂ ਮਿਲ ਕੇ ਬਣਿਆ ਹੈ - (1) ਉਪ, ਜਿਸ ਦਾ ਅਰਥ ਕੋਲ ਤੋਂ ਨਿਕਟ ਹੈ, (2) 'ਨਿ' ਜਿਸ ਦਾ ਅਰਥ ਸ਼ਰਧਾ ਜਾਂ ਭਗਤੀ ਨਾਲ ਹੈ, (3) ਸਦ ਸਦਾ ਪੰਜਾਬ ਹੈ, ਬੈਠਣਾ। ਇਸ ਲਈ ਉਪਨਿਸ਼ਦ ਦਾ ਸ਼ਾਬਦਿਕ ਅਰਥ ਕੋਲ ਬੈਠਣਾ ਹੈ। ਇਹ ਉਸ ਜਾਂ ਦਾ ਗਿਆਨ ਹੈ, ਜੋ ਗੁਰੂ ਆਪਣੇ ਸ਼ਿਸ਼ ਨੂੰ ਦਿੰਦਾ ਹੈ, ਜਿਸ ਦਾ ਭਾਵ ਗੁਪਤ ਅਤੇ ਡੂੰਘੀ ਰੱਖਿਆ ਹੈ। ਇਸ ਸਿੱਖਿਆ ਦਾ ਸੰਬੰਧ ਵੇਦਾਂਤ ਨਾਲ ਹੈ। ਵੇਦਾਂਤ ਦਾ ਭਾਵ ਵੇਦ ਦਾ ਅੰਤ, ਹਵ ਵੈਦਿਕ ਪਰੰਪਰਾ ਦਾ ਸਿਖ਼ਰ ਅਤੇ ਉਸ ਦਾ ਅੰਤਿਮ ਭਾਗ। ਜਿਨ੍ਹਾਂ ਸੂਤਰਾਂ ਵਿੱਚ ਇਹ ਰੱਖਿਆ ਦਿੱਤੀ ਗਈ ਹੈ, ਉਨ੍ਹਾਂ ਨੂੰ ਉਪਨਿਸ਼ਦ ਕਿਹਾ ਜਾਂਦਾ ਹੈ। ਇਹ ਧਾਰਮਿਕ ਗ੍ਰੰਥ ਹਨ ਜਿਨ੍ਹਾਂ ਵਿੱਚ ਰਿਸ਼ੀਆਂ-ਮੁਨੀਆਂ ਦੇ ਉਪਦੇਸ਼ ਦਿੱਤੇ ਗਏ ਹਨ ਜਿਹੜੇ ਕਿ ਉਨ੍ਹਾਂ 'ਤੇ ਆਤਮਾ, ਆਤਮਾ, ਜੀਵਨ, ਮੌਤ ਆਦਿ ਦੇ ਸੰਬੰਧ ਵਿੱਚ ਅਤੇ ਹੋਰ ਬਹੁਤ ਸਾਰੀਆਂ ਮਨੁੱਖੀ ਜੀਵਨ ਦੀਆਂ ਸਮੱਸਿਆਵਾਂ ਦੇ ਸੰਬੰਧ ਵਿੱਚ ਹਨ। ਇਹ ਮਨੁੱਖੀ ਗਿਆਨ ਦਾ ਮਹੱਤਵਪੂਰਨ ਗ੍ਰੰਥ ਹਨ। ਸਿਰਫ਼ ਥੋੜ੍ਹੀ ਜਿਹੀ ਗਿਣਤੀ ਦੇ ਉਪਨਿਸ਼ਦ ਹੀ ਬਹੁਤ ਪੁਰਾਣੇ ਹਨ। ਇਹ ਹਨ ਛੰਦੋਗਯ, ਕਠ, ਕੇਨ, ਈਸ, ਪ੍ਰਸ਼ਨ, ਮੁੰਡਕ ਆਦਿ। ਇਨ੍ਹਾਂ ਨੂੰ ਪੁਰਾਣੇ ਜਾਂ ਪਹਿਲਾਂ ਦੇ ਉਪਨਿਸ਼ਦ ਕਿਹਾ ਜਾਂਦਾ ਹੈ। ਹੋਰ ਵੀ ਬਹੁਤ ਸਾਰੇ ਸੂਤਰ ਹਨ, ਜਿਨ੍ਹਾਂ ਨੂੰ ਉਪਨਿਸ਼ਦ ਕਿਹਾ ਜਾਂਦਾ ਹੈ, ਜਿਨ੍ਹਾਂ ਵਿੱਚੋਂ ਬਹੁਤ ਸਾਰਿਆਂ ਦਾ ਮੂਲ ਸਪਰਦਾਇਕ ਹੈ ਅਤੇ ਉਨ੍ਹਾਂ ਦਾ ਵੈਦਿਕ ਆਦਰਸ਼ਾਂ ਅਤੇ ਵਿਚਾਰਾਂ ਨਾਲ ਸੰਬੰਧ ਨਹੀਂ ਹੈ। ਉਪਨਿਸ਼ਦਾਂ ਵਿਚ ਬੜੀਆਂ ਡੂੰਘੀਆਂ ਅਧਿਆਤਮਕ ਸੱਚਾਈਆਂ ਦਾ ਪ੍ਰਗਟਾਵਾ ਕੀਤਾ ਹੈ। ਇਨ੍ਹਾਂ ਵਿਚ ਕਰਮ-ਕਾਂਡਾਂ ਦੀ ਥਾਂ ਗਿਆਨ ਦੀ ਭਾਲ ਅਤੇ ਰਹੱਸਵਾਦੀ ਅਨੁਭਵ ਉੱਤੇ ਜ਼ੋਰ ਦਿੱਤਾ ਗਿਆ ਹੈ ਅਤੇ ਲੋਕਾਂ ਦੇ ਜੀਵਨ ਦਾ ਰੁੱਖ ਬਦਲਿਆ ਹੈ।

4.3 ਉਪਨਿਸ਼ਦਾਂ ਦੀ ਗਿਣਤੀ (Number of Upanishads) :-

ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ 800 ਤੋਂ 500 ਈ. ਪੂ. ਵਿਚਕਾਰ ਵੱਖ-ਵੱਖ ਰਿਸ਼ੀਆਂ ਨੇ 108 ਉਪਨਿਸ਼ਦ ਦੇਖੇ ਸਨ। ਕੁਝ ਉਪਨਿਸ਼ਦ ਬਹੁਤ ਪੁਰਾਣੇ ਹਨ। ਸਭ ਤੋਂ ਪੁਰਾਣੇ ਉਪਨਿਸ਼ਦ ਛਾਂਦੋਗਯ ਅਤੇ ਤੁਰਦ ਆਰਣਯਕ ਕਹੇ ਜਾਂਦੇ ਹਨ।

4.4 ਸ਼੍ਰੇਣੀਆਂ (Classes) :-

ਉਪਨਿਸ਼ਦਾਂ ਨੂੰ ਆਮ ਤੌਰ 'ਤੇ ਦੋ ਸ਼੍ਰੇਣੀਆਂ ਵਿੱਚ ਵੰਡਿਆ ਜਾਂਦਾ ਹੈ। ਇਕ ਪਹਿਲੇ ਕਾਲ ਦੇ ਉਪਨਿਸ਼ਦ ਅਤੇ ਦੂਜੇ ਪਿਛਲੇ ਕਾਲ ਦੇ ਉਪਨਿਸ਼ਦ। ਪਹਿਲੇ ਕਾਲ ਦੇ ਉਪਨਿਸ਼ਦਾਂ ਵਿਚ ਤੈਤਰੀਯ. ਈਸ ਆਦਿ ਆਉਂਦੇ ਹਨ ਅਤੇ ਪਿਛਲੇ ਕਾਲ ਦੇ ਉਪਨਿਸ਼ਦਾਂ ਵਿਚ ਨਾਦ ਬਿੰਦੂ ਆਦਿ ਸ਼ਾਮਿਲ ਕੀਤੇ ਜਾ ਸਕਦੇ ਹਨ। ਉਪਨਿਸ਼ਦ ਸਭ ਤੋਂ ਪੁਰਾਣੀਆਂ ਫਿਲਾਸਫ਼ੀ ਦੀਆਂ ਪੁਸਤਕਾਂ ਹਨ। ਪ੍ਰੋ: ਸੀਤਾ ਰਾਮ ਅਤੇ ਡਾ. ਈਸ਼ਵਰੀ ਪ੍ਰਸਾਦ ਅਨੁਸਾਰ, "ਉਪਨਿਸ਼ਦ ਵੱਡੇ-ਵੱਡੇ ਵਿਦਵਾਨਾਂ ਦੇ ਲਿਖੇ ਹੋਏ " ਹਨ। ਇਨ੍ਹਾਂ ਵਿਚਲੇ ਵਿਸ਼ੇ ਬਹੁਤ ਡੂੰਘੇ ਅਤੇ ਉੱਚ ਪਾਏ ਦੇ ਹਨ। ਇਨ੍ਹਾਂ ਵਿਚ ਆਤਮਾ ਦੀ ਹੋਂਦ ਅਤੇ ਉਸ ਦੀ ਜਾਤ ਉੱਪਰ ਬਹੁਤ ਬਰੀਕੀ ਨਾਲ ਬਹਿਸ ਕੀਤੀ ਗਈ ਹੈ, ਇਨ੍ਹਾਂ ਵਿੱਚ ਪਰਮਾਤਮਾ, ਜੀਵ ਆਤਮਾ, ਦੁਨੀਆ ਦੀ ਸ਼ਕਲ ਸੂਰਤ ਅਤੇ ਉਨ੍ਹਾਂ ਪਰਮ ਅਰਥ ਦੇ ਸੰਬੰਧਾ ਬਾਰੇ ਬਹੁਤ ਕੁਝ ਦੱਸਿਆ ਗਿਆ ਹੈ।

4.5 ਉਪਨਿਸ਼ਦਾਂ ਵਿਚਲੇ ਵਿਚਾਰ (Ideas Depicted in Upanishads):- ਉਪਨਿਸ਼ਦਾਂ ਵਿਚਲੇ ਵਿਚਾਰ ਰਹੱਸਵਾਦੀ ਕਿਸਮ ਦੇ ਹਨ। ਇਨ੍ਹਾਂ ਵਿਚਲੀ ਸਿੱਖਿਆ ਨੂੰ ਵੇਦਾਂਤ ਦਾ ਨਾਂ ਦਿੱਤਾ ਜਾਂਦਾ ਹੈ।

4.5.1 ਪਰਮਾਤਮਾ, ਆਤਮਾ ਅਤੇ ਸ੍ਰਿਸ਼ਟੀ (God, Soul and Universe) :- ਉਪਨਿਸ਼ਦਾਂ ਵਿਚ ਇਹ ਵੀ ਲਿਖਿਆ ਹੈ ਕਿ ਪਰਮਾਤਮਾ ਇਸ ਸ੍ਰਿਸ਼ਟੀ ਵਿਚ ਇਸ ਤਰ੍ਹਾਂ ਘੁਲਿਆ ਹੋਇਆ ਹੈ ਜਿਵੇਂ ਪਾਣੀ ਵਿੱਚ ਨਮਕ ਘੁਲਿਆ ਹੁੰਦਾ ਹੈ। ਨਮਕ ਨੂੰ ਪਾਣੀ ਤੋਂ ਵੱਖ ਕਰਨਾ ਮੁਸ਼ਕਿਲ ਹੁੰਦਾ ਹੈ। ਇਹੋ ਹਾਲਤ ਪਰਮਾਤਮਾ ਦੀ ਹੈ।

ਉਪਨਿਸ਼ਦਾਂ ਵਿਚ ਬ੍ਰਹਮ ਸੰਬੰਧੀ ਦੋ ਸਿੱਧਾਂਤ ਮਿਲਦੇ ਹਨ, ਇਕ ਵਿਵਰਤਵਾਦ, ਜਿਸ ਅਨੁਸਾਰ ਬ੍ਰਹਮ ਸਰਗੁਣ ਹੈ। ਉਹ ਪਰਿਵਰਤਨ ਲਿਆਉਂਦਾ ਹੈ, ਪਰ ਉਸ ਵਿੱਚ ਕੋਈ ਪਰਿਵਰਤਨ ਨਹੀਂ ਆਉਂਦਾ। ਬ੍ਰਹਮ ਨੂੰ ਗੁਣ ਰੂਪ ਦਰਸਾਇਆ ਜਾ ਸਕਦਾ ਹੈ। ਦੂਜਾ ਸਿੱਧਾਰ ਪਰਿਵਾਸਵਾਦ ਹੈ, ਜੋ ਇਸ ਵਿਚਾਰ ਦਾ ਵਿਰੋਧ ਕਰਦਾ ਹੈ।

ਉਪਨਿਸ਼ਦਾਂ ਵਿੱਚ ਬ੍ਰਹਮ ਅਤੇ ਆਤਮਾ ਨੂੰ ਇਕ ਕਿਹਾ ਗਿਆ ਹੈ। ਬ੍ਰਹਮ ਅਤੇ ਆਤਮਾ ਨੂੰ ਜੇ ਸਮਾਨਾਰਥਕ ਕਹਿ ਦਿੱਤਾ ਜਾਵੇ, ਤਾਂ ਗਲਤ ਨਹੀਂ ਹੋਵੇਗਾ। ਡਾ. ਸ਼ਾਂਤੀ ਨਾਥ ਗੁਪਤਾ ਅਨੁਸਾਰ, "ਉਪਨਿਸ਼ਦ ਆਤਮਾ ਤੇ ਬ੍ਰਹਮ ਬਾਰੇ ਗਿਆਨ ਦਿੰਦਾ ਹੈ, ਕਿਉਂਕਿ ਆਤਮਾ ਅਤੇ ਬ੍ਰਹਮ ਦਾ ਸਰੂਪ ਸ਼ੁੱਧ ਅਤੇ ਤਤਸਰਾ ਹੈ, ਇਸ ਲਈ ਆਦਰਸ਼ਵਾਦ ਉਪਨਿਸ਼ਦ ਨੂੰ ਅਧਿਆਤਮਕ ਕਹਿ ਸਕਦੇ ਹਾਂ। ਸ਼ੁੱਧ ਚੇਤਨ ਅਤੇ ਅੰਤਿਮ ਸੱਚਾਈ ਦੇ ਹੋਣ ਕਾਰਣ ਆਤਮਾ ਤੇ ਬ੍ਰਹਮ ਤੱਦ ਰੂਪ ਹਨ। ਆਤਮਾ ਤੇ ਬ੍ਰਹਮ ਨਿੱਤ, ਬੁੱਧ ਗਿਆਨ ਅਤੇ ਆਨੰਤ ਅਤੇ ਆਨੰਦ ਸਰੂਪ ਹਨ। ਬ੍ਰਹਮ ਨੂੰ ਆਪਣੀ ਅੰਤਰ-ਆਤਮਾ ਵਿੱਚ ਪ੍ਰਾਪਤ ਕਰਨਾ ਮੋਕਸ਼ ਹੈ। ਬ੍ਰਹਮ ਇਕ ਦ੍ਰਿਸ਼ਟੀਕੋਣ ਤੋਂ ਗੁਣ ਹੈ ਅਤੇ ਦੂਜੇ ਤੋਂ ਨਿਰਗੁਣ ਹੈ। ਇਹ ਦੋਵੇਂ ਸੱਚਾਈਆਂ ਉਪਨਿਸ਼ਦਾਂ ਵਿਚ ਮਿਲਦੀਆਂ ਹਨ।"

4.5.2 ਸਵੈਤਸਵਤਰ (Svestsvatara) ਉਪਨਿਸ਼ਦਾਂ ਵਿਚ ਇਹ ਲਿਖਿਆ ਹੈ ਕਿ ਰੁਦਰ ਇਕੋ-ਇਕ ਹੈ। ਉਹੀ ਸੰਸਾਰ ਉੱਪਰ ਹਕੂਮਤ ਕਰਨ ਵਾਲਾ ਹੈ। ਉਹੀ ਸੰਸਾਰ ਉੱਪਰ ਹਕੂਮਤ ਕਰਦਾ ਹੈ। ਇੱਥੇ ਰੁਦਰ ਪਰਮਾਤਮਾ ਵੱਲ ਸੰਕੇਤ ਕਰਦਾ ਹੈ। ਕੱਠ ਉਪਨਿਸ਼ਦ ਅਨੁਸਾਰ, ਪੁਰ (ਪਰਮਾਤਮਾ) ਤੇ ਸਮੁੱਚੇ ਸੰਸਾਰ ਦਾ ਜਨਮ ਹੋਇਆ ਹੈ। ਉਸ ਬ੍ਰਹਮ ਦੇ ਕੇ ਤੋਂ ਹੀ ਅਗਨੀ ਉਤਪੰਨ ਹੋਈ ਹੈ। ਉਸ ਦੇ ਭੈ ਤੋਂ ਹੀ ਸੂਰਜ ਚਮਕਦਾ ਹੈ। ਉਪਨਿਸ਼ਦਾਂ ਵਿੱਚ ਆਤਮਾ ਤੇ ਸਰੀਰ ਨੂੰ

ਵੱਖ-ਵੱਖ ਦੱਸਿਆ ਗਿਆ ਹੈ। ਆਤਮ ਬਾਧਨ ਵਾਹਿਗਯ ਉਪਨਿਸ਼ਦ ਵਿੱਚ ਲਿਖਿਆ ਹੈ ਕਿ ਉਹ ਸਵਾਦ ਹੈ, ਪਰਿਆਪਤ ਹੈ, ਇ ਬੰਧਨ ਰਹਿਤ ਹੈ। ਇਹ ਦੁੱਖ ਸੋਗ ਤੋਂ ਪਰੇ ਹੈ। ਉਪਨਿਸ਼ਦ ਸਾਨੂੰ ਆਪਣੀ ਆਤਮਾ ਨੂੰ ਪਛਾਣਨ ਲਈ ਕਹਿੰਦੇ ਹਨ।

4.5.3 ਅਮਰਪਦ - ਉਪਨਿਸ਼ਦਾਂ ਵਿੱਚ ਅਮਰਤਵ ਪਦ ਦੀ ਪ੍ਰਾਪਤੀ ਦੇ ਸਾਧਨਾਂ ਦਾ ਵੀ ਜ਼ਿਕਰ ਮਿਲਦਾ ਹੈ। ਸਾਡੇ ਅੰਦਰ ਕਈ ਤਰ੍ਹਾਂ ਦੀਆਂ ਗ਼ਲਤ ਕਾਮਨਾਵਾਂ ਉੱਠਦੀਆਂ ਹਨ। ਉਨ੍ਹਾਂ ਕਾਮਨਾਵਾਂ ਤੋਂ ਛੁਟਕਾਰਾ ਪਾਉਣ ਨਾਲ ਹੀ ਮਨੁੱਖ ਬ੍ਰਹਮ ਦੀ ਪ੍ਰਾਪਤੀ ਕਰ ਸਕਦਾ ਹੈ। ਕੁਝ ਉਪਨਿਸ਼ਦਾਂ ਵਿਚ ਪਰਮ ਪੁਰਖ ਬਾਰੇ ਲਿਖਿਆ ਹੈ ਕਿ ਓਮ ਜਾਂ ਬ੍ਰਹਮ ਹੀ ਪਰਮ ਪੁਰਖ ਹੈ, ਜਿਸ ਵਿੱਚ ਅਭੇਦ ਹੋਣ ਦੀ ਕੋਸ਼ਿਸ਼ ਮਨੁੱਖ ਨੂੰ ਕਰਨੀ ਚਾਹੀਦੀ ਹੈ। ਉਪਨਿਸ਼ਦਾਂ ਵਿਚ ਉਸ ਕਿਸਮ ਦੀ ਸਿੱਖਿਆ ਦੀ ਪ੍ਰਾਪਤੀ ਉੱਪਰ ਜ਼ੋਰ ਦਿੱਤਾ ਗਿਆ ਹੈ। ਵਿੱਦਿਆ ਦੋ ਕਿਸਮ ਦੀ ਹੈ ਅਰਥਾਤ ਉੱਚ ਅਤੇ ਅਧਮਸ ਅਰਥਾਤ ਨੀਵੀਂ। ਜੋਤਿਸ਼ ਨੀਵੀਂ ਕਿਸਮ ਦੀ ਵਿੱਦਿਆ ਵਿੱਚ ਆਉਂਦੇ ਹਨ। ਉਚੇਰੀ ਵਿੱਦਿਆ ਉਹ ਹੈ, ਜਿਸ ਤੋਂ ਬ੍ਰਹਮ ਦੀ ਪ੍ਰਾਪਤੀ ਦੀ ਜਾਣਕਾਰੀ ਮਿਲਦੀ ਹੈ। ਮੁੰਡਕ ਉਪਨਿਸ਼ਦ ਅਨੁਸਾਰ, ਉੱਚ ਵਿੱਦਿਆ ਉਪਨਿਸ਼ਦਾਂ ਵਿਚ ਹੀ ਮਿਲਦੀ ਹੈ। ਡਾ. ਬਾਸ਼ਮ ਅਨੁਸਾਰ, "ਆਮ ਤੌਰ 'ਤੇ ਉਪਨਿਸ਼ਦਾਂ ਅਨੁਸਾਰ, ਮੁਕਤੀ ਦੀ ਪ੍ਰਾਪਤੀ ਗਿਆਨ ਜਾਂ ਅਨੁਭਵ (Realization) ਨਾਲ ਹੁੰਦੀ ਹੈ। ਇਹ ਵਿਸ਼ਵਾਸ ਜਾਂ ਕਰਮਾਂ ਨਾਲ ਨਹੀਂ ਹੁੰਦੀ। ਇਨ੍ਹਾਂ ਵਿਚਲੇ ਸਿੱਧਾਂਤ ਬਹੁਤ ਵਾਸਤਵਿਕ (Pragmatic) ਹਨ। ਨੇਕੀਆਂ ਤੇ ਬੁਰਾਈਆਂ ਉਸ ਪਰਮ ਪੂਰਣ ਬ੍ਰਹਮ ਅੰਦਰ ਸਮਾ ਜਾਂਦੀਆਂ ਹਨ ਅਤੇ ਇਹ ਸਾਪੇਖਕ ਹਨ। ਸੱਚ ਦੀ ਤਲਾਸ਼ ਕਰਨ ਵਾਲੇ ਲਈ, ਚੰਗਾ ਉਹ ਹੈ ਜੋ ਉਸ ਨੂੰ ਪਰਮਾਤਮਾ ਦੀ ਪ੍ਰਾਪਤੀ ਵੱਲ ਲੈ ਕੇ ਜਾਵੇ ਅਤੇ ਬੁਰਾ ਉਹ ਹੈ ਜੋ ਉਸ ਨੂੰ ਬ੍ਰਹਮ ਤੋਂ ਦੂਰ ਲੈ ਕੇ ਜਾਵੇ। ਇਸ ਤਰ੍ਹਾਂ ਉਹੀ ਚੀਜ਼ ਜੋ ਬੁਰੀ ਹੈ ਜੋ ਵਿਅਕਤੀ ਨੂੰ ਬੰਦਗੀ ਤੋਂ ਦੂਰ ਲੈ ਜਾਂਦੀ ਹੈ।"

4.6 ਬ੍ਰਹਮ ਦੀ ਧਾਰਨਾ ਸੰਬੰਧੀ ਉਪਨਿਸ਼ਦਾਂ ਵਿੱਚ ਦਿੱਤੇ ਅਨੁਸਾਰ (Concept of Absolute as given in Upnishadas) :- ਦਰਸ਼ਨ ਸ਼ਾਸਤਰ ਦੇ ਪ੍ਰਸਿੱਧ ਵਿਦਵਾਨ ਡਾ. ਸ਼ਾਂਤੀ ਨਾਥ ਗੁਪਤਾ ਅਨੁਸਾਰ, "ਸ਼ਬਦ ਬ੍ਰਹਮ ਸੰਸਕ੍ਰਿਤ ਭਾਸ਼ਾ ਦੇ ਇਕ ਧਾਤੂ 'ਬ੍ਰਿਹਾ' ਤੋਂ ਨਿਕਲਿਆ ਹੈ, ਜਿਸ ਦਾ ਅਰਥ ਉੱਗਣ ਵਾਲਾ, ਫੁੱਲ ਨਿਕਲਣਾ ਜਾਂ ਫੁੱਟ ਜਾਣਾ ਵੀ ਹੋ ਸਕਦਾ ਹੈ। ਇਸ ਤੋਂ ਇਹ ਦਾਰਸ਼ਨਿਕ ਭਾਵ ਕੱਢਿਆ ਜਾ ਸਕਦਾ ਹੈ ਕਿ ਉਹ ਤੱਤ ਜਿਸ ਤੋਂ ਦ੍ਰਿਸ਼ਟੀਮਾਨ ਜਗਤ ਦੀ ਉੱਤਪੱਤੀ ਹੋਈ। ਛਾਂਦੋਗਯ ਉਪਨਿਸ਼ਦ ਵਿੱਚ ਬ੍ਰਹਮ ਲਈ ਇਕ ਸ਼ਬਦ ਪ੍ਰਯੋਗ ਕੀਤਾ ਗਿਆ ਹੈ ਉਹ ਹੈ ਤੱਜਲਾਨ, ਜਿਹੜਾ ਚਾਰ ਅੱਖਰਾਂ ਤੋਂ ਮਿਲ ਕੇ ਬਣਦਾ ਹੈ।

(1) 'ਤ' ਜਿਸ ਦਾ ਅਰਥ ਉਹ ਅਰਥਾਤ ਕੋਈ ਸੱਤਾ ਹੈ, (2) 'ਜ' ਜਿਸ ਦਾ ਅਰਥ ਨੂੰ ਪੈਦਾ ਹੋਣਾ ਜਾਂ ਜਿਸ ਤੋਂ ਕੁਝ ਉਤਪੰਨ ਹੋਵੇ ਅਰਥਾਤ ਕਾਰਣ, (3) 'ਲ' ਜਿਸ ਤੋਂ ਭਾਵ ਉਹ ਹੈ ਜਿਹੜਾ ਪਾਲਣਾ ਜਾਂ ਰੱਖਿਆ ਕਰਦਾ ਹੈ, (4) ਆਨ, ਜਿਸ ਦਾ ਅਰਥ ਉਹ ਹੈ ਜਿਸ ਦੇ ਸਹਾਰੇ ਕੋਈ ਚੀਜ਼ ਰਹਿੰਦੀ ਹੋਵੇ। ਇਹ ਚਾਰੇ ਸਥਿਤੀਆਂ ਬ੍ਰਹਮ ਦੀਆਂ ਹਨ। ਬ੍ਰਹਮ ਤੋਂ ਜਗਤ ਉਤਪੰਨ ਹੁੰਦਾ ਹੈ, ਉਸ ਦੇ ਸਹਾਰੇ ਰਹਿੰਦਾ ਹੈ ਅਤੇ ਫਿਰ ਉਸ ਵਿੱਚ ਹੀ ਸਮਾ ਜਾਂਦਾ ਹੈ।

4.7 ਮਹਤਤਾ (Significance):- ਉਪਨਿਸ਼ਦਾਂ ਦੀ ਮਨੁੱਖੀ ਜੀਵਨ ਵਿੱਚ ਬਹੁਤ ਮਹਤਤਾ ਹੈ। ਵਿਲ ਡਿਊਰੈਂਟ (Will Durant) ਨੇ ਉਪਨਿਸ਼ਦਾਂ ਦੀ ਮਹਤਤਾ ਬਾਰੇ ਲਿਖਿਆ ਹੈ ਕਿ, "ਸਾਡੇ ਆਧੁਨਿਕ ਯੁੱਗ ਤੱਕ ਜੋ ਮਹੱਤਵ ਈਸਾਈਆਂ ਲਈ 'ਨਿਊ ਟੈਸਟਾਮੈਂਟ' ਦਾ ਰਿਹਾ ਹੈ ਉਹੀ ਮਹਤਤਾ ਭਾਰਤ ਲਈ ਉਪਨਿਸ਼ਦਾਂ ਦੀ ਹੈ। ਇਹ ਇਕ ਸ੍ਰੇਸ਼ਠ ਧਰਮ ਪ੍ਰਣਾਲੀ ਹੈ, ਜਿਹਨਾਂ 'ਤੇ ਆਚਰਣ ਭਾਵੇਂ ਘੱਟ ਕੀਤਾ ਜਾਂਦਾ ਹੈ, ਪਰੰਤੂ ਇਹ ਸਰਵ-ਪੂਜਨੀਕ ਹਨ। ਯੂਰਪ 4 ਅਤੇ ਅਮਰੀਕਾ ਤੱਕ ਵੀ ਇਸ ਵਿਚਾਰਸ਼ੀਲ ਧਰਮ ਨੇ ਤਿਆਗੀ ਇਸਤਰੀਆਂ ਅਤੇ ਜੀਵਨ ਤੋਂ ਉਕਤਾਏ ਹੋਏ ਪੁਰਖਾਂ ਤੋਂ ਲੈ ਕੇ ਸ਼ਾਪੇਨ ਹਾਵਰ ਅਤੇ ਇਮਰਸਨ ਵਰਗੇ ਲੱਖਾਂ ਵਿਅਕਤੀਆਂ ਦਾ ਮਨ ਮੋਹ ਲਿਆ ਹੈ।" ਇਹਨਾਂ ਉਪਰੋਕਤ ਸ਼ਬਦਾਂ ਤੋਂ ਹੀ ਉਪਨਿਸ਼ਦਾਂ ਦੀ ਮਹਤਤਾ ਸਪਸ਼ਟ ਹੋ ਜਾਂਦੀ ਹੈ।

4.8 ਉਪਨਿਸ਼ਦਾਂ ਵਿਚ ਬ੍ਰਹਮ ਦਾ ਸਰੂਪ (Nature of 'Absolute' in Upanishadas)

'ਬ੍ਰਹਮ' ਸ਼ਬਦ ਦੀ ਉਤਪੱਤੀ ਸੰਸਕ੍ਰਿਤ ਭਾਸ਼ਾ ਦੇ ਇਕ ਧਾਤੂ 'ਬ੍ਰਿਹਾ' ਤੋਂ ਹੋਈ ਹੈ ਜਿਸ ਤੋਂ ਭਾਵ ਉੱਗਣਾ, ਵਧਣਾ ਅਤੇ ਫੁੱਟ ਨਿਕਲਣਾ ਹੈ। ਇਸ ਤੋਂ ਇਹ ਦਾਰਸ਼ਨਿਕ ਭਾਵ ਸਪਸ਼ਟ ਹੁੰਦਾ ਹੈ ਕਿ ਬ੍ਰਹਮ ਉਹ ਤੱਤ ਹੈ ਜਿਸ ਤੋਂ ਇਸ ਸ੍ਰਿਸ਼ਟੀ ਦੀ ਉਤਪੱਤੀ ਹੋਈ ਹੈ। ਬ੍ਰਹਮ ਨੂੰ ਵਿਅਕਤੀ ਅਤੇ ਕੁਦਰਤ ਦੀ ਸ਼ਕਤੀ ਦਾ ਰੂਪ ਮੰਨਿਆ ਜਾ ਸਕਦਾ ਹੈ। ਉਸ ਦੀਆਂ ਸ਼ਕਤੀਆਂ ਅਸੀਮ ਹਨ, ਕਿਉਂਕਿ ਉਹ ਆਪ ਅਸੀਮ ਹੈ। ਉਸ ਨੂੰ ਸਰਵ ਰੂਪ ਅਤੇ ਜੋਤੀਆਂ ਦੀ ਜੋਤੀ ਮੰਨਿਆ ਗਿਆ ਹੈ। ਉਹ ਸਾਰੇ ਗੁਣਾਂ ਦਾ ਆਧਾਰ ਹੁੰਦਿਆਂ ਹੋਇਆ ਵੀ ਨਿਰਗੁਣ ਹੈ। ਇਸ ਨੂੰ ਸਮੁੱਚੇ ਗਿਆਨ ਦਾ ਭੰਡਾਰ ਮੰਨਿਆ ਗਿਆ ਹੈ। ਬਿਨਾ ਸ਼ੱਕ ਉਹ ਸਾਰੇ ਸੰਸਾਰ ਦਾ ਮੂਲ ਕਾਰਨ ਅਤੇ ਆਧਾਰ ਹੈ। ਬ੍ਰਹਮ ਦੇ ਸਰੂਪ ਦਾ ਵਿਸ਼ਲੇਸ਼ਣ ਅਸੀਂ ਹੇਠ ਲਿਖੇ ਅਨੁਸਾਰ ਕਰ ਸਕਦੇ ਹਾਂ :-

4.8.1 ਬ੍ਰਹਮ ਸਰਵ ਰੂਪ ਹੈ (Absolute is Qualified Essence):- ਉਪਨਿਸ਼ਦਾਂ ਵਿਚ ਰਿਸ਼ੀਆਂ ਦੁਆਰਾ ਅਨੇਕਾਂ ਥਾਵਾਂ 'ਤੇ ਬ੍ਰਹਮ ਸਰਵ ਰੂਪ ਦੱਸਿਆ ਗਿਆ ਹੈ। ਮੁੰਡਕ ਉਪਨਿਸ਼ਦ ਵਿਚ ਬ੍ਰਹਮ ਦੇ ਸਰੂਪ ਬਾਰੇ ਅੰਕਿਤ ਹੈ ਕਿ ਬ੍ਰਹਮ ਹੀ ਸਾਡੇ ਸਾਹਮਣੇ, ਪਿੱਛੇ, ਦੱਖਣ, ਉੱਤਰ, ਪੱਛਮ, ਪੂਰਬ, ਉੱਪਰ ਤੇ ਹੇਠਾਂ ਹੈ। ਬ੍ਰਿਹਦ ਆਰਣਯਕ ਉਪਨਿਸ਼ਦ ਵਿਚ ਕਿਹਾ ਗਿਆ ਹੈ ਕਿ ਪਹਿਲਾਂ ਬ੍ਰਹਮ ਹੀ ਸੀ ਅਤੇ ਜਦੋਂ ਉਸ ਨੇ ਆਪਣੇ ਸਰੂਪ ਨੂੰ ਰੂਪਮਾਨ ਕੀਤਾ ਤਾਂ ਉਹ ਸਰਵ ਰੂਪ ਹੋ ਗਿਆ। ਛਾਂਦੋਗਯ ਉਪਨਿਸ਼ਦ ਵਿਚ ਕਿਹਾ ਗਿਆ ਹੈ ਕਿ ਬ੍ਰਹਮ ਸਾਰੀਆਂ ਕਾਰਵਾਈਆਂ, ਸਾਰੀਆਂ ਇੱਛਾਵਾਂ, ਸਾਰੀਆਂ ਗੰਧਾਂ ਅਤੇ ਸਾਰੇ ਸੁਆਦਾਂ ਨੂੰ ਚਖਦਾ ਹੋਇਆ ਸਭ ਤੱਕ ਪਹੁੰਚਦਾ ਹੈ। ਦੂਜੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਬ੍ਰਹਮ ਹੀ ਸਭ ਕੁਝ ਹੈ।

4.8.2 ਬ੍ਰਹਮ ਨਿਰਗੁਣ ਸਰੂਪ ਹੈ (Absolute is Attributeless Essence) ਉਪਨਿਸ਼ਦਾਂ ਵਿਚ ਬ੍ਰਹਮ ਨੂੰ ਨਿਰਗੁਣ ਸਰੂਪ ਵੀ ਕਿਹਾ ਗਿਆ ਹੈ। ਉਸ ਦਾ ਕੋਈ ਵੀ ਰੂਪ. ਰੰਗ, ਆਕਾਰ ਆਦਿ ਨਹੀਂ ਹੈ। ਇਸ ਲਈ ਨਾ ਤਾਂ ਉਸ ਨੂੰ ਵੇਖਿਆ ਜਾ ਸਕਦਾ ਹੈ ਅਤੇ ਨਾ ਹੀ ਸਮਝਿਆ ਜਾ ਸਕਦਾ ਹੈ। ਮੁੰਡਕ ਉਪਨਿਸ਼ਦ ਵਿਚ ਬ੍ਰਹਮ ਨੂੰ ਨਾ ਵੇਖਣ ਯੋਗ, ਨਾ ਗ੍ਰਹਿਣ ਕਰਨ ਯੋਗ ਅਤੇ ਬਿਨਾ ਗੋਤਰ, ਅੱਖਾਂ, ਕੰਨ, ਹੱਥ, ਪੈਰ ਆਦਿ ਵਾਲਾ ਦੱਸਿਆ ਗਿਆ ਹੈ। ਸ਼ੰਕਰ ਦਾ

ਕਹਿਣਾ ਹੈ ਕਿ ਬ੍ਰਹਮ ਜਗਤ ਦਾ ਕਾਰਨ ਤਾਂ ਹੈ, ਪਰ ਉਹ ਆਪ ਜਗਤ ਵਿਚ ਪਰਿਵਰਤਿਤ ਨਹੀਂ ਹੁੰਦਾ। ਉਹ ਇਸ ਪਰਿਵਰਤਨ ਦਾ ਆਧਾਰ ਹੈ, ਕਿਉਂਕਿ ਬ੍ਰਹਮ ਵਰਣਨਾਤੀਤ ਹੈ। ਇਸ ਲਈ ਉਸ ਦੇ ਲਈ ਨੇਤੀ-ਨਤੀ ਇਹ ਨਹੀਂ, ਇਹ ਨਹੀਂ। ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

4.8.3 ਬ੍ਰਹਮ ਜਗਤ ਦਾ ਕਾਰਨ ਹੈ (Absolute is cause of the World):-

ਉਪਨਿਸ਼ਦਾਂ ਵਿਚ ਬ੍ਰਹਮ ਨੂੰ ਜਗਤ ਦਾ ਮੂਲ ਕਾਰਨ ਮੰਨਿਆ ਗਿਆ ਹੈ। ਤੰਤਰੀਯ ਉਪਨਿਸ਼ਦ ਵਿਚ ਕਿਹਾ ਗਿਆ ਹੈ ਕਿ ਬ੍ਰਹਮ ਉਹ ਹੈ ਜਿਸ ਤੋਂ ਸਾਰੀਆਂ ਵਸਤਾਂ ਦੀ ਉਤਪੱਤੀ ਹੁੰਦੀ ਹੈ ਅਤੇ ਜਿਸ ਦੇ ਆਧਾਰ 'ਤੇ ਉਹ ਸਾਰੀਆਂ ਹੋਂਦ ਵਿਚ ਰਹਿੰਦੀਆਂ ਹਨ ਅਤੇ ਅੰਤ ਵਿਚ ਉਹ ਉਸ ਦੇ ਅੰਦਰ ਹੀ ਸਮਾ ਜਾਂਦੀਆਂ ਹਨ। ਛਾਂਦੋਗਯ ਉਪਨਿਸ਼ਦ ਵਿਚ ਬ੍ਰਹਮ ਨੂੰ 'ਤੱਜਲਾਨ' ਕਿਹਾ ਗਿਆ ਹੈ ਜਿਸ ਦਾ ਅਰਥ ਹੈ ਕਿ ਜਗਤ ਦੀ ਉਤਪੱਤੀ ਬ੍ਰਹਮ ਤੋਂ ਹੁੰਦੀ ਹੈ, ਉਹ ਉਸ ਦੇ ਆਸਰੇ 'ਤੇ ਹੀ ਰਹਿੰਦਾ ਹੈ ਅਤੇ ਅੰਤ ਵਿਚ ਉਸ ਵਿਚ ਲੀਨ ਹੋ ਜਾਂਦਾ ਹੈ। ਇਸ ਤੋਂ ਭਾਵ ਇਹ ਹੈ ਕਿ ਬ੍ਰਹਮ ਵਿਚੋਂ ਜਗਤ ਦਾ ਪ੍ਰਗਟਾਵਾ ਹੋਇਆ ਹੈ ਅਤੇ ਇਸ ਪ੍ਰਗਟਾਵੇ ਦਾ ਨਿਮਿੱਤ ਅਤੇ ਉਪਾਦਾਨ ਕਾਰਨ ਬ੍ਰਹਮ ਹੀ ਹੈ।

4.8.4 ਬ੍ਰਹਮ ਜੋਤਾਂ ਦਾ ਸੋਮਾ ਹੈ (Absolute is the Source of Lights):-

ਉਪਨਿਸ਼ਦਾਂ ਵਿਚ ਬ੍ਰਹਮ ਨੂੰ ਸਾਰੀਆਂ ਜੋਤਾਂ ਦਾ ਸੋਮਾ ਦੱਸਿਆ ਗਿਆ ਹੈ। ਸੂਰਜ, ਚੰਨ, ਤਾਰੇ ਆਦਿ ਬ੍ਰਹਮ ਤੇ ਪ੍ਰਕਾਸ਼ ਦੇ ਅੰਸ਼ ਨਾਲ ਹੀ ਪ੍ਰਕਾਸ਼ ਦਿੰਦੇ ਹਨ। ਬ੍ਰਹਮ ਜੋਤ ਨੂੰ ਭੌਤਿਕ ਜੋਤ ਦਾ ਰੂਪ ਨਹੀਂ ਸਮਝਣਾ ਚਾਹੀਦਾ, ਕਿਉਂਕਿ ਸਾਰੀਆਂ ਭੌਤਿਕ ਜੋਤਾਂ ਵਿਚ ਜੇ ਚਾਨਣ ਦਿੱਸਦਾ ਹੈ। ਉਸ ਨੂੰ ਅੱਖਾਂ ਵੇਖ ਸਕਦੀਆਂ ਹਨ, ਪਰ ਬ੍ਰਹਮ ਜੋਤ ਵਿਚ ਅਜਿਹਾ ਚਾਣਨ ਹੈ ਜਿਸ ਨੂੰ ਕੇਵਲ ਯੋਗ ਸ਼ਕਤੀ ਦੁਆਰਾ ਹੀ ਆਪਣੇ ਹਿਰਦੇ ਵਿਚ ਦੇਖਿਆ ਜਾ ਸਕਦਾ ਹੈ। ਬ੍ਰਹਮ ਦੀ ਇਹ ਅਧਿਆਤਮਕ ਜੋਤ ਸ੍ਰਿਸ਼ਟੀ ਦੀ ਹਰ ਵਸਤੂ ਵਿਚ ਮੌਜੂਦ ਰਹਿੰਦੀ ਹੈ।

4.8.5 ਬ੍ਰਹਮ ਸਤ ਹੈ (Absolute is Existence):- ਉਪਨਿਸ਼ਦਾਂ ਵਿਚ ਦੱਸਿਆ ਗਿਆ ਹੈ ਕਿ ਬ੍ਰਹਮ ਪੂਰਨ ਸੱਤ ਦਾ ਰੂਪ ਹੈ। ਦਰਸ਼ਨ ਵਿਚ ਸਤ ਤੋਂ ਭਾਵ ਹੋਂਦ ਤੋਂ ਹੈ। ਬ੍ਰਹਮ ਸਰਵ ਹੋਂਦ ਦਾ ਆਧਾਰ ਹੈ। ਇਸ ਕਾਰਨ ਜਿੱਥੇ ਵੀ ਹੋਂਦ ਮੌਜੂਦ ਹੈ ਉਹ ਬ੍ਰਹਮ ਕਰਕੇ ਹੀ ਹੁੰਦੀ ਹੈ। ਬ੍ਰਹਮ ਆਪਣੀ ਸੱਤਾ ਲਈ ਕਿਸੇ 'ਤੇ ਨਿਰਭਰ ਨਹੀਂ ਹੈ, ਸਗੋਂ ਉਹ ਸੰਸਾਰ ਦੇ ਸਾਰੇ ਜੀਵਾਂ ਅਤੇ ਤੱਤਾਂ ਦੀ ਸੱਤਾ ਦਾ ਆਧਾਰ ਹੈ। ਇਸੇ ਲਈ ਬ੍ਰਹਮ ਨੂੰ ਸਤ (ਹੋਂਦ) ਸਰੂਪ ਮੰਨਿਆ ਜਾਂਦਾ ਹੈ।

4.8.6 ਬ੍ਰਹਮ ਆਨੰਦ ਹੈ (Absolute is Bliss) ਉਪਨਿਸ਼ਦ ਬ੍ਰਹਮ ਨੂੰ ਆਨੰਦ ਰੂਪ ਵੀ ਦੱਸਦੇ ਹਨ। ਇੱਥੇ ਇਹ ਵਰਣਨ ਯੋਗ ਹੈ ਕਿ ਬ੍ਰਹਮ ਦਾ ਇਹ ਆਨੰਦ ਸੰਸਾਰ ਦੀਆਂ ਖੁਸ਼ੀਆਂ ਵਰਗਾ ਨਹੀਂ ਹੁੰਦਾ। ਇਹ ਅਨੰਤ ਸਾਗਰ ਵਾਂਗ ਅਨੰਤ ਅਤੇ ਅਥਾਹ ਹੁੰਦਾ ਹੈ। ਬ੍ਰਹਮ ਦੇ ਆਨੰਦ ਤੋਂ ਹੀ ਸੰਸਾਰ ਦੇ ਸਾਰੇ ਜੀਵਾਂ ਦੀ ਉਤਪੱਤੀ ਹੁੰਦੀ ਹੈ। ਇਸ ਕਾਰਨ ਹੀ ਸਾਰੇ ਜੀਵ ਜਿਉਂਦੇ ਹਨ। ਹਰੇਕ ਜੀਵ ਆਪਣੀ ਸਮਰੱਥਾ ਅਨੁਸਾਰ ਇਸ ਆਨੰਦ ਨੂੰ ਮਹਿਸੂਸ ਕਰਦਾ ਹੈ। ਅੰਡ

ਵਿਚ ਸਾਰੇ ਜੀਵ ਇਸ ਆਨੰਦ ਵਿਚ ਲੀਨ ਹੋ ਜਾਂਦੇ ਹਨ। ਬ੍ਰਹਮ ਦੇ ਇਸ ਆਨੰਦ ਦਾ ਕੋਈ ਅੰਤ ਨਹੀਂ ਹੈ, ਕਿਉਂਕਿ ਉਹ ਪੂਰਨ ਆਨੰਦ ਸਰੂਪ ਹੈ।

4.9 ਸਾਰ:- ਉਪਰੋਕਤ ਵਿਚਾਰਾਂ ਨੂੰ ਦੇਖ ਕੇ ਇਹ ਪਤਾ ਚਲਦਾ ਹੈ ਕਿ ਉਪਨਿਸ਼ਦ ਜਿਸ ਦਾ ਸ਼ਬਦੀ ਅਰਥ ਕੋਲ ਬੈਠਣਾ ਹੈ। ਇਹ ਇਕ ਤਰ੍ਹਾਂ ਦਾ ਗਿਆਨ ਹੈ ਜੋ ਗੁਰੂ ਆਪਣੇ ਚੇਲੇ ਨੂੰ ਦਿੰਦਾ ਹੈ। ਇਹਨਾਂ ਦੀ ਗਿਣਤੀ ਬਾਰੇ ਨਿਸ਼ਚਿਤ ਤੌਰ 'ਤੇ ਕੁਝ ਵੀ ਕਹਿਣਾ ਕਠਿਨ ਹੈ। ਇਹਨਾਂ ਦੀ ਵੰਡ ਦੋ ਸ੍ਰੇਣੀਆਂ ਵਿਚ ਕੀਤੀ ਜਾ ਸਕਦੀ ਹੈ। ਉਪਨਿਸ਼ਦਾਂ ਤੋਂ ਬਹੁਤ ਸਾਰੀ ਸਿੱਖਿਆ ਸ੍ਰਿਸ਼ਟੀ ਬਾਰੇ, ਆਤਮਾ ਤੇ ਬ੍ਰਹਮ ਬਾਰੇ, ਬ੍ਰਹਮ ਦੀ ਧਾਰਨਾ ਬਾਰੇ ਮਿਲਦੀ ਹੈ। ਬ੍ਰਹਮ ਸ਼ਬਦ ਸੰਸਕ੍ਰਿਤ ਦੇ ਇਕ ਧਾਤੂ 'ਬ੍ਰਿਹਾ' ਤੋਂ ਨਿਕਲਿਆ ਹੈ ਜਿਸ ਤੋਂ ਭਾਵ ਉਗਣਾ, ਵਧਣਾ ਅਤੇ ਫੁੱਟ ਨਿਕਲਣਾ ਹੈ। ਇਸ ਤੋਂ ਭਾਵ ਇਹ ਲਿਆ ਜਾ ਸਕਦਾ ਹੈ ਕਿ ਬ੍ਰਹਮ ਉਹ ਤੱਤ ਹੈ ਜਿਸ ਤੋਂ ਵਿਸ਼ਟਆਨ ਜਗਤ ਦੀ ਉਤਪੱਤੀ ਹੋਈ। ਬ੍ਰਹਮ ਨੂੰ ਵਿਅਕਤੀ ਅਤੇ ਪ੍ਰਕ੍ਰਿਤੀ ਦੀ ਸ਼ਕਤੀ ਦਾ ਰੂਪ ਮੰਨਿਆ ਜਾ ਸਕਦਾ ਹੈ। ਉਪਨਿਸ਼ਦਾਂ ਨੂੰ ਸਰਵ ਰੂਪ ਤੇ ਨਿਰਗੁਣ ਦੱਸਿਆ ਗਿਆ ਹੈ। ਬ੍ਰਹਮ ਹੀ ਜਗਤ ਦਾ ਕਾਰਨ ਹੈ। ਉਹ ਜੋਤ ਦਾ ਸਰੂਪ ਹੈ। ਇਸ ਤੋਂ ਇਲਾਵਾ ਉਪਨਿਸ਼ਦਾਂ ਵਿਚ ਬ੍ਰਹਮ ਨੂੰ ਸਤ (ਹੋਂਦ) ਤੇ ਆਨੰਦ ਮੰਨਿਆ ਗਿਆ ਹੈ।

4.10 ਪੜ੍ਹਣਯੋਗ ਪੁਸਤਕਾਂ

*ਈਸ਼ਾਦਿ ਨੌਂ ਉਪਨਿਸ਼ਦ* (ਸੰਸਕ੍ਰਿਤ-ਹਿੰਦੀ), ਗੀਤਾਪ੍ਰੈਸ, ਗੋਰਖਪੁਰ, 2015

*ਛਾਂਦੋਗਯ ਉਪਨਿਸ਼ਦ* (ਸੰਸਕ੍ਰਿਤ-ਹਿੰਦੀ), ਗੀਤਾਪ੍ਰੈਸ, ਗੋਰਖਪੁਰ, 2015

4.11 ਅਭਿਆਸ ਲਈ ਪ੍ਰਸ਼ਨ

1. ਉਪਨਿਸ਼ਦ ਸ਼ਬਦ ਤੋਂ ਤੁਹਾਡਾ ਕੀ ਭਾਵ ਹੈ ?

2. ਉਪਨਿਸ਼ਦਾਂ ਦੀਆਂ ਮੁੱਖ ਸਿੱਖਿਆਵਾਂ ਉੱਪਰ ਇਕ ਸੰਖੇਪ ਨੋਟ ਲਿਖੋ।

3. ਉਪਨਿਸ਼ਦਾਂ ਵਿਚ ਅੰਕਿਤ ਬ੍ਰਹਮ ਦੇ ਸਰੂਪ 'ਤੇ ਇਕ ਨੋਟ ਲਿਖੋ।

## **ਯੂਨਿਟ-5 ਅੰਗ/ਆਗਮ: ਮੁੱਢਲੀ ਜਾਣਕਾਰੀ**

5.0 ਉਦੇਸ਼

5.1 ਜਾਣ-ਪਛਾਣ

5.2 ਅੰਗ ਜਾਂ ਆਗਮ

5.3 ਆਚਰਾਂਗ ਸੂਤਰ

5.3.1 ਦੋ ਭਾਗ

5.3.2 ਭਾਸ਼ਾ

5.3.3 ਵਿਸ਼ਾ-ਵਸਤੂ

5.4 ਕਪਲਸੂਤਰ

5.5 ਉੱਤਰਾਧਿਆਨ ਸੂਤਰ

5.5.1 ਮੁਨੀ ਦਾ ਆਚਰਣ

5.5.2 ਵਿਦਿਆਰਥੀ

5.5.3 ਸਾਧੂ

5.5.4 ਕਰਮ ਫਲ

5.5.5 ਅਗਿਆਨੀ

5.5.6 ਵਹਿਸ਼ੀ ਮਨੁੱਖ

5.5.7 ਆਤਮ-ਸੰਜਮ

5.5.8 ਜੀਵਾਂ ਦੀ ਸਮਾਨਤਾ

5.5.9 ਲੋਭ

5.5.10 ਨਿਮਰਤਾ ਅਤੇ ਸੰਕੋਚ

5.5.11 ਮੁਕਤੀ ਦਾ ਮਾਰਗ

5.6 ਸਾਰ

5.7 ਪੜ੍ਹਣਯੋਗ ਪੁਸਤਕਾਂ

5.8 ਅਭਿਆਸ ਲਈ ਪ੍ਰਸ਼ਨ

5.0 ਉਦੇਸ਼- ਹੱਥਲੀ ਯੂਨਿਟ ਦੇ ਰਾਹੀਂ ਸ੍ਰਮਣਿਕ ਪਰੰਪਰਾ ਦੇ ਪ੍ਰਾਚੀਨ ਜੈਨ ਧਰਮ ਦੇ ਧਰਮ ਗ੍ਰੰਥ ਆਗਮ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ।

5.1 ਜਾਣ-ਪਛਾਣ- ਜੈਨ ਸਾਹਿਤ ਬਹੁਤ ਵਿਸ਼ਾਲ ਹੈ। ਜ਼ਿਆਦਾਤਰ ਸਮਾਂ ਇਹ ਧਾਰਮਿਕ ਸਾਹਿਤ ਹੈ। ਇਹ ਸਾਹਿਤ ਸੰਸਕ੍ਰਿਤ, ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਭਾਸ਼ਾਵਾਂ ਵਿੱਚ ਲਿਖਿਆ ਗਿਆ ਹੈ। ਮਗਧ ਭਗਵਾਨ ਮਹਾਵੀਰਸਵਾਮੀ ਦੀਆਂ ਗਤੀਵਿਧੀਆਂ ਦਾ ਕੇਂਦਰ ਸੀ, ਇਸਲਈ ਉਸਨੇ ਸਥਾਨਕ ਭਾਸ਼ਾ ਅਰਧਮਾਗਧੀ ਵਿੱਚ ਆਪਣਾ ਉਪਦੇਸ਼ ਦਿੱਤਾ ਜੋ ਉਪਲਬਧ ਜੈਨ ਅਗਾਮਾਂ ਵਿੱਚ ਸੁਰੱਖਿਅਤ ਹੈ। ਇਹ ਅਗਮ 45 ਹਨ ਅਤੇ ਸ਼ਵੇਤਾਂਬਰ ਜੈਨ ਦੁਆਰਾ ਪ੍ਰਮਾਣ ਮੰਨਿਆ ਜਾਂਦਾ ਹੈ, ਨਾ ਕਿ ਦਿਗੰਬਰ ਜੈਨ ਦੁਆਰਾ। ਡਿੰਗਬਾਰਸ ਦੇ ਅਨੁਸਾਰ, ਅਗਾਮਾ ਸਾਹਿਤ ਅਨਾਕ੍ਰਵਾਦ ਦੇ ਕਾਰਨ ਵਿਖੰਡਿਤ ਹੋ ਗਿਆ ਹੈ। ਦਿਗੰਬਰ ਸ਼ਤਖੰਡਗਮ ਨੂੰ ਸਵੀਕਾਰ ਕਰਦੇ ਹਨ ਜਿਸ ਨੂੰ 12ਵੇਂ ਅੰਗਦ੍ਰਿਸ਼ਟੀਵਾਦ ਦਾ ਹਿੱਸਾ ਮੰਨਿਆ ਜਾਂਦਾ ਹੈ। ਦਿਗੰਬਰਾਂ ਦੇ ਪ੍ਰਾਚੀਨ ਸਾਹਿਤ ਦੀ ਭਾਸ਼ਾ ਸ਼ੌਰਸੇਨੀ ਹੈ। ਬਾਅਦ ਵਿਚ ਜੈਨ ਪੰਡਤਾਂ ਨੇ ਅਪਭ੍ਰੰਸ਼ ਅਤੇ ਅਪਭ੍ਰੰਸ਼ ਦੀਆਂ ਬਾਅਦ ਦੀਆਂ ਲੋਕ ਭਾਸ਼ਾਵਾਂ ਵਿਚ ਆਪਣੀਆਂ ਰਚਨਾਵਾਂ ਲਿਖ ਕੇ ਭਾਸ਼ਾ ਦੇ ਸਾਹਿਤ ਨੂੰ ਅਮੀਰ ਕੀਤਾ। ਪ੍ਰਾਚੀਨ ਸਾਹਿਤ ਵਿੱਚ ਜੈਨ ਸਾਹਿਤ ਦੇ ਗ੍ਰੰਥ ਸਭ ਤੋਂ ਵੱਧ ਗਿਣਤੀ ਵਿੱਚ ਅਤੇ ਸਭ ਤੋਂ ਪ੍ਰਮਾਣਿਕ ਰੂਪ ਵਿੱਚ ਮਿਲਦੇ ਹਨ। ਜੈਨ ਲੇਖਕਾਂ ਨੇ ਕਈ ਤਰ੍ਹਾਂ ਦੇ ਗ੍ਰੰਥਾਂ ਦੀ ਰਚਨਾ ਕੀਤੀ ਜਿਵੇਂ ਪੁਰਾਣ ਕਾਵਿ, ਚਰਿਤ ਕਾਵਿ, ਕਥਾ ਕਾਵਿ, ਰਾਸ ਕਾਵਿ ਆਦਿ। ਸਵਯੰਭੂ, ਪੁਸ਼ਪਾ ਦੰਤ, ਆਚਾਰੀਆ ਹੇਮਚੰਦਰਜੀ, ਸੋਮਪ੍ਰਭ ਸੂਰੀਜੀ ਆਦਿ ਪ੍ਰਮੁੱਖ ਜੈਨ ਕਵੀ ਹਨ। ਉਸ ਨੇ ਹਿੰਦੂਆਂ ਵਿਚ ਪ੍ਰਚਲਿਤ ਲੋਕ-ਕਥਾਵਾਂ ਨੂੰ ਵੀ ਆਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਇਆ ਅਤੇ ਪਰੰਪਰਾ ਤੋਂ ਵੱਖ ਹੋ ਕੇ ਉਨ੍ਹਾਂ ਦਾ ਨਤੀਜਾ ਆਪਣੇ ਹਿਸਾਬ ਨਾਲ ਦਿਖਾਇਆ।

5.2 ਅੰਗ ਜਾਂ ਆਗਮ

ਅਗਮ ਸ਼ਬਦ ਦੀ ਵਰਤੋਂ ਜੈਨ ਧਰਮ ਦੇ ਮੂਲ ਗ੍ਰੰਥਾਂ ਲਈ ਕੀਤੀ ਜਾਂਦੀ ਹੈ। ਜਿਹੜੇ ਰਿਸ਼ੀ ਕੇਵਲ ਗਿਆਨ ਰੱਖਦੇ ਹਨ, ਮਾਨਾਪਰਾਯ ਗਿਆਨੀ, ਅਵਧੀ ਗਿਆਨੀ, ਚਤੁਰਦਸ਼ਪੁਰਵਾ ਦੇ ਧਾਰਕ ਅਤੇ ਦਸ਼ਪੁਰਵਾ ਦੇ ਧਾਰਨੀ ਹਨ, ਉਨ੍ਹਾਂ ਨੂੰ ਅਗਮ ਕਿਹਾ ਜਾਂਦਾ ਹੈ। ਕਈ ਥਾਵਾਂ 'ਤੇ ਨਵਪੂਰਵ ਦੇ ਧਾਰਕ ਨੂੰ ਅਗਮ ਵੀ ਮੰਨਿਆ ਗਿਆ ਹੈ। ਇਲਾਜ ਕਰਕੇ ਉਸ ਦੇ ਸ਼ਬਦਾਂ ਨੂੰ ਅਗਮ ਵੀ ਕਿਹਾ ਗਿਆ ਹੈ। ਜਦੋਂ ਤੱਕ ਅਗਮ ਬਿਹਾਰੀ ਸੰਨਿਆਸੀ ਮੌਜੂਦ ਸਨ, ਉਨ੍ਹਾਂ ਦਾ ਇੰਨਾ ਮਹੱਤਵ ਨਹੀਂ ਸੀ, ਕਿਉਂਕਿ ਉਦੋਂ ਤੱਕ ਭਿਕਸ਼ੂਆਂ ਦਾ ਆਚਰਣ ਅਗਮ ਸੰਨਿਆਸੀਆਂ ਦੁਆਰਾ ਚਲਾਇਆ ਜਾਂਦਾ ਸੀ। ਜਦੋਂ ਅਗਮ ਮੁਨੀ ਨਹੀਂ ਰਹੇ ਤਾਂ ਉਨ੍ਹਾਂ ਦੁਆਰਾ ਰਚਿਤ ਅਗਮਾਂ ਨੂੰ ਹੀ ਸਾਧਨਾ ਦਾ ਆਧਾਰ ਮੰਨਿਆ ਜਾਂਦਾ ਸੀ ਅਤੇ ਰਿਸ਼ੀ ਉਨ੍ਹਾਂ ਵਿਚ ਦਰਸਾਏ ਨਿਰਦੇਸ਼ਾਂ ਅਨੁਸਾਰ ਆਪਣੀ ਸਾਧਨਾ ਕਰਦੇ ਸਨ। ਅਗਮ ਸ਼ਬਦ ਦੀ ਵਰਤੋਂ ਜੈਨ ਦਰਸ਼ਨ ਵਿੱਚ ਸਾਹਿਤ ਲਈ ਕੀਤੀ ਜਾਂਦੀ ਹੈ। ਸ਼੍ਰੁਤ, ਸੂਤਰ, ਸੁਤਨ, ਗ੍ਰੰਥ, ਸਿਧਾਂਤ, ਦੇਸ਼ਨਾ, ਪ੍ਰਜਾਪਨ, ਉਪਦੇਸ਼, ਆਪਾ ਬਚਨ, ਜਿਨਾ ਬਚਨ, ਅਤੀਹਯਾ, ਆਮਨਯਾ ਆਦਿ ਸਾਰੇ ਆਗਮ ਦੇ ਸਮਾਨਾਰਥਕ ਸ਼ਬਦ ਹਨ। ਅਗਮ ਸ਼ਬਦ ਅਗੇਤਰ “ਆ” ਅਤੇ ਗਮ ਧਾਤੂ ਤੋਂ ਬਣਿਆ ਹੈ। ਅਗੇਤਰ 'ਆ' ਦਾ ਅਰਥ ਹੈ ਸਮੰਤਤ ਅਰਥਾਤ ਸੰਪੂਰਨ ਅਤੇ ਗਮ ਧਾਤੂ ਦਾ ਅਰਥ ਹੈ ਗਤੀ ਨੂੰ ਪ੍ਰਾਪਤ ਕਰਨਾ ਭਾਵ ਜਿਸ ਨੂੰ ਵਸਤੂ ਤੱਤ (ਪਦਾਰਥ ਦੇ ਰਹੱਸ) ਦਾ ਪੂਰਨ ਗਿਆਨ ਹੈ ਉਹ ਅਗਮ ਹੈ ਜਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਆਪ ਪੁਰਖ (ਅਰਿਹੰਤ, ਤੀਰਥੰਕਰ ਜਾਂ। ਕੇਵਲੀ)

ਉਹ ਸ਼ਬਦ ਜੋ ਜਿਨੇਸ਼ਵਰ ਦੇ ਰੂਪ ਵਿੱਚ ਗਿਆਨ ਦਾ ਪ੍ਰਚਾਰ ਕਰਦੇ ਹਨ ਅਤੇ ਗਣਧਰ (ਉਸ ਦੇ ਮੁੱਖ ਚੇਲੇ) ਦੁਆਰਾ ਲਿਖਤੀ ਰੂਪ ਵਿੱਚ ਰਚੇ ਗਏ ਸੂਤਰਾਂ ਨੂੰ ਅਗਮ ਕਿਹਾ ਜਾਂਦਾ ਹੈ।

ਜਿਸ ਤਰ੍ਹਾਂ ਬ੍ਰਾਹਮਣ ਸੰਸਕ੍ਰਿਤੀ ਦਾ ਆਧਾਰ ਵੇਦ ਹੈ, ਬੁੱਧ ਸੰਸਕ੍ਰਿਤੀ ਦ ਆਧਾਰ ਤ੍ਰਿਪਿਟਕ ਹੈ ਅਤੇ ਈਸਾਈ ਸੰਸਕ੍ਰਿਤੀ ਦਾ ਆਧਾਰ ਬਾਈਬਲ ਹੈ, ਉਸੇ ਤਰ੍ਹਾਂ ਜੈਨ ਸੰਸਕ੍ਰਿਤੀ ਦਾ ਆਧਾਰ ਗਣਿਪਿਟਕ ਭਾਵ ਬਾਰਾਂ ਅੰਗ ਸੂਤਰ ਹਨ। ਨੰਦੀ ਸੂਤਰ ਵਿਚ ਬਹੁਤ ਗਿਆਨ ਦੇ ਜੋ 14 ਰੂਪ ਦੱਸੇ ਗਏ ਹਨ ਉਹਨਾਂ ਵਿੱਚੋਂ 13ਵਾਂ ਅੰਗ ਪ੍ਰਵਿਸ਼ਟ ਹੈ। ਮੁੱਖ ਤੌਰ 'ਤੇ ਸ਼ਰੁਤ ਗਿਆਨ ਦੇ ਦੋ ਰੂਪ ਹਨ - ਅੰਗ ਪ੍ਰਵਿਸ਼ਟ ਅਤੇ ਅੰਗ ਬਾਹਰੀ। ਆਚਾਰਾਂਗ ਆਦਿ 2 ਸੂਤਰ ਅੰਗ-ਪ੍ਰਵਿਸ਼ਟ ਹਨ। ਇਹਨਾਂ ਤੋਂ ਇਲਾਵਾ ਸਾਰੇ ਸੂਤਰ ਅੰਗ ਬਾਹਰੀ ਗਿਣੇ ਜਾਂਦੇ ਹਨ, ਜਿਸ ਤਰ੍ਹਾਂ ਵਿਅਕਤੀ ਦੇ ਸਰੀਰ ਵਿਚ 2 ਪੈਰ, 2 ਪੱਟ, 2 ਗੋਡੇ, 2 ਪਸਵਾੜ, 2 ਬਾਹਵਾਂ 1 ਗਰਦਨ ਅਤੇ 1 ਸਿਰ - ਇਹ 12 ਅੰਗ ਹਨ, ਉਸੇ ਤਰ੍ਹਾਂ ਸ਼ਰੁਤ ਰੂਪੀ ਪੁਰਖ ਦੇ 12 ਅੰਤ ਹਨ। ਤੀਰਥੰਕਰ ਭਗਵਾਨ ਦੇ ਉਪਦੇਸ਼ ਅਨੁਸਾਰ ਜਿਹਨਾਂ ਸ਼ਾਸਤਰਾਂ ਨੂੰ ਗਣਧਰ ਮਹਾਰਾਜ ਆਪ ਰਚਦੇ ਹਨ, ਉਹ ਅੰਗ ਕਹੇ ਜਾਂਦੇ ਹਨ। ਗਣਧਰਾਂ ਤੋਂ ਇਲਾਵਾ ਦੂਜੇ ਵਿੱਦਿਆ ਸੰਪੇਨ ਆਚਾਰੀਆਂ ਦੁਆਰਾ ਰਚੇ ਗਏ ਸ਼ਾਸਤਰ ਅੰਗ ਬਾਹਰੀ ਕਹੇ ਜਾਂਦੇ ਹਨ। ਮਹਾਂ ਪੁਰਖਾਂ ਦੁਆਰਾ ਵਰਤੀ ਗਈ ਗਿਆਨ, ਦਰਸ਼ਨ, ਚਰਿੱਤਰ ਦੇ ਅਰਾਧਨ ਕਰਨ ਦੀ ਵਿਧੀ ਨੂੰ ਆਚਾਰ ਕਹਿੰਦੇ ਹਨ। ਆਚਾਰ ਨੂੰ ਪ੍ਰਤੀਪਾਦਿਤ ਕਰਨ ਵਾਲਾ ਸੂਤਰ ਆਚਾਰਾਂਗ ਅਖਵਾਉਂਦਾ ਹੈ।

ਅੰਗਾਂ ਦੀ ਗਿਣਤੀ 12 ਹੈ। ਇਹਨਾਂ ਨੂੰ ਗਨੀਪੀਟਕ ਜਾਂ ਦਵਾਦਸ਼ੰਗੀ ਵੀ ਕਿਹਾ ਜਾਂਦਾ ਹੈ-

1- ਆਚਾਰਾਂਗ

2- ਸੂਤਰਕਰਿਤਾਂਗ

3- ਸਥਾਨਿਗ (ਠਾਣਾਂਗ)

4- ਸਮਵਾਯਾਂਗ

5- ਭਗਵਤੀ, ਵਿਆਖਿਆ ਪ੍ਰਗਿਆਪਤੀ

6- ਗਿਆਤ੍ਰਧਰਮਕਥਾਂਗ ਸੂਤਰ

7- ਉਪਾਸਕ ਦਸ਼ਾਂਗਸੂਤਰ

8- ਅੰਤਕਿਰਧਸ਼ਾਂਕਸੂਤਰ

9-ਅਨੁੱਤਰੌਪ ਪਾਤਿਕ ਸੂਤਰ

10- ਪ੍ਰਸ਼ਨ ਵਿਆਕਰਣ ਸੂਤਰ

11- ਵਿਪਾਕਸੂਤਰ

12- ਦਰਸ਼ਿਟੀਵਾਦ (ਅਨੁਪਲਬਧ)

ਬਾਰਾਂ ਉਪਾਂਗ- 1. ਔਪਪਾਤਿਕਸੂਤਰ 2. ਰਾਜਪ੍ਰਸ਼ਨੀਯ ਸੂਤਰ 3. ਜੀਵਾਭਿਗਮਸੂਤਰ 4. ਪ੍ਰਗਿਆਨਾਸੂਤਰ 5. ਜੰਬੂਦਵੀਪ ਪ੍ਰਗਿਆਪਤੀ ਸੂਤਰ 6. ਚੰਦਰ ਪ੍ਰਗਿਆਪਤੀ 7. ਸੂਰਯਪ੍ਰਗਿਆਪਤੀ 8. ਨਿਰਯਾਵਲਿਕਾਸਤੂਰ 9. ਕਲਪਾਵਤਨਸਿਕ ਸੂਤਰ 10. ਪੁਸ਼ਪਿਕਾਸੂਤਰ 11. ਪੁਸ਼ਪਚੂਲੀਕਾਸੂਤਰ 12. ਵਰਿਸ਼ਣੀਦਸ਼ਾਸੂਤਰ।

ਚਾਰਮੂਲ- 1. ਦਸ਼ਵੈਕਾਲਿਕ ਸੂਤਰ, 2. ਉੱਤਰਾਧਿਐਨ ਸੂਤਰ 3. ਨੰਚੀਸੂਤਰ 4. ਅਨੁਯੋਗਦਵਾਰ ਸੂਤਰ

ਛਹ ਛੇਦ- 1. ਦਸ਼ਸ਼ਰੁੱਤ ਸਕੰਧ ਸੂਤਰ 2. ਵਰਿਹਤਕਲਪਸੂਤਰ 3. ਵਿਯਵਹਾਰ ਸੂਤਰ 4. ਨੀਸ਼ੀਥਸੂਤਰ 5. ਕਲਪਸੂਤਰ 6. ਪੰਚਕਲਪ।

ਅਗੰਮ ਦੀ ਮਾਨਤਾ ਸਬੰਧੀ ਵੱਖ-ਵੱਖ ਪਰੰਪਰਾਵਾਂ ਹਨ। ਦਿਗੰਬਰ ਅਮਨਾਇਆ ਵਿੱਚ ਵਿਸ਼ਵਾਸ ਕਰਦਾ ਹੈ ਕਿ ਜ਼ਿਆਦਾਤਰ ਆਗਾਮ ਖਤਮ ਹੋ ਗਿਆ ਹੈ। ਸ਼ਵੇਤੰਬਰਾ ਆਮਨਯਾ ਵਿੱਚ, ਇੱਕ ਪਰੰਪਰਾ 84 ਅਗਮਾਂ ਨੂੰ ਸਵੀਕਾਰ ਕਰਦੀ ਹੈ, ਇੱਕ ਪਰੰਪਰਾ ਉਪਰੋਕਤ 45 ਅਗਮਾਂ ਨੂੰ ਅਗਮ ਵਜੋਂ ਸਵੀਕਾਰ ਕਰਦੀ ਹੈ ਅਤੇ ਇੱਕ ਪਰੰਪਰਾ ਮਹਾਨਸ਼ਿਤਾ ਓਸ਼ਨਿਰਯੁਕਤੀ, ਪਿੰਡਨਿਰਯੁਕਤੀ ਅਤੇ 10 ਖਿੰਡੇ ਹੋਏ ਸੂਤਰਾਂ ਨੂੰ ਛੱਡ ਕੇ ਬਾਕੀ 32 ਨੂੰ ਸਵੀਕਾਰ ਕਰਦੀ ਹੈ।

ਇਸ ਦਾ ਮੂਲ ਕਾਰਨ ਇਹ ਹੈ ਕਿ ਸ਼ਵੇਤੰਬਰਾ ਪਰੰਪਰਾ ਅਨੁਸਾਰ ਆਚਾਰੀਆ ਦੇਵਰਧਿਗਣੀ ਕਸ਼ਮਾਸ਼ਰਮਣ ਨੇ 84 ਅਗੰਮ ਲਿਖਵਾਏ ਸਨ ਪਰ ਸਮੇਂ ਦੇ ਨਾਲ ਕਈ ਅਗੰਮ ਆਪਣੇ-ਆਪ ਹੀ ਨਸ਼ਟ ਹੋ ਗਏ, ਕੁਝ ਸ਼ਾਸਕਾਂ ਦੇ ਰਾਜ ਦੌਰਾਨ ਨਸ਼ਟ ਹੋ ਗਏ ਅਤੇ ਕਈ ਅਗੰਮ ਇੰਨੇ ਪ੍ਰਭਾਵਸ਼ਾਲੀ ਸਨ ਕਿ ਉਨ੍ਹਾਂ ਦੀ ਯਾਦ ਨੂੰ ਦੇਵਤਾ। ਆਉਂਦੇ ਸਨ, ਇਸ ਲਈ ਅਜਿਹੇ ਗਿਆਨ ਦੀ ਦੁਰਵਰਤੋਂ ਤੋਂ ਬਚਣ ਲਈ, ਗੀਤਾਰਥ ਸੰਤਾਂ ਨੇ ਇਸ ਨੂੰ ਭੰਡਾਰ ਵਿੱਚ ਰੱਖਿਆ।

5.3 ਆਚਾਰਾਂਗ ਸੂਤਰ ਜਾਣ-ਪਛਾਣ (Acharanga Sutra- An Introduction)

ਆਚਰਾਂਗ ਜੈਨੀਆਂ ਦਾ ਇਕ ਮੁੱਖ ਗ੍ਰੰਥ ਹੈ। ਇਸ ਵਿਚ ਮਣ ਨਿਰਗ੍ਰੰਥਾਂ ਦਾ 1. ਆਚਾਰ, 2. ਗੋਚਰ, 3. ਵਿਨਯ, 4. ਵੈਨਯਕ, 5. ਸਿੱਖਿਆ, 6. ਭਾਸ਼ਾ, 7. ਅਭਾਬ 8. ਚਰਣ, 9. ਕਰਣ, 10. ਯਾਤਰਾ ਮਾਤਰਾ ਆਦਿ ਬਿਰਤੀਆਂ ਦਾ ਵਰਣਨ ਕੀਤਾ ਗਿਆ ਹੈ। ਉਹ ਸੇਖੇਪ ਵਿਚ ਪੰਜ ਕਿਸਮ ਦਾ ਹੈ ਜਿਵੇਂ 1. ਗਿਆਨਾਚਾਰ, 2 ਦਰਸ਼ਨਾਚਾਰ, 3. ਚਰਿੱਤਰਾਚਾਰ, 4. ਤਪਾਚਾਰ ਅਤੇ 5. ਵੀਰਯਾਚਾਰ। ਤੀਰਥੰਕਰ ਭਗਵੰਤਾਂ ਦੁਆਰਾ ਪ੍ਰਰੂਪਿਤ ਅਤੇ ਪੂਰਵ ਮਹਾਂਪੁਰਖਾਂ ਦੁਆਰਾ ਆਚਰਿਤ ਗਿਆਨ ਆਦਿ ਦੀ ਅਰਾਧਨਾ ਵਿਧੀ ਨੂੰ ਆਚਾਰ ਕਹਿੰਦੇ ਹਨ ਅਤੇ ਉਸ ਦੇ

ਪ੍ਰਤੀਪਾਦਕ ਗ੍ਰੰਥ ਨੂੰ ਆਚਾਰਾਂਗ ਸੂਤਰ ਕਹਿੰਦੇ ਹਨ। ਦੋ ਭਾਗ (Two Parts) :- ਆਚਾਰਾਂਗ ਸੂਤਰ ਦੇ ਦੋ ਭਾਗ ਹਨ- ਪਹਿਲਾ ਬਹੁਤ ਸਕੰਧ ਅਤੇ ਦੂਜਾ ਸ਼ਰੁਤ ਸਕੰਧ। ਪਹਿਲੇ ਸ਼ਰੁਤ ਸਕੰਧ ਦੇ ਨੌਂ ਅਧਿਐਨ ਹਨ ਅਤੇ ਦੂਜੇ ਸ਼ਰੁਤ ਸਕੰਧ ਦੇ 16 ਅਧਿਐਨ ਹਨ।

ਇਹ ਸਾਰੇ 25 ਅਧਿਐਨ ਹੋਏ। ਦੂਜੇ ਸ਼ਰੂਤ ਸਕੰਧ ਦੇ ਪਹਿਲੇ ਤੋਂ ਸੱਤਵਾਂ, ਸੱਤ - ਅਧਿਐਨ ਨੂੰ ਪਹਿਲੀ ਚਲਾ, 8ਵੇਂ ਤੋਂ 14ਵਾਂ, ਇਹਨਾਂ ਸੱਤ ਅਧਿਐਨਾਂ ਨੂੰ ਦੂਜੀ ਚੂਲਾ, 2 15ਵੇਂ ਅਧਿਐਨ ਨੂੰ ਤੀਜੀ ਚੂਲਾ ਅਤੇ 16ਵੇਂ ਅਧਿਐਨ ਨੂੰ ਚੌਥੀ ਚੂਲਾ ਕਿਹਾ ਗਿਆ ਹੈ। ਭਾਵੇਂ ਦੂਜਾ ਬਹੁਤ ਸਕੰਧ ਪੰਜ ਚੂਲਕਾਵਾਂ ਵਿਚ ਵੰਡਿਆ ਮੰਨਿਆ ਗਿਆ ਹੈ। ਇਹਨਾਂ ਵਿਚੋਂ ਚਾਰ ਚੂਲਾ ਆਚਾਰਾਂਗ ਵਿਚ ਹਨ ਅਤੇ ਪੰਜਵੀਂ ਚੂਲਾ ਆਚਾਰਾਂਗ ਤੋਂ ਵੱਖ ਕਰ ਦਿੱਤੀ ਗਈ ਤੇਰੇ ਜੋ ਨਿਬੀਬ ਸੂਤਰ ਦੇ ਨਾਂ ਨਾਲ ਸੁਤੰਤਰ ਆਗਮ ਮੰਨ ਲਿਆ ਗਿਆ ਹੈ, ਜਿਸ ਵਿਚ ਆਚਾਰਾਂਗ ਵਿਚ ਵਰਣਿਤ ਆਚਾਰ ਵਿਚ ਦੋਸ਼ ਲਗਣ 'ਤੇ ਇਸ ਦੀ ਸ਼ੁੱਧੀ ਲਈ ਪਛਤਾਵਾ ਕਰਨ ਦਾ ਵਿਧਾਨ ਹੈ।

5.4 ਭਾਸ਼ਾ (Dialect) :- ਭਾਸ਼ਾ ਦੀ ਦ੍ਰਿਸ਼ਟੀ ਤੋਂ ਪਹਿਲੇ ਸਰੁਤ ਸਕੰਧ ਵਿਚ ਤਾਤਵਿਕ ਵਿਵੇਚਨਾ ਦੀ ਪ੍ਰਧਾਨਤਾ ਹੋਣ ਨਾਲ ਇਸ ਦੀ ਰਚਨਾ ਸੂਤਰ ਸ਼ੈਲੀ ਵਿਚ ਕੀਤੀ ਗਈ ਹੈ ਜਿਸ ਦੇ ਕਾਰਨ ਇਸ ਦੇ ਭਾਵ-ਭਾਸ਼ਾ ਸ਼ੈਲੀ ਔਖੀ ਹੈ ਜਦੋਂ ਕਿ ਦੂਜੇ ਸ਼ਰੁਤ ਸਕੰਧ ਵਿਚ ਸਾਧਨਾ ਦੇ ਹੰਸ(ਰਾਜ) ਨੂੰ ਵਿਆਖਿਆਤਮਕ ਦ੍ਰਿਸ਼ਟੀ ਤੋਂ ਸਮਝਾਇਆ ਗਿਆ ਹੈ। ਇਸ ਲਈ ਇਸ ਦੀ ਸ਼ੈਲੀ ਬਹੁਤ ਸੌਖੀ ਤੇ ਸਰਲ ਹੈ। ਪਹਿਲੇ ਸ਼ਰੁਤ ਸਕੰਧ ਵਿਚ ਜਿੱਥੇ ਛੋਟੇ-ਛੋਟੇ ਵਾਕਾਂ ਵਿਚ ਭੀਰਤਾ ਯੁਕਤ ਰਹੱਸ ਭਰਿਆ ਹੋਇਆ ਹੈ, ਉਹੋ ਜਿਹਾ ਦੂਜੇ ਸ਼ਰੁਤ ਸਕੰਧ ਵਿਚ ਨਹੀਂ ਹੈ।

5.5 ਵਿਸ਼ਾ-ਵਸਤੂ (Subject Matter) :- ਆਚਾਰਾਂਗ ਸੂਤਰ ਵਿਚ ਮੁਕਤੀਦਾਈ ਤਪ ਵਿਚ ਮਿਹਨਤ ਕਰਨ ਵਾਲੇ ਸਾਰੇ ਜੀਵਾਂ ਪ੍ਰਤੀ ਵੈਰ ਦਾ ਖ਼ਾਤਮਾ ਕਰਨ ਵਾਲੇ ਇਸ਼ਟ, ਅਨਿਸ਼ਟ ਵਿਚ ਸਮਾਨ ਭਾਵ ਰਖਣ ਵਾਲੇ, ਨਿਰਗ੍ਰੰਥਾਂ ਦੇ ਅੰਦਰਲਾ ਅਤੇ ਬਾਹਰਲਾ ਵਿਸ਼ਾ ਕਸ਼ਾਇ ਜਨ, ਕਾਮਿਨੀ ਆਦਿ ਪਰਿਗ੍ਰਹਿ ਰੂਪੀ ਗੰਢ ਤੋਂ ਨਿਰਮੁਕਤ ਸੰਤਾਂ ਦੇ ਆਚਰਣ ਕਰਨ ਯੋਗ ਧੀ, ਮਨਾਹੀਆਂ ਦਾ ਵਰਣਨ ਹੈ। ਇਸ ਸੂਤਰ ਵਿਚ ਸਾਧੂਆਂ ਦੇ ਆਚਰਣ ਨਾਲ ਸੰਬੰਧ ਛੂਟ ਵਾਲੀਆਂ ਸਾਰੀਆਂ ਗੱਲਾਂ ਦਾ ਵਰਣਨ ਕੀਤਾ ਗਿਆ ਹੈ।

ਜਿਵੇਂ

ਆਚਾਰ :- ਗਿਆਨ, ਦਰਸ਼ਨ, ਚਰਿੱਤਰ ਰੂਪੀ ਮੋਕਸ਼ ਮਾਰਗ ਦੀ ਅਰਾਧਨਾ ਕੀਤੇ ਜਾਣ ਵਾਲਾ ਵੱਖ-ਵੱਖ ਆਚਾਰ (ਆਚਰਣ)।

ਗੋਚਰੀ :- ਭਿੱਖਿਆ ਗ੍ਰਹਿਣ ਕਰਨ ਦੀ ਵਿਧੀ।

ਵਿਨਯ :- ਗਿਆਨ ਅਤੇ ਗਿਆਨੀ ਦੀ ਅਤੇ ਵੱਡਿਆਂ ਦੀ ਵਿਨਯ-ਭਗਤੀ।

ਵਿਨੇਯ :- ਚੇਲਿਆਂ ਦਾ ਸਰੂਪ ਅਤੇ ਉਹਨਾਂ ਦਾ ਆਚਰਣ।

ਭਾਸ਼ਾ :- ਚਾਰ ਕਿਸਮ ਦੀ ਭਾਸ਼ਾ ਦਾ ਸਰੂਪ।

ਚਰਣ ਸੱਤਰੀ:- ਪੰਜ ਮਹਾਂਵਤ, ਦੱਸ ਕਿਸਮ ਦਾ ਸ਼ਰਮਣ ਧਰਮ, ਸਤਾਰਾਂ ਕਿਸਮ ਦਾ ਸੰਜਮ, ਦਸ ਕਿਸਮ ਦਾ ਵੇਯਾਵਿਤਯ, ਬ੍ਰਹਮਚਾਰੀਆ ਦੀ ਨਵ-ਬਾੜ, ਗਿਆਨ, ਦਰਸ਼ਨ, ਚਰਿੱਤਰ ਬਾਰਾਂ ਕਿਸਮ ਦਾ ਤੱਪ ਅਤੇ ਚਾਰ ਕਸਾਇਆਂ ਦਾ ਦਮਨ।

ਕਰਣ ਸੱਤਰੀ :- ਚਾਰ ਪਿੰਡ ਸ਼ੁੱਧੀ, ਪੰਜ ਸਮਿਤੀ, ਬਾਰਾਂ, ਭਾਵਨਾ ਬਾਰਾਂ, ਭਿੱਖੂ , ਪੰਡਿਮਾ, ਪੰਜ ਇੰਦਰੀਆਂ ਦਾ ਦਮਨ, ਪੱਚੀ ਕਿਸਮ ਦੀ ਪਡੀਲੇਹਣਾ, ਤਿੰਨ ਗੁਪਤੀਆਂ ਦ੍ਰਵ ਖੇਤਰ ਕਾਲ ਭਾਵ ਦੇ ਭੇਦ ਤੋਂ ਚਾਰ ਕਿਸਮ ਦਾ ਅਭਿਗ੍ਰਹਿ।

ਯਾਤਰਾ :- ਸੰਜਮ ਰੂਪੀ ਯਾਤਰਾ ਦੀ ਪਾਲਣਾ।

ਵਿਤੀ :- ਵੱਖ-ਵੱਖ ਅਤਿਗ੍ਰਹਿਆਂ ਨੂੰ ਧਾਰਨ ਕਰਕੇ ਸੰਜਮ ਦੀ ਪੁਸ਼ਟੀ ਕਰਨੀ।

ਆਚਾਰ ਦਾਂ ਕਿਸਮਾਂ- ਆਚਾਰ ਦੇ ਸੰਖੇਪ ਵਿਚ ਪੰਜ ਰੂਪ ਹਨ - (1) ਗਿਆਨਾਚਾਰ, (2) ਦਰਸ਼ਨਾਚਾਰ, (3) ਚਰਿੱਤਰਾਚਾਰ, (4) ਤਪਾਚਾਰ (5) ਵੀਰਯਾਚਾਰ!

ਉੱਚਿਤ ਤੱਤ ਦਾ ਗਿਆਨ ਕਰਾਉਣ ਕਾਰਨ ਸ਼ਰੁਤ ਗਿਆਨ ਦੀ ਅਰਾਧਨਾ ਕਰਨੀ - ਗਿਆ ਚਾਰ ਹੈ। ਦਰਸ਼ਨ ਦੀ ਨਿਰਸ਼ੰਕਿਤ, ਨਿਰ ਅਭਿਲਾਸ਼ਿਤ ਆਦਿ ਰੂਪ ਨਾਲ ਰੁੱਝ ਗਿਆਨਾ ਕਰਨੀ ਦਰਸ਼ਨਾਚਾਰ ਹੈ। ਗਿਆਨ-ਪੂਰਵਕ ਅਤੇ ਸ਼ਰਧਾਰ ਨਾਵਕਰ ਸਰਵ ਸਾਰਾ ਯੋਗਾਂ ਦਾ ਤਿਆਗ ਕਰਨਾ ਚਰਿੱਤਰ ਹੈ, ਚਰਿੱਤਰ ਦਾ ਸੇਵਨ ਕਰਨਾ ਚਰਿੱਤਰਾਚਾਰ ਹੈ। ਅੰਦਰਲੀ ਅਤੇ ਬਾਹਰਲੀ ਕਿਸਮ ਦਾ ਤਪ ਕਰਨਾ ਤਪਾਚਾਰ ਹੈ। ਆਪਣੀ ਸ਼ਕਤੀ ਨੂੰ ਗੋਪਨ ਨਾ ਕਰਦੇ ਹੋਏ ਧਰਮ ਕਾਰਜਾਂ ਵਿਚ ਯਥਾ ਸ਼ਕਤੀ ਪ੍ਰਵਿਰਤੀ ਕਰਨਾ ਵੀਰਯਾਚਾਰ ਹੈ।

ਉੱਚਿਤ ਗਿਆਨ ਅਤੇ ਕਿਰਿਆ ਨਾਲ ਮੋਕਸ਼ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ ਆਚਾਰ ਦਾ ਪ੍ਰਤੀਪਾਦਕ ਇਹ ਅੰਗ ਪਹਿਲਾ ਦੱਸਿਆ ਗਿਆ ਹੈ ਜਾਂ ਕਿਸੇ ਆਸ ਵਿਸ਼ੇ ਨਾਲ ਗਿਆਨ ਦੀ ਬਜਾਇ ਕਿਰਿਆ ਦੀ ਪ੍ਰਧਾਨਤਾ ਹੋਣ ਨਾਲ ਕਿਰਿਆ ਰੂਪੀ ਆਚਾਰ ਦੱਸਣ ਵਾਲਾ ਇਹ ਸੂਤਰ ਵੀ ਪ੍ਰਧਾਨ ਹੈ। ਇਸੇ ਲਈ ਇਹ ਪਹਿਲਾ ਅੰਗ ਹੈ।

### 5.6 ਕਪਲਸੂਤਰ

ਕਪਲਸੂਤਰ (Kaplasutra) :- ਇਸ ਦੀ ਰਚਨਾ ਪ੍ਰਾਕ੍ਰਿਤਕ ਭਾਸ਼ਾ ਵਿਚ ਕੀਤੀ ਗਈ ਹੈ। ਇਸ ਵਿਚ ਕਗਵਾਨ ਮਹਾਂਵੀਰ ਇਹ ਇਕ ਪ੍ਰਸਿੱਧ ਜੈਨ ਗ੍ਰੰਥ ਦੀ ਹੋਰ ਤੀਰਥੰਕਰਾਂ ਦੀਆਂ ਜੀਵਨੀਆਂ ਦਰਜ ਹਨ। ਇਸ ਗ੍ਰੰਥ ਦੇ ਰਚੇਤਾ ਆਚਾਰੀਆ ਭੱਦ :: ਸਨ, ਜਿਹੜੇ ਚੰਦਰਗੁਪਤ ਮੋਰੀਆ ਦੇ ਸਮੇਂ ਹੋਏ। ਇਸ ਗ੍ਰੰਥ ਵਿਚ ਨਮਸਕਾਰ 'ਤੇ ਬਹੁਤ ਦਿੱਤਾ ਗਿਆ ਹੈ।

ਉਸ ਗ੍ਰੰਥ ਵਿਚ ਮੁੱਢਲੇ ਵਿਸ਼ੇ ਵਿਚ ਨਮਸਕਾਰ ਕੀਤੀ ਗਈ ਹੈ ਜੋ ਅਰਹਰਾਂ : ਵਿਚ ਲੋਕਾਂ, ਧਾਰਮਿਕ ਆਗੂਆਂ, ਧਰਮ ਦੇ ਅਧਿਆਪਕਾਂ ਅਤੇ ਸੰਸਾਰ ਮਹਾਤਮਾਂ ਨੂੰ ਹੈ। ਇਹ ਪੰਜ ਪੱਖੀ ਨਮਸਕਾਰ ਜਿਹੜੀ ਸਾਰੇ ਪਾਪਾਂ ਨੂੰ ਨਸ਼ਟ ਖਰਾਬ ਸਾਰੀਆਂ ਅਸੀਸਾਂ ਵਿਚੋਂ ਸਭ ਤੋਂ ਵੱਡੀ ਡੰਡੋਤ ਹੈ। ਇਸ ਅਰਦਾਸ ਦੇ ਸ਼ਬਦ ਹਨ –

ਮੇਰੀ ਨਮਸਕਾਰ ਹੈ ਅਰਹਤਾ (ਮੁਕਤ ਆਤਮਾਵਾਂ) ਨੂੰ

ਮੇਰੀ ਨਮਸਕਾਰ ਹੈ ਮੁਕਤ ਹੋਏ ਲੋਕਾਂ ਨੂੰ ਹੈ

ਮੇਰੀ ਨਮਸਕਾਰ ਹੈ ਧਾਰਮਿਕ ਆਗੂਆਂ ਨੂੰ

ਮੇਰੀ ਨਮਸਕਾਰ ਹੈ ਧਰਮ ਦੇ ਅਧਿਆਪਕਾਂ ਨੂੰ

ਮੇਰੀ ਨਮਸਕਾਰ ਹੈ ਸੰਸਾਰ ਦੇ ਸਾਰੇ ਸੰਤਾਂ ਮਹਾਤਮਾਵਾਂ ਨੂੰ।

### 5.7 ਉੱਤਰਾ ਧਿਆਨ ਸੂਤਰ

ਉੱਤਰਾਧਿਆਨ ਸੂਤਰ (Uttradhyan Sutra) :- ਇਹ ਵੀ ਜੈਨ ਮਤ ਦਾ ਇਕ ਗ੍ਰੰਥ ਹੈ। ਇਸ ਦਾ ਵਿਸ਼ਾ ਮੁੱਖ ਰੂਪ ਤੋਂ ਨਵਯੁਵਕ ਭਿਕਸ਼ੂ ਦੇ ਜੀਵਨ ਦੇ ਨਿਯਮਾਂ ਦਾ ਜੋ ਇਸ ਤਰ੍ਹਾਂ ਹੈ-

5.7.1 ਮੁਨੀ ਦਾ ਆਚਰਣ (Conduct of Muni) :- ਇਸ ਵਿਚ ਮੁਨੀ ਦੇ ਆਚਰਣ ਬਾਰੇ - 17 ਕਿਹਾ ਗਿਆ ਹੈ ਕਿ ਉਸ ਨੂੰ ਨੇਕੀ ਤੋਂ ਮੂੰਹ ਮੋੜ ਕੇ ਮੰਦੇ ਕੰਮਾਂ ਵੱਲ ਨਹੀਂ ਜਾਣਾ ਰਹੀਦਾ। ਉਸ ਨੂੰ ਸਦਾ ਚੰਗੇ ਵਿਚਾਰ ਵਿਚ ਹੀ ਰੁੱਝੇ ਰਹਿਣਾ ਚਾਹੀਦਾ ਹੈ। ਉਸ ਨੂੰ ਸਦਾ ਮਰਤਾ ਤੇ ਸੰਕੋਚ ਵਿਚ ਰਹਿ ਕੇ ਜੀਵਨ ਬਿਤਾਉਣਾ ਚਾਹੀਦਾ ਹੈ। ਅਮੋਲਕ ਗਿਆਨ ਦੀ ਪਤੀ ਅਤੇ ਵਿਅਰਥ ਚੀਜ਼ਾਂ ਦਾ ਤਿਆਗ ਕਰਨਾ ਚਾਹੀਦਾ ਹੈ। ਕਮੀਨੇ ਪੁਰਸ਼ਾਂ ਦੀ ਸੰਗਤ ਹੀ ਕਰਨੀ ਚਾਹੀਦੀ। ਮਨੁੱਖ ਨੂੰ ਕ੍ਰੋਧ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ। ਜੋ ਮਨੁੱਖ ਇਨ੍ਹਾਂ ਤਹਾਂ 'ਤੇ ਚਲਦਾ ਹੈ ਉਹ ਆਪਣਾ ਮਨ ਜਿੱਤ ਕੇ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਅਜਿਹਾ ਭਾਅ ਮੁਨੀ ਦਾ ਹੁੰਦਾ ਹੈ।

5.7.2 ਵਿਦਿਆਰਥੀ (Student):- ਇਸ ਜੈਨ ਗ੍ਰੰਥ ਅਨੁਸਾਰ, ਵਿਦਿਆਰਥੀ ਦਾ ਫਰਜ਼ ਹੈ ਨ ਕਿ ਉਸ ਦਾ ਉਸਤਾਦ ਉਸ ਨੂੰ ਸਖ਼ਤ ਜਾਂ ਨਰਮ ਸੁਭਾਅ ਮੁਤਾਬਿਕ ਜੋ ਵੀ ਸਿੱਖਿਆ ਦਿੰਦਾ ਹੈ, 35 ਪ੍ਰੈਸ ਨੂੰ ਸਵੀਕਾਰ ਕਰਨੀ ਚਾਹੀਦੀ ਹੈ।

5.7.3 ਸਾਧੂ (Ascetic) :- ਇਸ ਗ੍ਰੰਥ ਵਿਚ ਸਾਧੂ ਦੀ ਪਰਿਭਾਸ਼ਾ ਦਿੰਦਿਆਂ ਲਿਖਿਆ ਹੈ ਗਈ ਕਿ ਸਾਧੂ ਉਹ ਹੁੰਦਾ ਹੈ ਜੋ ਮਨੁੱਖ ਕਿਸੇ ਦੇ ਕੁੱਟ-ਮਾਰ, ਗਾਲ੍ਹਾਂ ਆਦਿ 'ਤੇ ਵੀ ਗੁੱਸਾ ਨਾ ਕਰੇ ਗੁਰੂ ਅਤੇ ਮਨ ਵਿਚ ਬਦਲੇ ਦੀ ਭਾਵਨਾ ਨਾ ਲਿਆਵੇ।

5.7.4 ਕਰਮ ਫਲ (Fruit of Action) :- ਮਨੁੱਖ ਨੂੰ ਆਪਣੇ ਕਰਮ ਕਰਕੇ ਖਾਣਾ ਚਾਹੀਦਾ ਹੈ, ਕਿਸੇ ਨਾਲ ਹੇਰਾ-ਫੇਰੀ ਜਾਂ ਡਾਕੇ ਮਾਰ ਕੇ ਖਾਣਾ ਪਾਪ ਹੈ। ਇਸ ਕਰਕੇ ਮਨੁੱਖ ਨੂੰ ਭਰਮ, ਲੇਖੇ, ਹੰਕਾਰ, ਦਗਾ, ਫਰੇਬ ਅਤੇ ਲਾਲਚ ਦਾ ਤਿਆਗ ਕਰਨਾ ਚਾਹੀਦਾ ਹੈ।

5.7.5 ਅਗਿਆਨੀ (Ignorant) :- ਮਨੁੱਖ ਨੂੰ ਅਗਿਆਨੀ ਵਾਲਾ ਜੀਵਨ ਧਾਰਨ ਨਹੀਂ ਹਨਾ ਚਾਹੀਦਾ। ਅਗਿਆਨੀ ਉਹ ਹੁੰਦਾ ਹੈ ਜੋ ਜੀਵਾਂ ਨੂੰ ਜਾਨੋਂ ਮਾਰਦਾ ਹੈ, ਝੂਠ ਬੋਲਦਾ ਹੈ, ਰਾਬ ਪੀਂਦਾ ਹੈ। ਅਜਿਹਾ ਮਨੁੱਖ ਅੰਤ ਵਿਚ ਮੌਤ ਤੋਂ ਭੈ ਖਾਂਦਾ ਹੈ।

5.7.6 ਵਹਿਸ਼ੀ ਮਨੁੱਖ (Uncivilised Man) :- ਇਸ ਗ੍ਰੰਥ ਵਿਚ ਵਹਿਸ਼ੀ ਮਨੁੱਖ ਬਾਰੇ ਸੂਰ ਬ ਜੋ ਉਦਾਹਰਣ ਦੇ ਕੇ ਸਮਝਾਇਆ ਗਿਆ ਹੈ ਕਿ ਜਿਵੇਂ ਇਕ ਸੂਰ ਦਾਣਿਆਂ ਨਾਲ ਭਰੀ ਤੁ ਅਲੀ ਨੂੰ ਛੱਡ ਕੇ ਮੈਲ ਖਾਣ ਚਲਾ ਜਾਂਦਾ ਹੈ, ਇਸੇ ਤਰ੍ਹਾਂ ਵਹਿਸ਼ੀ ਮਨੁੱਖ ਨੇਕੀ ਤੋਂ ਮੂੰਹ ਮੋੜ ਵਰ ਮੰਦੇ ਕੰਮਾਂ ਵਲ ਤੁਰ ਪੈਂਦਾ ਹੈ।

5.7.7 ਆਤਮ-ਸੰਜਮ (Self-restraint) :- ਮਨੁੱਖ ਨੂੰ ਆਪਣੇ-ਆਪ 'ਤੇ ਕਾਬੂ ਕਰਕੇ ਚੇਰੇ ਬਣਨਾ ਚਾਹੀਦਾ ਹੈ। ਸੰਤ-ਮਹਾਤਮਾ ਸਵੈ-ਕਾਬੂ ਕਾਰਣ ਹੀ ਹੋਰਾਂ ਤੋਂ ਉਚੇਰੇ ਹੁੰਦੇ ਹਨ।

5.7.8 ਜੀਵਾਂ ਦੀ ਸਮਾਨਤਾ (Equality of Creatures) :- ਮਨੁੱਖ ਨੂੰ ਜੀਵਾਂ ਨਾਲ ਪਿਆਰ ਕਰਨਾ ਚਾਹੀਦਾ ਹੈ। ਹਰ ਇਕ ਨੂੰ ਭਾਵੇਂ ਉਹ ਜੀਵ ਵੀ ਕਿਉਂ ਨਾ ਹੋਵੇ, ਜਾਨ ਨਾਲ - ਆਰ ਹੁੰਦਾ ਹੈ। ਇਸ ਲਈ ਜੀਵ ਹੱਤਿਆ ਨਹੀਂ ਕਰਨੀ ਚਾਹੀਦੀ।

5.8.9 ਲੋਭ  (Greed)

ਮਨੁੱਖ ਨੂੰ ਲੋਭ ਨਹੀਂ ਕਰਨਾ ਚਾਹੀਦਾ। ਇਸ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ। ਲੋਭੀ ਨੂੰ ਭਾਵੇਂ ਸਾਰੀ ਧਰਤੀ ਦਾ ਮਾਲਕ ਬਣਾ ਦੇਵੇ, ਉਸ ਦੀ ਤ੍ਰਿਸ਼ਨਾ ਹੋਰ ਵੀ ਪੂਰੀ ਨਹੀਂ ਹੁੰਦੀ। ਜਦੋਂ ਮਨੁੱਖ ਇਹ ਜਾਣਦਾ ਹੈ ਕਿ ਇਸ ਸਭ ਨੇ ਇੱਥੇ ਹੀ ਰਹਿ ਜਾਣਾ ਹੈ, ਫਿਰ ਉਹ ਆਪਣੀਆਂ ਖਾਹਿਸ਼ਾਂ ਵਿਚ ਵਾਧਾ ਕਿਉਂ ਕਰਦਾ ਹੈ। ਇਸ ਲਈ ਉਸ ਨੂੰ ਲੋਭ ਦਾ ਤਿਆਗ ਕਰਨਾ ਚਾਹੀਦਾ ਹੈ।

5.8.10 ਨਿਮਰਤਾ ਅਤੇ ਸੰਕੋਚ (Humility and Reluctance) :- ਨਿਮਰਤਾ ਅਤੇ ਸੰਕੋਚ ਬਾਰੇ ਇਸ ਗ੍ਰੰਥ ਵਿਚ ਲਿਖਿਆ ਹੈ ਸਾਨੂੰ ਹਮੇਸ਼ਾ ਨਿਮਰਤਾ ਤੇ ਸੰਕੋਚ ਵਿਚ ਰਹਿਣਾ ਚਾਹੀਦਾ' ਹੈ ਤੇ ਸਿਆਣਿਆਂ ਦੇ ਸਾਹਮਣੇ ਬੈਠਿਆਂ ਬਹੁਤੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ ਸਾਨੂੰ ਸਦਾ ਅਮੋਲਕ ਗਿਆਨ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ ਤੇ ਵਿਅਰਥ ਚੀਜ਼ਾਂ ਦਾ ਤਿਆਗ ਕਰਨਾ ਚਾਹੀਦਾ ਹੈ।

5.8.11 ਮੁਕਤੀ ਦਾ ਮਾਰਗ (Path of Salvation) :- ਮੁਕਤੀ ਦਾ ਇਕੋ-ਇਕ ਮਾਰਤ ਇਹ ਹੈ ਕਿ ਮਨੁੱਖ ਸੱਚਾ ਗਿਆਨ ਪੜ੍ਹ ਕੇ ਭਰਮ ਭੁਲੇਖੇ ਤੇ ਅਗਿਆਨਤਾ ਤੋਂ ਬਚ ਕੇ, ਮੌਤ ਤੇ ਘ੍ਰਿਣਾ ਨੂੰ ਮਾਰ ਕੇ ਛੁਟਕਾਰਾ ਪਾ ਸਕਦਾ ਹੈ, ਜੋ

ਆਤਮ ਆਨੰਦ ਹੈ ਜੋ ਮਨੁੱਖ ਭਰਮ ਭੁਲੇਖਿਆਂ ਤੋਂ ਦੂਰ ਜਾਂਦਾ ਹੈ, ਉਸ ਨੂੰ ਮੁਕਤੀ ਪ੍ਰਾਪਤੀ ਦਾ ਸਾਧਨ ਮਿਲ ਜਾਂਦਾ ਹੈ।

5.9 ਸਾਰ (Conclusion):- ਉਪਰੋਕਤ ਵਿਆਖਿਆ ਤੋਂ ਸਪਸ਼ਟ ਹੈ ਕਿ ਆਚਾਰਾਂਗ ਸੂਤਰ ਜੈਨੀਆਂ ਦਾ ਇਕ ਪਵਿੱਤਰ ਧਾਰਮਿਕ ਗ੍ਰੰਥ ਹੈ। ਇਸ ਵਿਚ ਦੋ ਸ਼ਰੁਤ ਸਕੰਧ ਹਨ ਪਹਿਲੇ ਸ਼ਰੁਤ ਸਕੰਧ ਵਿਚ ਨੌ ਅਧਿਐਨ ਹਨ ਅਤੇ ਦੂਜੇ ਸ਼ਰੁਤ ਸਕੰਧ ਵਿਚ 16 ਅਧਿਐਨ ਹਨ। ਦੋਵੇਂ ਸ਼ਰੁਤ ਸਕੰਧਾਂ ਵਿਚ ਕੁਲ 25 ਅਧਿਐਨ ਹਨ। ਇਹਨਾਂ ਅਧਿਐਨਾਂ ਵਿਚ ਉਦੇਸ਼ਕ ਹਨ। ਇਸ ਤਰ੍ਹਾਂ, ਜੈਨ-ਆਗਮਾਂ ਵਿਚ ਆਚਾਰਾਂਗ ਸੂਤਰ ਦਾ ਪਹਿਲਾ ਸਥਾਨ ਹੈ ਇਸ ਦਾ ਪਠਨ-ਪਾਠਨ ਆਤਮ ਕਲਿਆਣ ਅਤੇ ਮੋਕਸ਼ ਪ੍ਰਾਪਤੀ ਦਾ ਕਾਰਨ ਹੈ। ਇਸ ਮੁਮੁਕਸ਼ੂ (ਮੋਕਸ਼ ਪ੍ਰਾਪਤੀ ਦੇ ਇਛੁੱਕ) ਪੁਰਖਾਂ ਨੂੰ ਇਸ ਸੂਤਰ ਦੇ ਪਠਨ-ਪਾਠਨ ਦਾ ਲਾਭ ਜਾਂ ਅ ਲੈਣਾ ਚਾਹੀਦਾ ਹੈ। ਅਤੇ ਇਸਦੇ ਨਾਲ ਹੀ ਉਤਰਾਧਿਆਨ ਇਕ ਜੈਨ ਗ੍ਰੰਥ ਹੈ। ਇਸ ਵਿਚ ਮੁੱਖ ਰੂਪ ਵਿਚ ਇਕ ਨੌਜਵਾਨ ਭਿਕਸ਼ੂ ਦੇ ਜੀਵਨ ਦੇ ਨਿਯਮ ਦਾ ਵਰਣਨ ਹੈ। ਇਸ ਤੋਂ ਇਲਾਵਾ ਕੁਝ ਹੋਰ ਵਿਸ਼ੇ ਵੀ ਨਿਭਾਏ ਗਏ ਹਨ।

5.10 ਪੜ੍ਹਣਯੋਗ ਪੁਸਤਕਾਂ


- ਸਰਬਜਿੰਦਰ ਸਿੰਘ (ਡਾ.), *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ,* ਭਾਗ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
- ਹਰਪਾਲ ਸਿੰਘ ਪੰਨੂੰ, (ਡਾ.),*ਭਾਰਤ ਦੇ ਪੁਰਾਤਨ ਧਰਮ - ਇਕ ਸੰਖੇਪ ਸਰਵੇਖਣ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ , ਪਟਿਆਲਾ 2000
- ਪਰਮਵੀਰ ਸਿੰਘ, (ਡਾ.), ਪ੍ਰਦੁਮਨ ਸ਼ਾਹ ਸਿੰਘ (ਡਾ.), ਭਾਰਤ ਦੇ ਪ੍ਰਮੁਖ ਧਰਮ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2016
- Bhagat Singh Hira, Semitic Religious Thought and Sikhism, National Book Shop, Delhi, 1992
- Gurbachan Singh Talib, An Advanced Book of Religious Studies, Punjabi University Patiala, 1974
- S. Stevenson, The Heart of Jainism, Oxford University Press, 1915


5.11 ਅਭਿਆਸ ਲਈ ਪ੍ਰਸ਼ਨ

ਵੱਡੇ ਪ੍ਰਸ਼ਨ

1. ਜੈਨ ਧਰਮ ਗ੍ਰੰਥ ਉੱਤੇ ਨੋਟ ਲਿਖੋ
2. ਆਗਮ ਦੀ ਕੀ ਮਹੱਤਤਾ ਹੈ?
3. ਆਚਾਰਾਂਗ ਸੂਤਰ ਬਾਰੇ ਤੁਸੀਂ ਕੀ ਜਾਣਦੇ ਹੋ ?

ਛੋਟੇ ਪ੍ਰਸ਼ਨ

1. ਕਪਲਸੂਤਰ
2. ਉੱਤਰਾ ਧਿਆਨ ਸੂਤਰ।

**SECTION-B**

## ਯੂਨਿਟ- 6ਤ੍ਰਿਪਿਟਿਕ: ਸੁਤਪਿੱਟਕ, ਵਿਨਯਪਿੱਟਕ, ਅਭਿਧਮਪਿੱਟਕ

6.0 ਉਦੇਸ਼

6.1 ਜਾਣ-ਪਛਾਣ

6.2 ਸੁਤਪਿਟਕ

6.2.1 ਦੀਰਘ ਨਿਕਾਇ

6.2.2 ਮੱਝਮ ਨਿਕਾਇ

6.2.3 ਸੰਯੁਕਤ ਨਿਕਾਇ

6.2.4 ਅੰਗੁਤਰ ਨਿਕਾਇ

6.2.5 ਖੁੱਦਕ ਨਿਕਾਇ

6.2.6 ਖੁੱਦਕ ਪਾਠ

6.2.7 ਧਮਪਦ

6.2.8 ਉਦਾਨ

6.2.9 ਇਤਿਵੁਤਕ

6.2.10 ਸੁਤਨਿਪਾਤ

6.2.11 ਵਿਮਾਨ ਵੁੱਥੂ

6.2.12 ਪੇਤਵੁੱਥੂ

6.2.13 ਥੇਰਗਾਥਾ

6.2.14 ਥੇਰੀਗਾਥਾ

6.2.15 ਜਾਤਕ

6.2.16 ਨਿਦੇਸ਼

6.2.17 ਪਟਿਸੰਭਿਦਾਮਗ

6.2.18 ਅਪਦਾਨ

6.2.19 ਬੁੱਧਵੰਸ਼

6.2.20ਚਰੀਆਪਿਟਕਟ

6.3 ਵਿਨਯਪਿਟਕਟ

6.3.1 ਪਾਤਿਮੋਖ

6.3.2 ਮਹਾਵੱਗ

6.3.3 ਚੁੱਲਵਗਧ

6.3.4 ਪਰਿਵਾਰ

6.4 ਅਭਿਧੰਮਪਿਟਕ

6.4.1 ਧਰਮਸੰਗਨੀ

6.4.2 ਵਿਭੰਗ

6.4.3 ਧਾਤੂ ਕਥਾ

6.4.4 ਪੁੱਗਲ-ਪਣਤਿ

6.4.5 ਕਥਾ ਵੱਥੂ

6.4.6 ਯਮਕ

6.4.7 ਪੱਠਾਨ

6.5 ਸਾਰ

6.6 ਪੜ੍ਹਣਯੋਗ ਪੁਸਤਕਾਂ

6.7 ਅਭਿਆਸ ਲਈ ਪ੍ਰਸ਼ਨ

6.0 ਉਦੇਸ਼

6.1 ਜਾਣ-ਪਛਾਣ ਮਹਾਤਮਾ ਬਉੱਧ ਦੇ ਪਹਿਲੇ ਉਪਦੇਸ਼ ਤੋਂ ਬੋਧੀ ਧਰਮ ਗ੍ਰੰਥਾਂ ਦਾ ਇਤਿਹਾਸ ਸ਼ੁਰੂ ਹੋਇਆ ਮੰਨਿਆ ਜਾਂਦਾ ਹੈ। ਮਹਾਤਮਾ ਬੁੱਧ ਨੇ ਆਪਣੇ 4-5 ਸਾਲ ਦੇ ਅਧਿਆਤਮਿਕ ਜੀਵਨ ਵਿਚ ਕੁਲ 82000 ਉਪਦੇਸ਼ ਦਿੱਤੇ ਅਤੇ 2000 ਉਪਦੇਸ਼ ਉਹਨਾਂ ਨੇ ਉਹਨਾਂ ਸਥਿਵਰਾਂ ਤੇ ਅਰਹਤਾਂ ਨੂੰ ਦਿੱਤੇ ਜੋ ਬੁੱਧ ਦੇ ਨਾਲ ਉਹਨਾਂ ਦੇ ਜੀਵਨਕਾਲ

ਦੇ ਸਮੇਂ ਰਹੇ ਅਤੇ ਬੁੱਧ ਧਰਮ ਵਿਚ ਆਪਣਾ ਉੱਚਾ ਅਤੇ ਪ੍ਰਮਾਣਿਕ ਸਥਾਨ ਰੱਖਦੇ ਹਨ। ਇਸ ਤਰ੍ਹਾ ਤ੍ਰਿਪਿਟਕ ਵਿਚਲੇ ਉਪਦੇਸਾ ਦੀ ਗਿਣਤੀ 84000 ਕੀਤੀ ਜਾਂਦੀ ਹੈ। ਇਹ ਸਾਰੇ ਉਪਦੇਸ਼ ਮੌਖਿਕ ਰੂਪ ਵਿਚ ਹੀ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪੁੱਜਦੇ ਰਹੇ। ਇਹਨਾਂ ਦੇ ਲਿਪੀਬਧ ਸੰਕਲਨ ਦੀ ਉਸ ਵਕਤ ਬਹੁਤ ਜ਼ਿਆਦਾ ਲੋੜ ਮਹਿਸੂਸ ਹੋਈ, ਜਦ ਮਹਾਤਮਾ ਬੁੱਧ ਦੇ ਨਿਰਵਾਣ ਤੇ ਲਗ-ਪਗ ਸੱਤ ਦਿਨ ਹੀ ਸਥਿਵਰ ਮਹਾਕਸ਼ਯਪ ਨੇ ਸੁੰਭਦਰ ਨਾਮਕ ਬਿਖੂ ਨੂੰ ਇਹ ਕਹਿੰਦੇ ਸੁਣਿਆ, "ਬਸ ਆਯੁਸਮਾਨੋ ਦੁੱਖ ਨਾ ਕਰੋ। ਵਿਲਾਪ ਨਾ ਕਰੋ । ਹੁਣ ਅਸੀਂ ਉਸ ਮਹਾਸ੍ਰਮਣ ਤੋਂ ਚੰਗੀ ਤਰ੍ਹਾਂ ਮੁਕਤ ਹੋ ਗਏ ਹਾਂ। ਹੁਣ ਸਾਨੂੰ ਕੋਈ ਰੋਕਣ-ਟੋਕਣ ਵਾਲਾ ਨਹੀਂ। ਹੁਣ ਅਸੀਂ ਜੋ ਚਾਹਾਰੀ ਓਹੀ ਕਰਾਗੇ।"

ਇਹ ਸੁਣ ਕੇ ਮਹਾਕਸ਼ਯਪ ਅਤੇ ਨਾਲ ਬੈਠੇ ਹੋਰ ਭਿਖੂਆ ਨੇ ਇਕ ਰਾਏ ਇਕਮਤ ਹੋ ਕੇ ਇਹ ਫੈਸਲਾ ਕੀਤਾ ਕਿ ਮਹਾਤਮਾ ਬੁੱਧ ਦੇ ਉਪਦੇਸਾਂ ਨੂੰ ਲਿਪੀਬਧ ਕਰਨਾ ਜ਼ਰੂਰੀ ਹੈ ਤਾਂ ਕਿ ਇਹਨਾ ਉਪਦੇਸਾ ਵਿਚ ਕਿਸੇ ਵੀ ਤਰ੍ਹਾਂ ਦਾ ਰਲ੍ਹਾ ਪੈ ਕਾ ਇਹਨਾਂ ਦੀ ਮੌਲਿਕਤਾ 'ਤੇ ਕਿੰਤੂ ਪ੍ਰੰਤੂ ਪੈਦਾ ਨਾ ਹੋਵੇ। ਇਸ ਲਈ ਉਹਨਾਂ ਨੇ ਪਹਿਲੀ ਬੋਧ ਸਭਾ ਬੁਲਾਈ। ਜਿਸ ਦਾ ਖਰਚਾ ਅਗਿਆਤ ਸ਼ਤਰੂ ਨੇ ਚੁੱਕਿਆ ਅਤੇ ਪ੍ਰਧਾਨਗੀ ਸਥਿਵਰ ਮਹਾਕਸਯਪ ਨੇ ਕੀਤੀ। ਇਸ ਵਿਚ 500 ਖੂ ਸ਼ਾਮਿਲ ਹੋਏ। ਇਸ ਸਭਾ ਵਿਚ ਤ੍ਰਿਪਿਟਕ ਦਾ ਰੂਪ ਨਿਸਚਿਤ ਕਰਕੇ ਮਹਾਤਮਾ ਬੁੱਧ ਦੇ ਕੁਲ 82000 ਅਤੇ ਮੁੱਖ ਅਰਹਤਾਂ ਅਤੇ ਸਥਿਵਰਾਂ ਦੇ 2000 ਉਪਦੇਸ਼ਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਉਹਨਾਂ ਦੇ ਵਿਸ਼ਿਆ ਮੁਤਾਬਿਕ ਰੱਖਿਆ ਗਿਆ। ਇਹਨਾਂ ਤਿੰਨ ਸ਼੍ਰੇਣੀਆਂ ਨੂੰ ਹੀ ਤ੍ਰੀ-ਪਿਟਕ ਭਾਵ ਤਿੰਨ ਪਿਟਾਰੀਆਂ ਕਿਹਾ ਗਿਆ।

1. ਜਿਸ ਭਾਗ ਵਿਚ ਮਹਾਤਮਾ ਬੁੱਧ ਦੇ ਨਾਮ ਵਿਚਾਰ ਸੰਕਲਿਤ ਕੀਤੇ ਗਏ ਉਸ ਭਾਗ ਦਾ ਨਾਮ ਸੁਤੱਪਿਟਕ ਰੱਖਿਆ ਗਿਆ। ਇਸਦੇ ਸੰਕਲਨ ਅਤੇ ਸੰਪਾਦਨ ਦੀ ਜ਼ਿੰਮੇਵਾਰੀ ਮਹਾਸਥਿਵਰ ਅਨੰਦ ਨੂੰ ਦਿੱਤੀ ਗਈ। (ਅਨੰਦ ਰਿਸ਼ਤੇ ਵਿਚ ਮਹਾਤਮਾ ਬੁੱਧ ਦੇ ਭਤੀਜੇ ਸਨ)
2. ਜਿਸ ਭਾਗ ਵਿਚ ਭਿੱਖੂਆ ਅਤੇ ਸੰਘ ਲਈ ਨਿਯਮਾਂ ਦਾ ਸੰਗ੍ਰਹਿ ਕੀਤਾ ਗਿਆ ਉਸ ਨੂੰ ਵਿਨਯਪਿਟਕ ਕਿਹਾ ਗਿਆ। ਇਯ ਦੇ ਸੰਕਲਨ ਅਤੇ ਸੰਪਾਦਨ ਦੀ ਜ਼ੁੰਮੇਵਾਰੀ ਮਹਾਸਥਿਵਰ ਉਪਾਲਿ ਨੂੰ ਦਿੱਤੀ ਗਈ।
3. ਜਿਸ ਭਾਗ ਵਿਚ ਸਰੀਰ ਅਤੇ ਮਨ ਨਾਲ ਸੰਬੰਧਿਤ ਦਾਰਸ਼ਨਿਕ ਅਤੇ ਬੌਧਿਕ ਮਨੋਵਿਗਿਆਨਕ ਵਿਚਾਰਾ ਦਾ ਸੰਗ੍ਰਹਿ ਕੀਤਾ ਗਿਆ। ਉਸ ਨੂੰ ਅਭਿਧਮ ਪਿਟਕ ਕਿਹਾ ਗਿਆ ਅਤੇ ਇਸ ਨੂੰ ਮਹਾਸਥਿਵਰ ਮਹਾਕਸਯਪ ਨੇ ਸੰਕਲਿਤ ਅਤੇ ਸੰਪਾਦਿਤ ਕੀਤਾ।

ਡਾ. ਰਾਧਾ ਕ੍ਰਿਸ਼ਨਨ ਅਨੁਸਾਰ ਤ੍ਰੀਪਿਟਕ ਦਾ ਪੂਰਨ ਰੂਪ ਵਿਚ ਸੰਗ੍ਰਹਿ ਈ ਪੂਰਵ 241 ਵਿਚ ਹੋਇਆ। ਮਹਾਤਮਾ ਬੁੱਧ ਦੇ ਨਿਰਵਾਣ ਤੇ ਕੁੱਝ ਚਿਰ ਬਾਅਦ ਹੀ ਬੁੱਧ ਸਿਧਾਤਾ ਨੂੰ ਲੈ ਕੇ ਉਠੇ ਵਿਵਾਦਾਂ ਨੂੰ ਸੁਲਝਾਉਣ ਲਈ ਹੀ ਪਹਿਲੀ, ਦੂਜੀ ਅਤੇ ਤੀਜੀ ਪਰੀਸਦ ਹੋਈ ਅਤੇ ਇਹਨਾਂ ਵਿਚ ਹੀ ਤ੍ਰੀਪਿਟਕ ਨੇ ਆਪਣਾ ਪਹਿਲਾ ਸੰਪਾਦਿਤ ਅਤੇ ਪ੍ਰਮਾਣਿਤ ਰੂਪ ਲਿਆ ।

ਤ੍ਰੀਪਿਟਕ ਦੀ ਭਾਸ਼ਾ ਉਸ ਵਕਤ ਦੀ ਆਮ ਲੋਕਾਂ ਵਿਚ ਬੋਲੀ ਜਾਣ ਵਾਲੀ ਜਨਭਾਸ਼ਾ ਪਾਲੀ-ਪਾਕ੍ਰਿਤ ਹੈ। ਉਸ ਵੇਲੇ ਸੰਸਕ੍ਰਿਤ ਭਾਸ਼ਾ ਵੈਦਿਕ ਸਾਹਿਤਿਕ ਭਾਸ਼ਾ ਮੰਨੀ ਜਾਦੀ ਸੀ ਅਤੇ ਆਮ ਲੋਕਾਂ ਲਈ ਉਸ ਨੂੰ ਸਿੱਖਣਾ ਜਾਂ ਬੋਲਣਾ ਵੀ ਵਿਵਰਜਤ ਮੰਨਿਆ ਜਾਂਦਾ ਸੀ ਇਸ ਲਈ ਮਹਾਤਮਾ ਬੁੱਧ ਨੇ ਆਪਣੇ ਸੰਦੇਸ਼ ਉਸੇ ਜਨ-ਭਾਸ਼ਾ ਵਿਚ ਦਿੱਤੇ ਜਿਹੜੀ ਲੋਕਾ ਵਿਚ ਪ੍ਰਚੱਲਿਤ ਸੀ । ਪਾਲੀ ਉਸ ਵੇਲੇ ਕੌਸਲਰਾਜ, ਵਿਧਿਆਚਲ ਪ੍ਰਦੇਸ, ਉਜੈਨ, ਗੁਜਰਾਤ ਅਤੇ ਕਲਿੰਗ ਆਦਿਕ ਇਲਾਕਿਆਂ ਵਿਚ ਬੋਲੀ ਜਾਂਦੀ ਸੀ । ਇਸ ਲਈ ਤ੍ਰੀਪਿਟਕ ਨੂੰ ਸੰਕਲਿਤ ਅਤੇ ਸੰਪਾਦਿਤ ਕਰਨ ਵੇਲੇ ਉਸ ਦੀ ਲਿਪੀ ਪਾਲੀ ਪ੍ਰਾਕ੍ਰਿਤ ਹੀ ਰੱਖੀ ਗਈ। ਭਾਵੇਂ ਕਾਫੀ ਸਮਾ ਪਾ ਕੇ ਤ੍ਰਿਪਿਟਕ ਦਾ ਸੰਸਕ੍ਰਿਤ ਅਨੁਵਾਦ ਵੀ ਹੋਇਆ ਅਤੇ ਸੰਸਕ੍ਰਿਤ ਤੋਂ ਹੀ ਇਸਦਾ ਅਨੁਵਾਦ ਹੋਰ ਕਈ ਵਿਦੇਸ਼ੀ ਭਾਸ਼ਾਵਾਂ ਵਿਚ ਹੋਇਆ ਜਿਵੇਂ ਕਿ ਚੀਨੀ, ਤਿੱਬਤੀ ਆਦਿ । ਪ੍ਰੰਤੂ ਧਾਰਣਾ ਇਹ ਵੀ ਹੈ ਕਿ ਉਸ ਵੇਲੇ ਦੇ ਬੁਧ ਧਰਮ ਸ਼ਾਸਤ੍ਰੀਆਂ ਨੇ ਇਸ ਸੰਸਕ੍ਰਿਤ ਤ੍ਰੀਪਿਟਕ ਨੂੰ ਮਿਥਿਆ ਵਾਦੀ ਵਿਚਾਰਾਂ ਦਾ ਸੰਗ੍ਰਹਿ ਘੋਸਿਤ ਕਰ ਦਿੱਤਾ ਕਿਉਂਕਿ ਉਹਨਾਂ ਅਨੁਸਾਰ ਸੰਸਕ੍ਰਿਤ ਵੈਦਿਕ ਭਾਸ਼ਾ ਸੀ ਅਤੇ ਸੰਸਕ੍ਰਿਤ ਤ੍ਰੀਪਿਟਕ ਵੈਦਿਕ ਪਰੰਪਰਾ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਕੇ ਹੀ ਲਿਖਿਆ ਗਿਆ ਅਤੇ ਇਸ ਕਾਰਨ ਇਸ ਵਿਚਲੇ ਮੂਲ ਉਪਦੇਸ ਰੀਣ ਹੋ ਗਏ।

ਸਮਰਾਟ ਅਸ਼ੋਕ ਦੇ ਸਮੇਂ ਤੱਕ ਬੁੱਧ ਧਰਮ 18 ਵੱਖ-ਵੱਖ ਸੰਪ੍ਰਦਾਵਾਂ ਵਿਚ ਵੰਡਿਆ ਜਾ ਚੁੱਕਾ ਸੀ । ਜਿਹਨਾ ਵਿਚੋਂ ਛੇ (6) ਮਹਾਸੰਘਕ ਸੰਪ੍ਰਦਾਇ ਅਤੇ ਬਾਰਾਂ (12) ਸਥਿਵਰਵਾਦੀ ਸੰਪ੍ਰਦਾਇ ਸਨ । ਸੱਤਵੀਂ ਸ਼ਤਾਬਦੀ ਵਿਚ ਭਾਰਤ ਆਇਆ ਚੀਨੀ ਬੋਧ ਯਾਤ੍ਰੀ ਇਸ ਗੱਲ ਦੀ ਪੁਸਟੀ ਕਰਦਾ ਹੈ ਕਿ ਇਹ 18 ਸੰਪ੍ਰਦਾਇ ਕੁਲ ਚਾਰ ਵਰਗਾ (ਨਿਕਾਇ) ਵਿਚ ਵੰਡੇ ਹੋਏ ਸਨ । 1 ਆਰਯਮਹਾਸੰਘਕ ਨਿਕਾਇ 2 ਆਰਯ ਸਥਿਵਰ ਨਿਕਾਇ 3 ਆਰਯ ਮੂਲਸਰਵਿਸਤਵਾਦ ਨਿਕਾਇ ਅਤੇ 4 ਆਰਯ ਸੰਮਤੀਯ ਨਿਕਾਇ। ਇਹਨਾਂ ਚਾਰਾਂ ਦੇ ਆਪਣੇ- ਆਪਣੇ ਤ੍ਰੀਪਿਟਕ ਸਨ । ਪਹਿਲੇ ਤਿੰਨਾਂ ਤ੍ਰਿਪਿਟਕਾਂ ਵਿਚ ਸਲੋਕਾਂ ਦੀ ਗਿਣਤੀ 3-3 ਲੱਖ ਸੀ ਪ੍ਰੰਤੂ ਚੌਥੇ ਵਿਚ ਕੁਲ 2 ਲੱਖ ਸਲੋਕ ਸਨ ਅਤੇ ਇਹਨਾਂ ਦੀ ਭਾਸ਼ਾ ਕ੍ਰਮਵਾਰ ਪ੍ਰਾਕ੍ਰਿਤ, ਪੈਸਾਚੀ, ਸੰਸਕ੍ਰਿਤ ਅਤੇ ਅਪਭ੍ਰੰਸ ਸਨ । ਇਹਨਾਂ ਬਾਰੇ ਹੁਣ ਕੋਈ ਵੀ ਜਾਣਕਾਰੀ ਨਹੀਂ ਮਿਲਦੀ। ਪ੍ਰੰਤੂ ਚੀਨੀ ਬੋਧਗ੍ਰੰਥਾ ਦੇ ਵਿਚ ਕਈ ਥਾਵਾਂ ਤੇ ਇਹਨਾਂ ਬਾਰੇ ਵਰਨਨ ਮਿਲਦਾ ਹੈ ਅਤੇ ਇਹਨਾਂ ਚਾਰਾ ਤ੍ਰਿਪਿਟਕਾਂ ਵਿਚ ਕੇਵਲ ਸੰਸਕ੍ਰਿਤ ਤ੍ਰਿਪਿਟਕ ਦਾ ਸੰਪੂਰਨ ਚੀਨੀ ਅਨੁਵਾਦ ਉਪਲਬਧ ਹੈ।

ਸਮਰਾਟ ਕਨਿਸ਼ਕ ਨੇ (78-110 ਈ.) ਚੌਥੀ ਬੋਧ ਸਭਾ ਬੁਲਾਈ ਅਤੇ ਇਸ ਵਿਚ ਸੰਸਕ੍ਰਿਤ ਤ੍ਰੀਪਿਟਕ ਸ਼ੁੱਧ ਪਾਠ ਕਰਵਾ ਕੇ ਉਸ ਨੂੰ ਤਾਮਿਰ ਪੱਤਰਾਂ ਉੱਤੇ ਖੁਦਵਾ ਕੇ ਕਸ਼ਮੀਰ ਦੇ ਕਿਸੇ ਮਹਾਸਤੂਪ ਦੇ ਹੇਠਾ ਗਡਵਾ ਦਿੱਤਾ ਸੀ, ਜੋ ਅਜੇ ਤੱਕ ਕਿਸੇ ਵੀ ਖੋਜਕਰਤਾਵਾਂ ਨੂੰ ਨਹੀਂ ਮਿਲੇ, ਜਿਸ ਤੋਂ ਸ਼ੁੱਧ ਸੰਸਕ੍ਰਿਤ ਤ੍ਰਿਪਿਟਕ ਬਾਰੇ ਜਾਣਕਾਰੀ ਮਿਲ ਸਕਦੀ।

ਬੁੱਧ ਧਰਮ ਦਾ ਸਾਹਿਤ ਆਪਣੇ ਸਮੇਂ ਦਾ ਵਿਸ਼ਾਲ ਅਤੇ ਵਿਦਵਤਾ ਭਰਿਆ ਸਾਹਿਤ ਸੀ । ਜਿਸ ਤੋਂ ਆਕਰਸਿਤ ਹੋ ਕੇ ਉਸ ਦਾ ਅਧਿਐਨ ਕਰਨ ਲਈ ਸੰਸਾਰ ਭਰ ਤੋਂ ਜਿਗਿਆਸੂ ਭਾਰਤ ਆਉਂਦੇ ਰਹੇ ਅਤੇ ਆਪਣੀਆ ਲਿੱਪੀਆ ਵਿਚ ਉਹਨਾਂ ਨੇ ਬਹੁਤ ਸਾਰੇ ਬੁੱਧ ਸਾਹਿਤ ਦਾ ਅਨੁਵਾਦ ਕੀਤਾ। ਇਸ ਨੂੰ ਵਕਤ ਦਾ ਗੇੜ ਹੀ ਕਿਹਾ ਜਾ ਸਕਦਾ ਹੈ ਕਿ ਸੰਸਾਰ ਭਰ ਵਿਚ ਆਪਣੇ ਮੌਲਿਕ ਸਿਧਾਂਤਾਂ ਦੇ ਰਾਹੀਂ ਫੈਲਿਆ ਭਾਰਤ ਵਿਚ ਉਤਪੰਨ ਇਹ ਧਰਮ ਭਾਰਤ ਵਿਚੋਂ ਹੀ

ਲੁਪਤ ਹੋ ਗਿਆ ਇਸਦੀ ਵਿਲੁਪਤੀ ਦੇ ਭਾਵੇਂ ਕਈ ਕਾਰਣ ਰਹੇ ਪ੍ਰੰਤੂ ਬੁੱਧ ਸਾਹਿਤ ਦਾ ਅਧਿਐਨ ਉੱਤਰੀ ਭਾਰਤ ਵਿਚ ਉਦੋਂ ਸਮਾਪਤ ਹੋ ਗਿਆ ਜਦ 1303 ਈ ਵਿਚ ਕੁਤਬਦੀਨ ਦੇ ਸੈਨਾਪਤੀ ਮੁਹੰਮਦ ਰਿਹਾ ਬਮਤਿਆਰ ਨੇ ਨਾਲਦਾ ਵਿਸ਼ਵ ਵਿਦਿਆਲਯ ਵਿਚ ਅਧਿਐਨ ਕਰਦੇ ਸਾਰੇ ਬੋਧੀ ਤਿਰੂਆਂ ਨੂੰ ਮਾਰ ਦਿੱਤਾ ਅਤੇ ਉਸ ਅੰਦਰ ਮੌਜੂਦ ਸਾਰਾ ਬੰਧ ਸਾਹਿਤ ਸਾੜ ਦਿੱਤਾ ਪ੍ਰੰਤੂ ਦੱਖਣੀ ਭਾਰਤ ਵਿਚ ਬੁੱਧ ਧਰਮ ਦਾ ਪਤਨ ਇਸ ਤੋਂ ਇਕ ਸਦੀ ਬਾਅਦ ਹੋਇਆ । ਸ੍ਰੀ ਲੰਕਾ ਦੇ ਨੇੜੇ ਹੋਣ ਕਾਰਨ ਇਸ ਇਲਾਕੇ ਵਿਚ ਬੁੱਧ ਧਰਮ ਦਾ ਅਧਿਐਨ ਚਲਦਾ ਰਿਹਾ । ਪ੍ਰੰਤੂ ਚੌਧਵੀਂ ਸਦੀ ਦੇ ਅੰਤ ਤੱਕ ਭਾਰਤ ਵਿਚ ਬੁੱਧ ਧਰਮ ਪੂਰੀ ਤਰ੍ਹਾਂ ਲੁਪਤ ਹੋ ਚੁੱਕਾ ਸੀ ।

ਆਧੁਨਿਕ ਯੁੱਗ ਵਿਚ ਬੁੱਧ ਧਰਮ ਦਾ ਪੁਨਰ ਅਧਿਐਨ ਯੂਰਪੀ ਵਿਦਵਾਨਾਂ ਦੀ ਦੇਣ ਹੈ। ਜਿਹਨਾਂ ਵਿਚ ਵਿਲੀਅਮ ਮੈਕਸ ਮੂਲਰ, ਰੀਜ ਡੇਵਿਡਜ, ਐਡਵਿਨ ਔਰਨਾਲਡ, ਅਲੈਗਜੈਂਡਰ ਕਲਿੰਗਮ, ਅਤੇ ਵਿਲੀਅਮ ਜੇਮਜ਼ ਪ੍ਰਿੰਸਿਸ ਸ਼ਾਮਿਲ ਸਨ। ਮੌਜੂਦਾ ਸਮੇਂ ਵਿਚ ਤ੍ਰਿਪਿਟਕ ਦੀ ਸਚ ਅਤੇ ਅਧਿਐਨ ਇਹਨਾਂ ਦੇ ਹੀ ਯਤਨਾਂ ਦਾ ਅਤੇ ਡੂੰਘੇ ਅਧਿਐਨ ਦਾ ਨਤੀਜਾ ਹੈ। ਭਾਰਤ ਵਿਚ ਬੁੱਧ ਧਰਮ ਦੇ ਅਧਿਐਨ ਨੂੰ ਪ੍ਰੋਤਸਾਹਿਤ ਕਰਨ ਅਤੇ ਇਸਦਾ ਡੂੰਘਾ ਚਿੰਤਨ ਕਰਕੇ ਭਾਰਤ ਵਿਚ ਦੁਬਾਰਾ ਪ੍ਰਚਾਰ ਕਰਨ ਵਾਲਿਆ ਵਿਚ ਜਿਹੜੇ ਭਾਰਤੀ ਚਿੰਤਕਾ ਨੇ ਆਪਣਾ ਉੱਘਾ ਯੋਗਦਾਨ ਪਾਇਆ ਹੈ। ਉਹ ਹਨ- ਭਦੰਤ ਆਨੰਦ ਕੰਸਲਿਆਨ, ਮਹਾਪੰਡਿਤ ਰਾਹੁਲ ਸਾਕ੍ਰਤਿਆਇਨ ਅਤੇ ਭਿਕਸ਼ੂ ਜਗਦੀਸ਼ ਕਸ਼ਯਪ।

ਭਾਰਤ ਵਿਚ ਬੋਧ ਗ੍ਰੰਥਾ ਦੀ ਇਕ ਨਿਯਮਬਧ ਤਰੀਕੇ ਨਾਲ ਖੋਜ, ਪੁਨਰ ਸੰਕਲਨ ਅਤੇ ਵਿਆਖਿਆ ਦਾ ਕੰਮ (ਯੂਰਪ ਤੋਂ ਬਾਅਦ) 1891 ਵਿਚ ਮਹਾਬੰਧੀ ਸਭਾ ਦੇ ਗਠਨ ਤੋਂ ਬਾਅਦ ਹੀ ਸ਼ੁਰੂ ਹੋਇਆ ਜਿਸ ਦੇ ਸੰਸਥਾਪਕ ਦਾ ਨਾਂ ਅਨਾਗਾਰਿਕ ਜੀ ਤੇ ਜੋ ਸ੍ਰੀ ਲੰਕਾ ਦਾ ਜੰਮਪਲ ਸੀ।

ਭਾਰਤ ਵਿਚ ਬੰਧ ਧਰਮ ਦੇ ਸੋਧ ਲਈ ਸਭ ਤੋਂ ਪ੍ਰਮਾਣਿਕ ਸਾਹਿਤ ਸ੍ਰੀਲੰਕਾ ਅਤੇ ਬਰਮਾ ਵਿਚਲੇ ਸਾਹਿਤ ਨੂੰ ਹੀ ਮੰਨਿਆ ਗਿਆ ਹੈ ਇਸ ਦਾ ਕਾਰਨ ਦੱਸਦੇ ਹੋਏ ਮਧੁਕਰ ਪਿਪਲਾਇਨ ਦੋਸਦੇ ਹਨ ਕਿ ਸਮਰਾਟ ਅਸ਼ੋਕ ਦੇ ਧਰਮ ਪ੍ਰਚਾਰ ਦੇ ਫਲਸਰੂਪ ਜੋ ਪਾਲੀ ਭਾਸ਼ਾ ਦਾ ਮੂਲ ਤ੍ਰੀਪਿਟਕ ਅਤੇ ਬੋਧ ਸਾਹਿਤ ਸ੍ਰੀ ਲੰਕਾ ਅਤੇ ਬਰਮਾ ਆਦਿ ਦੇਸਾਂ ਵਿਚ ਪੁੱਜਾ ਓਹੀ ਸੁਰੱਖਿਅਤ ਬਚਿਆ ਹੈ। ਇਸਦਾ ਕਾਰਣ ਇਹ ਹੈ ਕਿ ਇਹਨਾਂ ਦੇਸਾਂ ਵਿਚ ਪਾਲੀ ਭਾਸ਼ਾ ਨੂੰ ਪੜ੍ਹਨ ਅਤੇ ਪੜ੍ਹਾਉਣ ਦੀ ਪਰੰਪਰਾ ਬਚੀ ਰਹੀ ਅਤੇ ਜੋ ਅੱਜ ਤੱਕ ਨਿਰੰਤਰ ਚੱਲੀ ਆ ਰਹੀ ਹੈ। ਇਸ ਲਈ ਸਰਵਸਿਤਵਾਦੀਆਂ ਦੁਆਰਾ ਰਚਿਤ ਸੰਸਕ੍ਰਿਤ ਤ੍ਰਿਪਿਟਕ ਦੇ ਚੀਨੀ ਜਾਂ ਤਿਬਤੀ ਅਨੁਵਾਦ ਦੀ ਤੁਲਨਾ ਵਿਚ ਸ੍ਰੀ ਲੰਕਾ ਅਤੇ ਬਰਮਾ ਵਿਚ ਸੁਰੱਖਿਅਤ ਪਾਲੀ ਤ੍ਰਿਪਿਟਕ ਨੂੰ ਹੀ ਬੋਧ ਅਧਿਐਨ ਲਈ ਸਭ ਤੋਂ ਸੁਰੱਖਿਅਤ ਅਤੇ ਪ੍ਰਮਾਣਿਕ ਸ੍ਰੋਤ ਮੰਨਿਆ ਜਾਂਦਾ ਹੈ।

20ਵੀਂ ਸਤਾਬਦੀ ਵਿਚ ਏਸੀਆ ਵਿਚ ਛਪਣ ਵਾਲਾ ਪਹਿਲਾ ਤ੍ਰਿਪਿਟਕ ਸਿਆਸੀ ਲਿਪੀ ਵਿਚ ਸੀ ਜਿਸ ਦੀਆਂ 45 ਜਿਲਦਾ ਸਨ। ਭਾਰਤ ਵਿਚ ਸਭ ਤੋਂ ਪਹਿਲਾ ਬੰਬਈ ਵਿਸ਼ਵਵਿਦਿਆਲਾ ਨੇ ਦੇਵਨਾਗਰੀ-ਪਾਲੀ ਟੈਕਸਟ ਸੀਰੀਜ ਦੇ ਅੰਤਰਗਤ ਪਾਲੀ ਗ੍ਰੰਥਾਂ ਦਾ ਅਨੁਵਾਦ ਹਿੰਦੀ ਵਿਚ ਸ਼ੁਰੂ ਕੀਤਾ। 1958 ਵਿਚ ਭਦੰਤ ਜਗਦੀਸ਼ ਕਸ਼ਯਪ ਨੇ ਪਾਲੀ

ਤ੍ਰਿਪਿਟਕ ਦਾ ਅਨੁਵਾਦ ਦੇਵਨਾਗਰੀ ਲਿਪੀ ਵਿਚ ਕਰਕੇ ਪ੍ਰਕਾਸ਼ਿਤ ਕਰਵਾਇਆ। ਤ੍ਰਿਪਿਟਕ ਵਿਚ ਕੁਲ ਤਿੰਨ ਭਾਗ ਹਨ, ਜਿਹਨਾ ਨੂੰ ਸੁਤ ਪਿਟਕ, ਵਿਨਯਪਿਟਕ ਅਤੇ ਅਭਿਧਮ ਪਿਟਕ ਕਿਹਾ ਗਿਆ। ਹੈ। ਥੇਰਵਾਦੀ ਵਿਨਯਪਿਟਕ ਨੂੰ ਸਭ ਤੋਂ ਪਹਿਲਾ ਰੱਖਦੇ ਹਨ। ਇਥੇ ਅਸੀ ਇਹਨਾ ਤਿੰਨਾ ਪਿਟਕਾ ਦੀ ਸੰਖੇਪ ਜਾਣਕਾਰੀ ਲਵਾਂਗੇ।

### 6.2 ਸੁਤ ਪਿਟਕ

ਸੁਤ ਪਿਟਕ ਤ੍ਰਿਪਿਟਕ ਦਾ ਪਹਿਲਾ ਅਤੇ ਮਹੱਤਵਪੂਰਣ ਗ੍ਰੰਥ ਹੈ। ਇਸ ਪੂਰੇ ਪਿਟਕ ਵਿਚ ਮਹਾਤਮਾ ਬੁੱਧ ਦੀ ਬੋਧ ਪ੍ਰਾਪਤੀ ਤੋਂ ਬਾਅਦ ਦੇ 45 ਸਾਲਾ ਦੇ ਅਧਿਆਤਮਿਕ ਜੀਵਨ ਦੇ ਧਾਰਮਿਕ ਅਤੇ ਦਾਰਸ਼ਨਿਕ ਪਹਿਲੂਆਂ ਦਾ ਸਜੀਵ ਚਿਤਰਣ ਅਤੇ ਪ੍ਰਮਾਣਿਕ ਵਰਨਨ ਮਿਲਦਾ ਹੈ। ਬੁੱਧ ਧਰਮ ਨੂੰ ਸਮਝਣ ਲਈ ਇਸ ਗ੍ਰੰਥ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਸੁਤ ਪਿਟਕ ਬਾਰੇ ਇਕ ਥਾਂ 'ਰੀਜ਼ਡੇਵਿਡਜ਼' ਨੇ ਲਿਖਿਆ ਹੈ ਕਿ, "ਦਾਰਸਨਿਕ ਅੰਤਰਦ੍ਰਿਸ਼ਟੀ ਦੀ ਗਹਿਰਾਈ ਵਿਚ ਅਤੇ ਥਾਂ ਥਾਂ ਉਤੇ ਸਵੀਕ੍ਰਿਤ ਸੁਕਰਾਤ ਦੀ ਪ੍ਰਸਨਾਤਮਿਕ ਵਿਧੀ ਵਿਚ ਵਿਆਪਕ ਸਦਇੱਛਾ ਅਤੇ ਉਚਭਾਵਨਾ ਵਿਚ, ਉਸ ਕਾਲ ਦੇ ਅਤਿਅਧਿਕ ਸੁਸੰਸਕ੍ਰਿਤ ਵਿਚਾਰਾ ਦੀ ਗਵਾਹੀ ਉਪਸਥਿਤ ਕਰਨ ਵਿਚ, ਇਹ ਸੰਵਾਦ ਬਰਾਬਰ ਪਾਠਕ ਨੂੰ ਪਲੈਟੋ ਦੇ ਸੰਵਾਦਾਂ ਨੂੰ ਯਾਦ ਕਰਵਾਉਂਦੇ ਹਨ। ਇਹ ਨਿਸਚਿਤ ਹੈ ਕਿ ਜਿਵੇਂ ਹੀ ਇਸ ਪਿਟਕ ਨੂੰ ਚੰਗੀ ਤਰ੍ਹਾਂ ਸਮਝ ਕੇ ਇਸਦਾ ਅਨੁਵਾਦ ਕੀਤਾ ਜਾਵੇਗਾ, ਗੌਤਮ ਦੇ ਸੰਵਾਦਾਂ ਦਾ ਇਹ ਸੰਗ੍ਰਹਿ ਸਾਡੇ ਦਾਰਸਨਿਕ ਸੰਪ੍ਰਦਾਵਾਂ ਅਤੇ ਇਤਿਹਾਸ ਵਿਚ ਪਲੈਟੋ ਦੇ ਸੰਵਾਦਾਂ ਦੀ ਬਰਾਬਰੀ ਦੇ ਸਥਾਨ ਤੇ ਹੀ ਰੱਖਿਆ ਜਾਵੇਗਾ।"

ਸੁਤ ਪਿਟਕ ਵਿਚ ਬੁੱਧ-ਕਾਲੀਨ (5ਵੀਂ-6ਵੀਂ ਸ. ਈ ਪੂ ) ਭਾਰਤ ਦਾ ਸਮਾਜਿਕ, ਧਾਰਮਿਕ, ਇਤਿਹਾਸਕ ਅਤੇ ਭੂਗੋਲਿਕ ਚਿਤਰਣ ਮਿਲਦਾ ਹੈ। ਸੁਤ ਪਿਟਕ ਵਿਚ ਕੁੱਲ ਪੰਜ ਭਾਗ ਹਨ। ਦੀਰਘ ਨਿਕਾਇ, ਮੱਝਿਮ ਨਿਕਾਇ, ਸੰਯੁਕਤ ਨਿਕਾਇ, ਅੰਗੁਤਰ ਨਿਕਾਇ ਅਤੇ ਖੁੱਦਕ ਨਿਕਾਇ। ਇਹਨਾਂ ਵਿਚੋਂ ਪਹਿਲੇ ਚਾਰ ਭਾਗਾਂ ਵਿਚ ਇਕ-ਇਕ ਅਤੇ ਖੁੰਦਕ ਨਿਕਾਇ ਵਿਚ ਕੁਲ ਪੰਦਰਾ ਗ੍ਰੰਥ ਹਨ। ਇਸ ਤਰ੍ਹਾਂ ਇਸ ਪੂਰੇ ਪਿਟਕ ਵਿਚ ਕੁਲ 19 ਗ੍ਰੰਥ ਹਨ। ਸੁਤ-ਪਿਟਕ ਤ੍ਰੀਪਿਟਕ ਵਿਚੋਂ ਸਭ ਤੋਂ ਵੱਡਾ ਗ੍ਰੰਥ ਹੈ। ਇਸ ਦੀ ਸ਼ੈਲੀ ਗਦ ਅਤੇ ਪਦ ਦੋਵਾਂ ਵਿਚ ਹੀ ਹੈ।

#### 6.2.1 ਦੀਰਘ ਨਿਕਾਇ

ਇਸ ਵਿਚ ਕੁਲ 34 ਸੁਤ (ਉਪਦੇਸ) ਹਨ ਜੋ ਤਿੰਨ ਵਰਗਾ (ਸੀਲਬੰਧ ਵਗ ਮਹਾਂਵਰਾ, ਪਥਿਕਵਰ) ਵਿਚ ਵੰਡੇ ਹੋਏ ਹਨ। ਇਹਨਾਂ ਵਿਚ ਬਹੁਤ ਸਾਰੇ ਵਿਸਿਆ ਉਪਰ ਵਿਸਤ੍ਰਿਤ ਵਿਆਖਿਆ ਹੈ, ਜਿਹਨਾ ਵਿਚੋਂ ਮੁੱਖ ਵਿਸ਼ੇ ਕੁਝ ਇਸ ਤਰ੍ਹਾਂ ਹਨ 62 ਤਰ੍ਹਾਂ ਦੀ ਸਿੱਖਿਆ ਕ੍ਰਾਂਤੀਆਂ ਦਾ ਵਰਨਨ, ਬੁੱਧਕਾਲੀਨ ਕੁਝ ਪ੍ਰਸਿੱਧ ਧਰਮ ਸ਼ਾਸਤੀਆਂ ਦੇ ਮਤਾਂ ਬਾਰੇ ਚਰਚਾ, ਜਾਤੀਵਾਦ, ਵਰਣਵਿਵਸਥਾ ਅਤੇ ਈਸਵਰ ਦੀ ਹੋਂਦ ਬਾਰੇ ਖੰਡਨ, ਸ਼ੀਲ, ਸਮਾਧੀ, ਪ੍ਰਗਯਾ ਅਤੇ ਬ੍ਰਹਮਚਰਯ ਦਾ ਉਪਦੇਸ਼, ਚਾਰ ਆਰਯਸੰਤ, ਪ੍ਰਤੀਤੀਯ ਸੁਮਿਤਪਾਦ ਅਤੇ ਅਨਾਤਮਵਾਦ ਦੀ ਵਿਆਖਿਆ| ਚਮਤਕਾਰਾ ਦਾ ਵਿਰੋਧ, ਭਗਵਾਨ ਬੁੱਧ ਦੇ ਅੰਤਿਮ ਸਮੇਂ ਬਾਰੇ ਚਰਚਾ ਅਤੇ ਪੂਰਵ ਜਨਮ ਬਾਰੇ ਪ੍ਰਮਾਣ। ਵਿਪਸਨਾ ਦੁਆਰਾ

ਨਿਰਵਾਣ ਪ੍ਰਾਪਤੀ। ਤੀਰਥੰਕਰ ਮਹਾਵੀਰ ਦਾ ਪਾਵਾ ਦੇ ਸਥਾਨ ਤੇ ਨਿਰਧਨ ਦਾ ਵਰਨਨ ਅਤੇ ਮਹਾਤਮਾ ਬੁੱਧ ਦੇ ਮਹਾਪੁਰਖ ਹੋਣ ਦੇ 32 ਲੱਛਣਾਂ ਦਾ ਵਰਨਨ ਆਦਿਕ ਵਿਸ਼ਿਆ ਉਪਰ ਲੰਬੀ ਵਿਆਖਿਆ ਮਿਲਦੀ ਹੈ।

### 6.2.2 ਮੱਝਿਮ ਨਿਕਾਇ

ਇਸ ਵਿਚ ਛੋਟੇ ਉਪਦੇਸ਼ ਹੋਣ ਕਾਰਨ ਇਸ ਦਾ ਨਾ ਮੱਤਿਮ ਪਿਆ ਹੈ ਇਸ ਵਿਚ ਕੁਲ 152 ਉਪਦੇਸ਼ ਹਨ। ਜਿਹਨਾਂ ਨੂੰ ਕੁਲ 15 ਵਰਗਾ ਵਿਚ ਵੰਡਿਆ ਗਿਆ ਹੈ। ਮੱਝਿਮ ਨਿਕਾਇ ਵਿਚ ਜਿਹਨਾ ਪ੍ਰਮੁੱਖ ਵਿਸ਼ਿਆ ਦੀ ਵਿਆਖਿਆ ਮਿਲਦੀ ਹੈ ਉਹ ਹਨ ਅਨਾਤਮਵਾਦ, ਚਾਰ ਆਰਯ ਸੱਚ, ਅਸਟਾਗ ਮਾਰਗ ਰਾਹੀਂ ਬੋਧ ਪ੍ਰਾਪਤੀ, ਪੰਜ ਕਾਮੁਕ ਗੁਣ, ਜਿੱਥਿਆਵਾਦੀ ਧਾਰਮਿਕ ਧਾਰਣਾਵਾਂ, ਬ੍ਰਹਮਚਰਯ, ਧਰਮਚਕਰ ਪਰਿਵਰਤਨ, ਪ੍ਰਤੀਤਯਸੁਮਿਤਪਾਦ, ਅਨਾਤਮਵਾਦ, ਭਿਖੂਆਂ ਦੇ ਕਰਤਵ, ਸੀਲ, ਸਮਾਧੀ, ਪ੍ਰਗਿਆ, ਮੈਤ੍ਰੀ ਅਤੇ ਕਰੁਣਾ ਬਾਰੇ ਵਿਆਖਿਆ। ਇਸ ਤੋਂ ਇਲਾਵਾ ਬ੍ਰਾਹਮਣ ਕਰਮਕਾਂਡ, ਦੇਵਤਿਆ ਦੀ ਹੋਂਦ, ਚਾਰ ਬ੍ਰਹਮਵਿਹਾਰ, ਜਾਤੀਵਾਦ ਅਤੇ ਅਨਾਤਮਵਾਦ ਉਪਰ ਚਰਚਾ। ਅਰਹਤ ਦੀ ਪਛਾਣ, ਵਿਪਸਨਾਂ ਵਿਧੀ, ਸੰਸਕਾਰਾ ਦੀ ਉਤਪਤੀ ਅਤੇ ਯੋਗ ਸਾਧਨਾ ਉਪਰ ਵਿਆਖਿਆ। ਇਸ ਤੋਂ ਇਲਾਵਾ ਛੇ ਆਇਤਨ, ਅਪਰਗ੍ਰਹਿ ਛੇ ਧਾਤੂ ਅਤੇ ਅਨਾਥਪਿੰਡਰ ਦੀ ਮੌਤ ਦੇ ਬਾਰੇ ਚਰਚਾ ਮਿਲਦੀ ਹੈ। ਜੈਨ ਧਰਮ ਬਾਰੇ ਸਥਿਤਰ ਅਨੰਦ ਦੇ ਮਹੱਤਵਪੂਰਣ ਵਿਚਾਰਾਂ ਤੋਂ ਇਲਾਵਾ ਇਸ ਵਿਚ ਮਹਾਤਮਾ ਬੁੱਧ ਦੇ ਜਨਮ ਤੋਂ ਲੈ ਕੇ ਬੋਧ ਪ੍ਰਾਪਤੀ ਤੱਕ ਦੇ ਜੀਵਨ ਦੀ ਪ੍ਰਮਾਣਿਕ ਅਤੇ ਮਹੱਤਵਪੂਰਣ ਜਾਣਕਾਰੀ ਮਿਲਦੀ ਹੈ।

### 6.2.3 ਸੰਯੁਕਤ ਨਿਕਾਇ

ਜਿਸ ਤਰ੍ਹਾਂ ਦੀਰਘ ਨਿਕਾਇ ਵਿਚ ਵੱਡੇ ਅਕਾਰ ਵਾਲੇ ਅਤੇ ਮੌਇਸ ਵਿਚ ਫੋਟੋ ਅਕਾਰ ਵਾਲੇ ਸੁਤ ਰੱਖੇ ਗਏ ਹਨ, ਇਸ ਵਿਚ ਦੋਵੇਂ ਪ੍ਰਕਾਰ ਦੇ ਕੁੱਲ 56 ਸਭ ਉਪਦੇਸ਼ ਹਨ ਜਿਹਨਾਂ ਨੂੰ ਪੰਜ ਵਰਗਾ ਵਿਚ ਵੰਡਿਆ ਗਿਆ ਹੈ। ਇਸ ਨਿਕਾਇ ਵਿਚਲੇ ਕਵੀ ਉਪਦੇਸ਼ ਪਹਿਲਾਂ ਵੀਰਘ ਨਿਕਾਇ ਅਤੇ ਮਤਿਮ ਨਿਭਾਇ ਵਿਚ ਵਿਸਥਾਰ ਸਹਿਤ ਚੁੱਕੇ ਹਨ ਇਥੇ ਉਹਨਾਂ ਵਿਚੋਂ  ਬਹੁਤਿਆਂ ਦਾ ਦੁਹਰਾਓ ਹੀ ਹੈ। ਇਸ ਵਿਚ ਆਏ ਵਿਸ਼ਿਆਂ ਦਾ ਵਰਨਣ ਇਸ ਪ੍ਰਕਾਰ ਹੈ- ਪ੍ਰਤੀਤੀਯਸੁਮਿਤਪਾਦ ਦੇ ਬਾਰਾਂ ਸਿਧਾਂਤ, ਪੰਜ ਸਕੰਧ, ਗੰਧਰਭ ਜਾਤੀਆਂ ਅਤੇ ਦੇਵਤਿਆਂ ਦਾ ਵਰਣਨ, ਤਿੰਨ ਵੇਦਨਾਵਾਂ, ਵਿਪਸ਼ਨਾ ਵਿਧੀ ਨਿਰਵਾਰ ਦੀ ਵਿਆਸਿਆ, ਅਸ਼ਟਾਂਗ ਮਾਰਗ, ਪੰਜ ਇੰਦਰੀਆ ਤੇ ਚਾਰ ਚਮਤਕਾਰਾ ਤੋਂ ਇਲਾਵਾ ਇਸ ਵਿਚ ਛੇ ਆਇਤਨ, ਧਿਆਨ ਦੀਆਂ ਚਾਰ ਅਵਸਥਾਵਾ, ਚਾਰ ਆਰਯਸੱਚਾਈਆ, ਕਰਮ ਸਿਧਾਤ, ਯਕਸ਼ਾ ਦੇ ਪ੍ਰਸਨ ਅਤੇ ਉਹਨਾਂ ਦੇ ਧਰਮ ਪਰਿਵਰਤਨ ਦੀ ਘਟਨਾ ਬਾਰੇ ਵਰਨਨ ਮਿਲਦਾ ਹੈ। ਇਸੇ ਤਰ੍ਹਾ ਇਸ ਨਿਕਾਇ ਵਿਚ ਕੁਝ ਰਾਜਨੀਤਿਕ, ਇਤਿਹਾਸਕ ਘਟਨਾਵਾਂ ਦਾ ਵੀ ਪ੍ਰਮਾਣਿਕ ਵਰਣਨ ਮਿਲਦਾ ਹੈ। ਜਿਹਨਾਂ ਵਿਚ ਮਗਧ ਸਮਰਾਟ ਅਗਿਆਤਸੱਤਰੂ ਨਾਲ ਵਿਆਹ ਦੀ ਘਟਨਾ ਨੂੰ ਪ੍ਰਮਾਣਿਕ ਮੰਨਿਆ ਜਾਦਾ ਹੈ। ਇਸੇ ਤਰ੍ਹਾਂ ਇਸ ਨਿਕਾਇ ਵਿਚ ਕੋਸੀਭੀ ਅਤੇ ਲਿੱਛਵੀਂ ਵੰਸ ਦੇ ਰਾਜਿਆ ਬਾਰੇ ਵੀ ਵਰਨਨ ਮਿਲਦਾ ਹੈ। ਰਾਜਾ ਪ੍ਰਸਨਜਿਤ ਅਤੇ ਬ੍ਰਾਹਮਣ ਗੁਰੂ ਬਾਬਰ ਦਾ ਬੁੱਧ ਧਰਮ ਗ੍ਰਹਿਣ ਕਰਨ ਦੀ ਘਟਨਾ ਬਾਰੇ ਵੀ ਵਿਆਖਿਆ ਮਿਲਦੀ ਹੈ।

### 6.2.4 ਅੰਗੁਤਰ ਨਿਕਾਇ

ਅੰਗੁਤਰ ਨਿਕਾਇ ਸੰਖਿਆਤਮਿਕ ਸੈਲੀ ਵਿਚ ਲਿਖਿਆ ਗਿਆ ਇਕ ਵੱਖਰੀ ਪ੍ਰਕਾਰ ਦਾ ਨਿਕਾਇ ਹੈ। ਜਿਸਦੇ ।। ਨਿਪਾਤ (ਅਧਿਆਇ) ਹਨ ਅਤੇ ਹਰੇਕ ਨਿਪਾਤ ਨੂੰ 169 ਵਰਗਾ ਵਿਚ ਵੰਡਿਆ ਗਿਆ ਹੈ। ਇਸ ਤਰ੍ਹਾਂ ਇਹਨਾਂ ਕੁਲ 1859 ਵਰਗਾ ਵਿਚ 2308 ਸੁਤ ਦਰਜ ਹਨ। ਇਹਨਾਂ ਵਿਚ ਵੀ ਬਹੁਤ ਸਾਰੇ ਉਪਦੇਸ਼ ਅਜਿਹੇ ਹਨ ਜੋ ਪਹਿਲੇ ਨਿਕਾਇਆਂ ਵਿਚ ਆ ਚੁੱਕੇ ਹਨ। ਅੰਗੁਤਰ ਨਿਕਾਇ ਵਿਚ ਅਲੱਗ-ਅਲੱਗ ਵਿਸਿਆ ਨਾਲ ਸੰਬੰਧਿਤ ਵਿਅਕਤੀਆਂ ਅਤੇ ਵਸਤਾ ਦੀ ਉਹਨਾਂ ਦੇ ਗੁਣਾ ਅਤੇ ਅੱਗੁਣਾਂ ਦੇ ਆਧਾਰ ਤੇ ਲੜੀਬਧ ਕਰਕੇ ਚਰਚਾ ਕੀਤੀ ਗਈ ਹੈ ਜਿਵੇਂ ਕਿ ਪਤਨੀਆ ਦੇ ਸੱਤ ਪ੍ਰਕਾਰ । ਇਸੇ ਤਰ੍ਹਾਂ ਆਪਣੇ-ਆਪਣੇ ਖੇਤਰ ਵਿਚ ਅੱਵਲ ਰਹੇ ਅਰਹਤਾਂ, ਉਪਾਸਕਾਂ, ਚਮਤਕਾਰੀਆਂ, ਮਹਾਂਪ੍ਰਗਿਆਵਾਨਾ ਅਤੇ ਬੁੱਤਵਾਦੀਆ ਦੀ ਉਹਨਾਂ ਦੀਆ ਪ੍ਰਾਪਤੀਆਂ ਦੇ ਆਧਾਰ ਤੇ ਸ੍ਰੇਣੀਬੱਧ ਕਰਨ ਦੀ ਇਕ ਲੰਬੀ ਸੂਚੀ ਹੈ। ਜਿਹਨਾਂ ਵਿਚ ਲਗ-ਪਗ 75 ਮਹੱਤਵਪੂਰਨ ਨਾਂ ਆਉਂਦੇ ਹਨ। ਜਿਵੇਂ ਕਿ ਸਾਰੀਪੁਤ, ਉਪਾਲਿ, ਆਨੰਦ, ਖੇਮਾ, ਅਨਾਥਪਿੰਡਕ, ਮਹਾਕਸਯਪ ਅਤੇ ਮਹਾਮੋਦਗਲਿਆਨ ਆਦਿ ਨਾ ਵਰਨਨਯੋਗ ਹਨ। ਇਹਨਾ ਤੋਂ ਇਲਾਵਾ ਇਸ ਵਿਚ ਮਹਾਤਮਾ ਬੁੱਧ ਦੇ ਬੌਧਿਕ ਦ੍ਰਿ ਟੀਕੋਣ ਦੀ ਵੀ ਵਿਆਖਿਆ ਮਿਲਦੀ ਹੈ। ਕੁਝ ਮਹੱਤਵਪੂਰਨ ਵਿਅਕਤੀਆ ਦਾ ਬੁੱਧ ਧਰਮ ਗ੍ਰਹਿਣ ਕਰਨ ਦਾ ਇਤਿਹਾਸਿਕ ਵਰਨਨ ਵੀ ਮਿਲਦਾ ਹੈ। ਇਸ ਤੋਂ ਇਲਾਵਾ ਇਸ ਵਿਚ ਹੋਈ 'ਧਮ' ਦੀ ਵਿਆਖਿਆ ਅਤੇ ਨੀਤੀਆਂ ਬਾਰੇ ਚਰਚਾ ਤੋਂ ਧਮ ਦਾ ਇਕ ਸਪੱਸਟ ਰੂਪ ਵੀ ਉਭਰ ਕੇ ਸਾਹਮਣੇ ਆਉਂਦਾ ਹੈ ।

### 6.2.5 ਖੁੱਦਕ ਨਿਕਾਇ

ਖੁੱਦਕ ਨਿਕਾਇ ਤ੍ਰੀਪਿਟਕ ਅਤੇ ਸੁਤਪਿਟਕ ਦਾ ਸਭ ਤੋਂ ਵੱਡਾ ਨਿਭਾਇ ਹੈ। ਇਸ ਵਿਚ ਕੁਲ 15 ਗ੍ਰੰਥ ਸਾਮਿਲ ਹਨ। ਜਿਹਨਾਂ ਦੇ ਨਾ ਇਸ ਪ੍ਰਕਾਰ ਹਨ : ਖੁਦਕਪਾਠ, ਧੰਮਪਦ ਉਦਾਨ, ਇਤੀਵਤਕ, ਸੁਤਨਿਪਾਤ, ਵਿਮਾਨਥੁ, ਪੇਤਵੱਥੁ, ਥੇਰਗਾਥਾ, ਥੇਰੀਗਾਥਾ, ਜਾਤਕ, ਨਿਦੇਸ਼, ਪਟਿਸੰਭਿਦਾਮਾਗ, ਅਪਦਾਨ, ਬੁੱਧਵੰਸ ਅਤੇ ਚਰੀਆਪਿਟਕ। ਇਹ ਬਹੁਤੇ ਵੱਡੇ ਆਕਾਰ ਦੇ ਗ੍ਰੰਥ ਨਹੀਂ ਹਨ ਪ੍ਰੰਤੂ ਇਹਨਾਂ ਵਿਚੋਂ ਜਾਤਕ ਇਹਨਾਂ ਦੇ ਮੁਕਾਬਲੇ ਕਾਫੀ ਵੱਡਾ ਗ੍ਰੰਥ ਹੈ। ਧਮਪਦ ਸੁਤਨਿਪਾਤ, ਉਦਾਨ ਅਤੇ ਇਤੀਵਤਕ ਨੂੰ ਮਹਾਤਮਾ ਬੁੱਧ ਦੇ ਸਮੇਂ ਦੀਆ ਅਤੇ ਬਾਕੀ ਗਿਆਰਾ ਨੂੰ ਬਾਅਦ ਦੀਆਂ ਰਚਨਾਵਾ ਮੰਨਦੇ ਹੋਏ ਕਈ ਖੋਜਕਰਤਾਵਾਂ ਅਤੇ ਵਿਦਵਾਨਾ ਨੇ ਇਹਨਾਂ ਦੀ ਪ੍ਰਮਾਣਿਕਤਾ ਉੱਤੇ ਸੰਕਾ ਜ਼ਾਹਿਰ ਕੀਤੀ ਹੈ। ਇਹਨਾਂ ਵਿਚਲੇ ਵਿਸਿਆ ਦਾ ਸੰਖੇਪ ਵਰਨਨ ਇਸ ਤਰ੍ਹਾਂ ਹੈ।

### 6.2.6 ਖੁੱਦਕ ਪਾਠ

ਇਸ ਵਿਚ ਕੁਲ 9 ਅਧਿਆਇ ਹਨ, ਜਿਹਨਾ ਵਿਚ ਧਮ ਅਤੇ ਸੰਘ ਦੀ ਸਰਣ ਵਿਚ ਆਉਣ ਵਾਲੇ ਬੋਧੀ ਭਿਖੂਆ ਲਈ ਦੀਕਸਾ ਮੰਤ੍ਰ ਤੋਂ ਇਲਾਵਾ ਭਿਖੂਆ ਦੇ ਜੀਵਨ ਵਿਚ ਅਪਨਾਉਣ ਲਈ ਜਰੂਰੀ ਨੈਤਿਕ ਨਿਯਮ ਅਤੇ ਰੋਜ਼ਾਨਾ ਕਰਨ ਵਾਲੀਆਂ ਪ੍ਰਾਰਥਨਾਵਾਂ ਸ਼ਾਮਿਲ ਹਨ । ਜਿਹਨਾਂ ਦਾ ਰੋਜਾਨਾ ਪਾਠਕ ਹਰੇਕ ਭਿਖੂ ਅਤੇ ਭਿਖਣੀ ਲਈ ਜਰੂਰੀ ਹੈ।

6.2.7 ਧਮਪਦ

ਧਮਪਦ ਨੂੰ ਵਿਸ਼ਵ ਸਾਹਿਤ ਦਾ ਦਰਜਾ ਪ੍ਰਾਪਤ ਹੈ। ਇਹ ਬੁੱਧ ਧਰਮ ਦਰਸ਼ਨ ਅਤੇ ਸੰਪੂਰਨ ਤ੍ਰੀਪਿਟਕ ਦਾ ਸਭ ਤੋਂ ਮਹੱਤਵਪੂਰਨ ਅਤੇ ਲੋਕਪ੍ਰਿਯ ਗ੍ਰੰਥ ਮੰਨਿਆ ਗਿਆ ਹੈ । ਇਸ ਦੇ ਵਿਸ਼ੇ ਨੂੰ ਵਿਸ਼ਵ ਕਲਿਆਣਕਾਰੀ ਵਿਚਾਰਾ ਵਾਗ ਮੰਨਿਆ ਗਿਆ ਹੈ। ਸਾਹਿਤਿਕ ਰਚਨਾ ਦੇ ਤੌਰ 'ਤੇ ਵੀ ਇਹ ਇਕ ਉੱਚ ਕੋਟੀ ਦੀ ਰਚਨਾ ਮੰਨੀ ਗਈ ਹੈ। ਯੌਰਪ ਅਤੇ ਏਸ਼ੀਆ ਵਿਚ ਅਣਗਿਣਤ ਭਾਸ਼ਾਵਾਂ ਵਿਚ ਇਸਦਾ ਅਨੁਵਾਦ ਹੋ ਚੁੱਕਾ ਹੈ। ਧਮਪਦ ਵਿਚ ਕੁਲ 26 ਵਰਗ ਅਤੇ ਉਹਨਾਂ ਵਿਚ 423 ਗਾਥਾਵਾਂ ਹਨ, ਜੋ ਕਿਸੇ ਨਾ ਕਿਸੇ ਬੋਧ ਉਪਦੇਸ਼ ਅਤੇ ਬੰਧ ਦਰਸਨ ਨੂੰ ਸਪੱਸ਼ਟ ਕਰਦੀਆਂ ਹਨ । ਇਹਨਾਂ ਰਾਹੀਂ ਇਸ ਵਿਚ ਅੰਕਿਤ ਮਹਾਤਮਾ ਬੁੱਧ ਦੀਆਂ ਸੰਪੂਰਨ ਸਿੱਖਿਆਵਾ ਦਾ ਸਾਰ, ਧਾਰਮਿਕ ਨੀਤੀਆਂ ਅਤੇ ਆਦਰਸਾਂ ਦੀ ਵਿਆਖਿਆ ਇਸ ਨੂੰ ਉੱਚ-ਕੋਟੀ ਦਾ ਗ੍ਰੰਥ ਬਣਾਉਂਦੀ ਹੈ । ਇਤਿਹਾਸਕ ਤੱਥਾਂ ਦੇ ਆਧਾਰ 'ਤੇ ਇਹ ਗੱਲ ਵੀ ਸਾਹਮਣੇ ਆਉਂਦੀ ਹੈ ਕਿ ਅਸ਼ੋਕ ਮਹਾਨ ਦੇ ਧਮ ਦਾ ਆਧਾਰ ਇਹ ਧੰਮਪਦ ਹੀ ਸੀ, ਜਿਸ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਬੁੱਧ ਧਰਮ ਨੂੰ ਅਪਨਾਇਆ ਅਤੇ ਬਾਕੀ ਦੀ ਸਾਰੀ ਉਮਰ ਇਸਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਲਗਾ ਦਿੱਤੀ । ਧੰਮਪਦ ਨੂੰ ਤਿੰਨਾ ਪਿਟਕਾਂ ਭਾਵ ਮਹਾਤਮਾ ਬੁੱਧ ਦੇ ਸੰਪੂਰਨ ਗਿਆਨ ਦਾ ਸਾਰ ਕਿਹਾ ਜਾਂਦਾ ਹੈ ।

6.2.8 ਉਦਾਨ

ਇਸ ਵਿਚ ਕੁੱਲ 8 ਵਰਗ ਹਨ, ਜਿਹਨਾਂ ਵਿਚ 10-10 ਸੁਤ ਹਰੇਕ ਵਿਚ ਦਿੱਤੇ ਗਏ ਹਨ। ਉਦਾਨ ਵਿਚ ਮਹਾਤਮਾ ਬੁੱਧ ਦੇ ਉਹਨਾਂ ਭਾਵਨਾਤਮਿਕ ਉਪਦੇਸ਼ਾਂ ਦਾ ਸੰਗ੍ਰਹਿ ਹੈ, ਜਿਹੜੇ ਕਹਾਣੀਆ ਦੇ ਵਿਚ ਦ੍ਰਿਸਟਾਤਾਂ ਰਾਹੀਂ ਸਮਝਾਏ ਗਏ ਹਨ। ਉਦਾਹਰਣ ਵਜੋਂ ਉਦਾਨ ਵਿਚਲੀ ਅੰਨ੍ਹਿਆ ਦੇ ਹਾਥੀ ਦੇਖਣ ਦੀ ਗਾਥਾ ਬਹੁਤ ਹੀ ਲੋਕਪ੍ਰਿਯ ਹੈ। ਜਿਸ ਰਾਹੀਂ ਉਹਨਾ ਨੇ ਕਿਸੇ ਵੀ ਵਿਸ਼ੇ-ਵਸਤੂ ਬਾਰੇ ਪੂਰਨ, ਅਰਧ-ਪੂਰਨ ਜਾ ਅਨੁਮਾਨਿਕ ਜਾਣਕਾਰੀ ਰਾਹੀਂ ਨਿਕਲਣ ਵਾਲੇ ਨਤੀਜਿਆ ਬਾਰੇ ਚੇਤਾਵਨੀ ਦਿੱਤੀ ਹੈ। ਇਸ ਤੋਂ ਇਲਾਵਾ ਨੈਤਿਕਤਾ, ਸਦਾਚਾਰ, ਨਿਰਵਾਣ, ਪੁਨਰਜਨਮ, ਪ੍ਰਤੀਤੀਯਸੁਮਿਤਪਾਦ, ਬ੍ਰਾਹਮਣਵਾਦ ਦੀ ਪਰਿਭਾਸ਼ਾ ਅਤੇ ਅਰਹਤ ਪਦ ਦੀ ਪ੍ਰਾਪਤੀ ਦੇ ਮਾਰਗ ਆਦਿਕ ਵਿਸਿਆ ਉਪਰ ਵੀ ਚਰਚਾ ਕੀਤੀ ਗਈ ਹੈ ।

6.2.9 ਇਤਿਵ੍ਰਤਕ

ਇਸ ਵਿਚ ਕੁਲ 112 ਉਪਦੇਸ਼ ਹਨ ਜੋ ਚਾਰ ਵਰਗਾ ਵਿਚ ਵੰਡੇ ਹੋਏ ਹਨ। ਇਸ ਵਿਚ ਗਦ ਅਤੇ ਪਦ ਦੋਵੇ ਸੈਲੀਆ ਵਰਤੀਆ ਗਈਆ ਹਨ। ਪਹਿਲਾਂ ਪਦ ਦੇ ਵਿਚ ਵਿਚਾਰ ਦਿੱਤੇ ਗਏ ਹਨ ਤੇ ਫਿਰ ਗਦ ਵਿਚ ਉਸਦੀ ਵਿਆਖਿਆ ਕੀਤੀ ਗਈ ਹੈ। ਇਤਿਵ੍ਰਕਤ ਦਾ ਸ਼ਾਬਦਿਕ ਅਰਥ "ਅਜਿਹਾ ਕਿਹਾ ਗਿਆ ਹੈ" ਕੀਤਾ ਗਿਆ ਹੈ। ਇਸ ਵਿਚ ਵਿਚਾਰਾਂ ਨੂੰ ਅਜਿਹਾ ਤਥਾਗਤ ਕਿਹਾ ਹੈ ਕਿ ਸ਼ੈਲੀ ਵਿਚ ਹੀ ਰੱਖਿਆ ਗਿਆ ਹੈ। ਇਸੇ ਕਾਰਨ ਹੀ ਇਸ ਦਾ ਨਾ ਵੀ ਇਤਿਵਕਤ ਹੀ ਰੱਖਿਆ ਗਿਆੱ ਹੈ। ਇਸ ਵਿਚ ਬੁੱਧ ਵਚਨਾਂ ਨੂੰ ਹੀ ਸੰਗ੍ਰਹਿਤ ਕੀਤਾ ਗਿਆ ਹੈ। ਇਸ ਦੇ ਨਾਲ ਹੀ ਪੁਨਰ ਜਨਮ ਅਤੇ ਮੋਹ ਮਾਇਆ ਆਦਿ ਵਿਸਿਆ ਉਪਰ ਮਹਾਤਮਾ ਬੁੱਧ ਦੇ ਵਿਚਾਰ ਵੀ ਦਿੱਤੇ ਗਏ ਹਨ।

### 6.2.10 ਸੁਤਨਿਪਤਾ

ਸੁਤਨਿਪਾਤ ਵੀ ਖੁੱਦਕ ਨਿਕਾਇ ਦਾ ਇਕ ਮਹੱਤਵਪੂਰਨ ਗ੍ਰੰਥ ਹੈ ਜਿਸ ਵਿਚ ਬੁੱਧ ਧਰਮ ਦਰਸਨ ਬ ਰੇ ਵਿਸਤ੍ਰਿਤ ਜਾਣਕਾਰੀ ਮਿਲਦੀ ਹੈ ਇਸ ਦੀ ਭਾਸ਼ਾ ਵੈਦਿਕ ਸੰਸਕ੍ਰਿਤੀ ਦੇ ਕਾਫ਼ੀ ਨਜਦੀਕ ਮੰਨ ਗਈ ਹੈ। ਇਸ ਵਿਚ ਕਾਫ਼ੀ ਸਾਰੇ ਪਹਿਲਾਂ ਆ ਚੁੱਕੇ ਸਭਾ ਦਾ ਦੁਹਰਾਓ ਹੈ। ਇਸ ਵਿਚ ਕੁਲ 2 ਉਪਦੇਸ ਦਰਜ ਹਨ, ਜਿਹਨਾਂ ਨੂੰ 5 ਵਰਗਾ ਵਿਚ ਵੰਡਿਆ ਗਿਆ ਹੈ। ਜਿਹਨਾ ਦੇ ਵਿਚ ਨਿਰਵਾਣ ਮਾਰਗ, ਬੋਧ ਭਿਖੂਆ ਭਿਖੂਣੀਆਂ ਅਤੇ ਬੰਧ ਗ੍ਰਹਿਸਥਾਂ ਲਈ ਵੱਖਰੇ-ਵੱਖਰੇ ਉਪਦੇਸ਼ ਹਨ, ਜਾਤੀਵਾਦ ਦਾ ਪ੍ਰਬਲ ਵਿਰੁੱਧ, ਮਨ ਅਤੇ ਚਰਿੱਤਰ ਦੀ ਦੁਰਬਲਤਾ ਤੋਂ ਬਚਣ ਲਇ। ਸੀਲ, ਸਮਾਧੀ ਅਤੇ ਪ੍ਰਗਿਆ ਦਾ ਮਾਰਗ ਦੱਸਿਆ ਗਿਆ ਹੈ। ਇਸ ਤੋਂ ਇਲਾਵਾ ਮਹਾਤਮਾ ਬੁੱਧ ਦੇ ਜਨਮ ਤੋਂ ਬੋਧ-ਪ੍ਰਾਪਤੀ ਤੱਕ ਦੇ ਜੀਵਨ ਬਾਰੇ ਪ੍ਰਮਾਣਿਕ ਜਾਣਕਾਰੀ ਦੇ ਨਾਲ- ਨਾਲ ਉਸ ਸਮੇਂ ਦੇ ਸਮਾਜ ਦਾ ਸਸ਼ਕਤ ਚਿਤਰਟ ਵੀ ਮਿਲਦਾ ਹੈ।

### 6.2.11 ਵਿਮਾਨ ਵੇਥੂ

ਇਸ ਵਿਚ ਦੇਵਲੋਕ ਭਾਵ ਦੇਵਤਿਆ ਦੇ ਰਹਿਣ ਦੀ ਥਾਂ ਬਾਰੇ ਕਹਾਣੀਆ ਹਨ। ਇਹਨਾਂ ਨੂੰ 7 ਵਰਗਾਂ ਵਿਚ ਵੰਡਿਆ ਗਿਆ ਹੈ ਜਿਹਨਾਂ ਵਿਚ ਲਗ-ਪਗ 85 ਦੇਵ ਲੋਕਾਂ ਦਾ ਵਰਨਨ ਕਰਦਿਆ ਇਹ ਸਪੱਸਟ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਦੇਵਤਿਆ ਨੂੰ ਇਹ ਅਨੁਪਮ ਦੇਵ ਲੈਣ ਪ੍ਰੀਤਮ ਬੁੱਧ ਦੀ ਉਪਾਸਨਾ ਦੇ ਫਲਸਰੂਪ ਹੀ ਮਿਲਿਆ ਹੈ ਅਤੇ ਇਸ ਦੇ ਨਾਲ ਵੀ ਧਮਾਣ ਦੇਣ ਦੀ ਕੋਸਿਸ਼ ਕੀਤੀ ਗਈ ਹੈ ਕਿ ਗੌਤਮ ਬੁੱਧ, ਸਭ ਦੇਵਤਿਆ ਅਤੇ ਉਹਨਾ ਦੇ ਇਸਟ ਬ੍ਰਹਮਾ ਤੋਂ ਵੀ ਜ਼ਿਆਦਾ ਬੁੱਧੀਮਾਨ ਹਨ । ਪ੍ਰੰਤੂ ਇਸ ਦੇ ਨਾਲ ਹੀ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਬੋਧ ਭਿਖੂਆ ਦਾ ਸਥਾਨ ਦੇਵਤਿਆਂ ਤੋਂ ਕਿਤੇ ਉੱਚਾ ਹੈ ਕਿਉਂਕਿ ਉਹਨਾਂ ਦਾ ਕਰਮ ਨਿਰਵਾਣ ਪ੍ਰਾਪਤੀ ਵਲ ਹੁੰਦਾ ਹੈ, ਦੇਵਲੋਕ ਦੀ ਪ੍ਰਾਪਤੀ ਲਈ ਨਹੀਂ ।

### 6.2.12 ਪੇਤਵੁੱਥੂ

ਪੇਤਵੱਥੂ, ਵਿਮਾਨ ਵੱਥ ਵਿਚਲੀਆ ਕਹਾਣੀਆ ਦਾ ਹੀ ਦੂਜਾ ਪਹਿਲੂ ਹੈ। ਜਿਥੇ ਵਿਮਾਨਵਥੂ ਵਿਚ ਦੇਵਤਿਆ ਦੇ ਪੁੰਨ ਕਰਮ ਅਤੇ ਤਮ ਦੀ ਉਪਾਸਨਾ ਸਦਕਾ ਉਹਨਾਂ ਨੂੰ ਦੇਵਲੋਕ ਦੀ ਪ੍ਰਾਪਤੀ ਹੁੰਦੀ ਹੈ, ਉਥੇ ਪ੍ਰੇਮ ਬਿਰਤੀ, ਭਾਵ ਬੁਰੇ ਕਰਮ ਵਾਲਿਆਂ ਨੂੰ ਹਮੇਸ਼ਾਂ ਦੁੱਖਾਂ ਭਰਿਆ ਜੀਵਨ ਹੀ ਜਿਊਣਾ ਪੈਦਾ ਹੈ, ਭਾਵ ਨਰਕ ਭੋਗਣਾ ਪੈਂਦਾ ਹੈ । ਇਸ ਵਿਚ ਕੁੱਲ 50 ਪ੍ਰੇਤ ਕਥਾਵਾਂ ਹਨ ਜਿਹਨਾਂ ਨੂੰ ਚਾਰ ਭਾਗਾ ਵਿਚ ਵੰਡਿਆ ਗਿਆ ਹੈ।

### 6.2.13 ਥੇਰਗਾਥਾ

ਇਸ ਵਿਚ ਉਚਕੋਟੀ ਦੇ ਥੇਰਵਾਦੀ ਭਿੱਖਿਆ ਦੇ ਅਧਿਆਤਮਿਕ ਜੀਵਨ ਦੇ ਅਨੁਭਵ ਪਦ ਸ਼ੈਲੀ ਵਿਚ ਸੰਕਲਿਤ ਕੀਤੇ ਗਏ ਹਨ। ਜਿਹਨਾ ਵਿਚ ਆਸਾਵਾਦ ਦੇ ਨਾਲ-ਨਾਲ ਭਿਖੂ ਜੀਵਨ ਵਿਚਲੇ ਮਾਨਸਿਕ ਸੁੱਖਾ ਦਾ ਅਤੇ ਜੀਵਨ ਦੇ

ਉਤਾਰ-ਚੜਾਅ ਦਾ ਵਰਨਨ ਬਹੁਹ ਹੀ ਧਾਰਮਿਕ ਢੰਗ ਨਾਲ ਕੀਤਾ ਗਿਆ ਹੈ। ਇਸ ਵਿਚ ਬਹੁਤ ਸਾਰੇ ਭਿੱਖੂਆਂ ਦੀਆਂ ਜੀਵਣੀਆਂ ਵੀ ਮਿਲਦੀਆਂ ਹਨ। ਥੇਰਗਾਥਾ ਵਿਚ ਕੁੱਲ 1279 ਕਹਾਣੀਆ ਹਨ, ਜਿਹਨਾ ਨੂੰ ਇਕੀ (21) ਵਰਗਾਂ ਵਿਚ ਵੰਡਿਆ ਗਿਆ ਹੈ। ਇਹਨਾ ਵਿਚ ਯੋਗ ਸਾਧਨਾ ਵਿਚ ਲੱਗੇ ਭਿਖੂਆ ਦੇ ਆਤਰਿਕ ਜੀਵਨ ਅਤੇ ਪ੍ਰਾਕ੍ਰਿਤਿਕ ਗਿਆਨ ਦੇ ਮਹੱਤਵਪੂਰਨ ਪਹਿਲੂਆਂ ਬਾਰੇ ਵੀ ਜਾਣਕਾਰੀ ਮਿਲਦੀ ਹੈ

6.2.14 ਥੇਰੀਗਾਥਾ

ਥੇਰੀਗਾਥਾ ਵਿਚ ਬੁੱਧਕਾਲੀਨ ਉੱਚ ਕੋਟੀ ਦੀਆ 73 ਭਿੱਖੂਣੀਆਂ ਦੇ ਅਧਿਆਤ ਜੀਵਨ ਦੇ ਅਨੁਭਵ 522 ਗਾਥਾਵਾਂ ਵਿਚ ਅੰਕਿਤ ਹਨ, ਜਿਹਨਾਂ ਨੂੰ 16 ਵਰਗਾ ਵਿਚ ਵੰਡਿਆ ਗਿਆ ਹੈ। ਜਿਹਨਾਂ ਭਿਖੂਣੀਆ ਦੇ ਅਧਿਆਤਮਿਕ ਅਨੁਭਵ ਇਸ ਵਿਚ ਦਰਜ ਹਨ, ਵਿਚ ਮਹਾਂਪ੍ਰਜਾਪਤੀ ਗੌਤਮੀ ਤੋਂ ਇਲਾਵਾ ਮਗਧ ਦੇ ਰਾਜਵੰਸ਼, ਲਿੱਛਵੀ ਕੁਲ ਅਤੇ ਕੁਝ ਬ ਕੁਲ ਨਾ ਸੰਬੰਧਿਤ ਭਿੱਖੂਣੀਆ ਦਾ ਜ਼ਿਕਰ ਆਉਂਦਾ ਹੈ। ਇਸ ਤੋਂ ਇਲਾਵਾ ਚਾਰ ਭਿੱਖੂ ਆਪਣੇ ਸਮੇਂ ਵਿਚ ਪ੍ਰਸਿੱਧ ਨਾਚੀਆ ਨਗਰਵਧੂਆ) ਰਹਿ ਚੁੱਕੀਆ ਸਨ. ਜਿਹਨਾਂ ਵਿਚੋਂ ਅਮਰ ਦਾ ਨਾ ਜ਼ਿਕਰਯੋਗ ਹੈ।

6.2.15 ਜਾਤਕ

ਜਾਤਕ ਸੁਤਪਿਟਕ ਅਤੇ ਤ੍ਰੀਪਿਟਕ ਦਾ ਸਭ ਤੋਂ ਵੱਡਾ ਗ੍ਰੰਥ ਹੈ ਜਿਸ ਵਿਚ ਮਹਾਤਮਾ ਬੁੱਧ ਦੇ ਪੂਰਵ ਜਨਮਾਂ ਨਾਲ ਸੰਬੰਧਿਤ ਕੁਲ 547 ਕਥਾਵਾਂ ਦਰਜ ਹਨ। ਭਦੰਤ-ਆਨੰਦ ਕੋਸ਼ਲਿਆਨ ਨੇ ਪਾਲੀ ਤ੍ਰਿਪਿਟਕ ਵਿਚਲੇ ਜਾਤਕਾਂ ਨੂੰ ਛੇ ਭਾਗਾਂ ਵਿਚ ਵੰਡਿਆ ਹੈ ਅਤੇ ਹਿੰਦੀ ਵਿਚ ਅਨੁਵਾਦ ਕਰਦਿਆ ਇਸਦੇ ਛੇ ਖੰਡਾਂ ਵਿਚ ਕਹਾਣੀਆ ਦੀ ਵੰਡ ਇਸ ਪ੍ਰਕਾਰ ਕੀਤਾ ਹੈ- ਪਹਿਲਾ ਖੰਡ- 100 ਕਹਾਣੀਆ ਦੂਜਾ ਖੰਡ- 150 ਕਹਾਣੀਆ ਤੀਜਾ ਖੰਡ-150 ਕਹਾਣੀਆ ਚੌਥਾ ਖੰਡ- 100 ਕਹਾਣੀਆ ਪੰਜਵਾਂ ਖੰਡ-37 ਕਹਾਣੀਆਂ ਛੇਵਾ ਖੰਡ- 10 ਕਹਾਣੀਆਂ

ਪਹਿਲੇ ਚਾਰ ਖੰਡਾਂ ਵਿਚਲੀਆ ਕਹਾਣੀਆ ਦੀ ਲੰਬਾਈ ਆਮ ਹੈ ਪਰੰਤੂ ਪੰਜਵੇਂ ਅਤੇ ਛੇਵੇਂ ਖੰਡ ਵਿਚਲੀਆਂ ਕਹਾਣੀਆਂ ਏਨੀਆਂ ਲੰਬੀਆ ਹਨ ਕਿ ਕਈ ਤਾਂ ਲਘੂ ਉਪਨਿਆਸ ਵਾਂਗ ਅਤੇ ਕੁਝ ਮਹਾਂਕਾਵਿ ਵਾਗ ਲੱਗਦੀਆ ਹਨ। ਜਾਤਕ ਗ੍ਰੰਥ ਵਿਚ ਗਦ ਅਤੇ ਪਦ ਦੋਵੇਂ ਸ਼ੈਲੀਆਂ ਵਰਤੀਆਂ ਗਈਆਂ ਹਨ। ਇਹਨਾਂ ਜਾਤਕ ਕਹਾਣੀਆਂ ਵਿਚ ਇਹ ਦੱਸਿਆ ਗਿਆ ਹੈ ਕਿ ਗੌਤਮ ਬੁੱਧ ਨੇ ਮੌਜੂਦਾ ਅਰ ਸਥਾ ਤੱਕ ਪੁੱਜਣ ਲਈ ਆਪਣੇ-ਕਿੰਨੇ ਪੂਰਵਜਨਮਾਂ ਵਿਚ ਕਿੰਨੀ ਅਤੇ ਕਿਵੇ ਘਾਲਣਾ ਘਾਲੀ ਹੈ।

6.2.16 ਨਿਦੇਸ਼

ਨਿਦੇਸ਼ ਦਾ ਰਚਨਾਕਾਲ ਮਹਾਤਮਾ ਬੁੱਧ ਦੇ ਨਿਰਮਾਣ ਤੇ ਲਗ-ਪਗ 100 ਸਾਲ ਬਾਅਦ ਦਾ ਮੰਨਿਆ ਗਿਆ ਹੈ। ਇਤਿਹਾਸਕ ਤੱਥਾ ਅਨੁਸਾਰ ਇਸ ਦਾ ਰਚਨਾਕਾਲ ਦੂਜੀ ਬੋਧਮਹਾਸਭਾ ਦੇ ਸਮੇਂ ਦਾ ਮੰਨਿਆ ਗਿਆ ਹੈ। ਇਸਦੇ ਦੇ ਭਾਗ ਹਨ ਚੁੱਲ ਨਿਵੇਸ਼ ਅਤੇ ਮਹਾਨਿਦੇਸੁ । ਇਹਨਾ ਦੋਵਾਂ ਭਾਗਾਂ ਵਿਚ ਹੁੰਦਕ ਨਿਕਾਇ ਦੇ ਦੇ ਮਹੱਤਵਪੂਰਨ ਗ੍ਰੰਥਾ

(ਧਮਪਦ ਅਤੇ ਸੁਤਨਿਪਾਤ) ਦੇ ਸੁਤਾ ਦੀ ਹੀ ਲੰਬੀ ਵਿਆਖਿਆ ਕੀਤੀ ਗਈ ਹੈ। ਕੁਝ ਵਿਦਵਾਨਾ ਨੇ ਇਸਨੂੰ ਧਮਪਦ ਅਤੇ ਸੁਤਨਿਪਾਤ ਦਾ ਟੀਕਾ ਵੀ ਸੰਨਿਆ ਹੈ।

6.2.17 ਪਟਿਸੰਭਿਦਾਮਗ

ਇਹ ਵੀ ਨਿਦੇਸ਼ ਦੇ ਰਚਨਾਕਾਰ ਸਮੇਂ ਦੀ ਹੀ ਰਚਨਾ ਮੰਨੀ ਗਈ ਹੈ। ਇਸਦੇ ਤਿੰਨ ਭਾਗ ਹਨ ਅਤੇ ਹਰਕ ਵਿਚ 10-10 ਉਪਦੇਸ਼ ਹਨ ਜਿਹਨਾ ਵਿਚ ਸਮਾਧੀ ਕਰਮ, ਅਰਹਤਪਦ ਅਤੇ ਆਰਯਸੱਚ ਆਦਿਕ ਵਿਸਿਆ ਬਾਰੇ ਜਾਣਕਾਰੀ ਮਿਲਦੀ ਹੈ।

6.2.18 ਅਪਦਾਨ

ਅਪਦਾਨ ਅਸ਼ੋਕ ਕਾਲ ਦੀ ਰਚਨਾ ਹੈ। ਇਸ ਦੇ ਦੋ ਭਾਗ ਹਨ - ਥੇਰ ਅਪਦਾਨ ਅਤੇ ਥੇਰੀ ਅਪ੍ਰਦਾਨ । ਇਹਨਾਂ ਦੋਨਾਂ ਵਿਚ ਬੋਧ ਭਿਖੂਆ ਅਤੇ ਭਿਖਣੀਆਂ ਦੇ (ਜਾਤਕ ਗ੍ਰੰਥ ਵਿਚਲੀਆਂ ਕਹਾਣੀਆ ਵਾਰ) ਪੂਰਵ ਜਨਮਾ ਦੀਆ ਕਹਾਣੀਆ ਦਿੱਤੀਆਂ ਗਈਆਂ ਹਨ। ਕੁਝ ਵਿਦਵਾਨਾ ਅਨੁਸਾਰ ਇਹ ਗ੍ਰੰਥ ਥੇਰਗਾਥਾ ਅਤੇ ਥੇਰੀ ਗਾਥਾ ਦਾ ਹੀ ਇਕ ਹਿੱਸਾ ਲੱਗਦਾ ਹੈ।

6.2.19 ਬੁੱਧਵੰਸ਼

ਇਸ ਵਿਚ ਬੁੱਧ ਦੇ ਬੋਧੀਸਤਵ ਰੂਪ ਬਾਰੇ ਵਰਨਨ ਮਿਲਦਾ ਹੈ। ਕੁਝ ਵਿਦਵਾਨਾਂ ਅਨੁਸਾਰ ਬੁੱਧ ਵੰਸ ਜਾਤਕ ਕਥਾਵਾਂ ਦਾ ਹੀ ਵਿਸਥਾਰ ਹੈ, ਇਸ ਗ੍ਰੰਥ ਵਿਚ ਜਾਤਕ ਕਥਾਵਾਂ ਵਿਚਲੇ ਬੁੱਧ ਦੇ ਬੋਧੀਸਤਵ ਰੂਪ ਬਾਰੇ ਚਰਚਾ ਕਰਦਿਆ ਬੁੱਧ ਤੋਂ ਇਲਾਵਾ 24 ਹੋਰ ਪਹਿਲਾਂ ਹੋ ਚੁੱਕੇ ਬੁੱਧਾ ਦੀਆ ਜੀਵਣੀਆਂ ਦਿੱਤੀਆਂ ਗਈਆਂ ਹਨ, ਜਿਹਨਾਂ ਉਪਰ ਪੌਰਾਣਿਕ ਪ੍ਰਭਾਵ ਬਹੁਤ ਜਿਆਦਾ ਲੱਗਦਾ ਹੈ। ਇਸੇ ਕਾਰਨ ਇਸ ਵਿਚਲਾ ਬੁੱਧ ਇਤਿਹਾਸਕ ਬੁੱਧ ਨਾਲੋਂ ਮਿਥਿਹਾਸਿਕ ਜਿਆਦਾ ਲੱਗਦਾ ਹੈ। ਇਹ ਪਦ ਸੈਲੀ ਵਿਚ ਲਿਖਿਆ ਗਿਆ ਗ੍ਰੰਥ ਹੈ।

6.2.20 ਚਰੀਆਪਿਟਕ

ਅਸ਼ੋਕ ਕਾਲ ਵਿਚ ਰਚਿਆ ਖੁੱਦਕ ਨਿਕਾਇ ਦਾ ਇਹ ਅੰਤਿਮ ਗ੍ਰੰਥ ਹੈ, ਜਿਸਦੇ ਸੰਤ ਅਧਿਆਇ ਹਨ ਜਿਹਨਾ ਵਿਚ 35 ਪਦ ਸੈਲੀ ਵਿਚ ਲਿਖੀਆ ਨਿੱਕੀਆ ਕਥਾਵਾਂ ਹਨ ਜਿਹਨਾਂ ਵਿਚ ਦ੍ਰਿਸ਼ਟਾਂਤਾ ਅਤੇ ਉਪਦੇਸ਼ਾ ਰਾਹੀਂ ਭਿਖੂ ਜੀਵਨ ਵਿਚ ਪਾਰਮਿਤਾਵਾਂ ਦੀ ਮਹੱਤਤਾ ਨੂੰ ਸਮਝਾਉਣ ਦਾ ਯਤਨ ਕੀਤਾ ਗਿਆ ਹੈ। ਇਸ ਵਿਚ ਆਈਆਂ ਕਥਾਵਾਂ ਵਿਚੋਂ ਇਕ-ਦੇ ਨੂੰ ਛੱਡ ਕੇ ਬਾਕੀ ਸਾਰੀਆਂ ਹੀ ਗਦ-ਸ਼ੈਲੀ ਵਿਚ ਜਾਤਕ ਵਿਚ ਅੰਕਿਤ ਹਨ। ਪਾਰਮਿਤਾ ਦਾ ਸਾਬਦਿਕ ਅਰਥ ਹੈ - 'ਪੂਰਨਤਾ ਦੀ ਪ੍ਰਾਪਤੀ ਭਾਵ ਇਹ ਉਹ ਨਿਯਮ ਹਨ ਜਿਹਨਾ ਪਾਲਣਾ ਕਰਕੇ ਪ੍ਰੀਤਮ ਬੁੱਧ ਬੰਧੀਸਤਵ ਤੇ ਸਮਯਕ ਬੁੱਧ ਦੀ ਉਪਾਧੀ ਤੱਕ ਪਹੁੰਚੇ ਅਤੇ ਇ. ਰਾਹੀਂ ਹੀ ਬੋਧੀ ਸਾਧਕਾਂ ਨੇ ਬੋਧ ਪ੍ਰਾਪਤੀ ਕਰਨੀ ਹੈ । ਪਾਲੀ ਬੰਧ

ਸਾਹਿਤ ਅਨੁਸਾਰ 1 ਪਾਰਮਿਤਾਵਾ 10 ਹਨ ਪ੍ਰੰਤੂ ਚਰੀਆ ਪਿਟਕ ਵਿਚ ਕੇਵਲ 7 ਪਾਰਮਿਤਾਵਾਂ ਦਾ ਹੀ ਵਰਨਨ ਮਿਰ ਹੈ।

## 6.3 ਵਿਨਯਪਿਟਕ

ਬੁੱਧ ਧਰਮ ਦਾ ਭਿੱਖੂ ਸੰਘ ਲੋਕਤੰਤਰ ਉੱਤੇ ਆਧਾਰਿਤ ਸੀ ਜਿਸਦਾ ਆਪਣਾ ਕਾਰਜ ਸੀ, ਆਪਣੀਆ ਨੀਤੀਆਂ ਅਤੇ ਆਦਰਸ਼ ਸਨ। ਵਿਨਯ ਪਿਟਕ ਵਿਚ ਬੋਧੀਸੰਘ ਲਈ ਬਣਾਏ ਨਿਯਮਾਂ ਬਾਰੇ ਵਿਸਥਾਰ ਸਹਿਤ ਵਿਆਖਿਆ ਹੈ। ਇਸ ਲਈ ਵਿਨਯ ਪਿਟਕ ਨੂੰ ਬੁੱਧ ਧਰਮ ਸੰਵਿਧਾਨ ਵੀ ਕਿਹਾ ਗਿਆ ਹੈ। ਵਿਨਯ ਪਿਟਕ ਦੀ ਰਚਨਾ ਭਾਵੇਂ ਮਹਾਤਮਾ ਬੁੱਧ ਦੇ ਨਿਰਵਾਣ ਤੋਂ ਬਾਅਦ ਹੋਈ ਪਰ ਇਸ ਵਿਚਲੇ ਹਰੇਕ ਨਿਯਮ ਦਾ ਆਧਾਰ ਮਹਾਤਮਾ ਬੁੱਧ ਦੇ ਮੌਲਿਕ ਉਪਦੇਸ਼ ਅਤੇ ਆਦਰਸ਼ ਹੀ ਹਨ। ਪੀ ਵੀ ਬਾਪਟ ਅਤੇ ਨਲਿਨਾਕਸੱਦਤ ਅਨੁਸਾਰ ਵਿਨਯ ਪਿਟਕ ਵਰਤਮਾਨ ਸਰੂਪ ਗੌਤਮ ਬੁੱਧ ਦੁਆਰਾ ਬਣਾਏ ਗਏ ਮੂਲ ਸਿਧਾਤਾਂ ਵਿਚ ਸਦੀਆ ਤੱਕ। ਵਾਲੇ ਵਿਕਾਸ ਦਾ ਹੀ ਪਰਿਣਾਮ ਹੈ। ਵਿਨਯਪਿਟਕ ਵਿਚਲੇ ਨਿਯਮਾਂ ਵਿਚ ਜੇਕਰ ਥੋੜ੍ਹਾ ਡੂੰਘਾ ਜਾਈਏ ਤਾਂ ਕਾਨੂੰਨੀ ਵਿਵਸਥਾ ਪਿਛੇ ਕੰਮ ਕਰ ਰਹੇ ਮਨੋਵਿਗਿਆਨਕ ਤੱਥਾ ਬਾਰੇ ਬਹੁਤ ਹੀ ਸੁਲਝੀ ਹੋਈ ਵਿਵਸਥਾ ਨਜ਼ਰ ਆਉਂਦੀ ਹੈ। ਭਾਵ ਅਪਰਾਧ ਅਪਰਾਧ ਦੀ ਸ੍ਰੇਣੀ ਦਾ ਨਿਰਧਾਰਣ ਉਸ ਪਿਛੇ ਕੰਮ ਕਰ ਰਹੀ ਮਨੋਬ੍ਰਿਤੀ ਅਤੇ ਉਸ ਆਧਾਰ ਉੱਤੇ ਸਜਾ ਦਾ ਨਿਰਧਾਰਣ ਜਾ ਇਸ ਇਲਾਵਾ ਨੈਤਿਕ ਅਤੇ ਸਦਾਚਾਰਕ ਕਾਨੂੰਨ ਉਹਨਾਂ ਦਾ ਉਲੰਘਣ ਅਤੇ ਸਜਾ ਦਾ ਢੰਗ ਆਧੁਨਿਕ ਕਾਨੂੰਨ ਦਾ ਮੁਕਾਬਲਾ ਕਰਦੇ ਹਨ। ਇਸ ਲਈ ਬੁੱਧ ਦੇ ਪਰਿਨਿਰਵਾਣ ਤੋਂ ਬਾਅਦ ਸੰਘ ਦਾ ਹਰੇਕ ਅਨੁਸਾਸਨ ਨੂੰ ਵਿਨਯਪਿਟਕ ਦੇ ਮਾਪਦੰਡ ਤੇ ਰੱਖ ਕੇ ਹੀ ਪਰਖਿਆ ਜਾਂਦਾ ਹੈ। ਇਸ ਤੋਂ  ਵਿਨਯਪਿਟਕ ਦਾ ਅਨੁਸਾਸਨ ਸਿਧਾਤ ਬੋਧੀ ਭਿੱਖੂਆ-ਭਿੱਖਣੀਆ (ਸਾਧਕਾ) ਲਈ ਇਕ ਤਰ੍ਹਾਂ ਆਚਰਣ-ਕਵਜ ਦਾ ਕੰਮ ਕਰਦਾ ਹੈ।

ਵਿਨਯ ਪਿਟਕ ਵਿਚ ਕੁਲ ਤਿੰਨ ਵਰਗ ਹਨ ਜਿਹਨਾਂ ਵਿਚ ਪੰਜ ਗ੍ਰੰਥ ਸ਼ਾਮਿਲ ਹਨ (1) ਪਾਤਿਮੋਖ, ਇਸ ਦੇ ਅੱਗੇ ਦੋ ਭਾਗ ਹਨ- ਭਿੱਖੂ ਵਿਭੰਗ ਅਤੇ ਭਿਖੁਣੀ ਵਿਭੰਗ। (2) ਖੱ - ਇਸ ਵਿਚ ਵੀ ਦੋ ਗ੍ਰੰਥ ਸਾਮਿਲ ਹਨ - ਮਹਾਵੱਗ ਅਤੇ ਚੱਲ ਵਗ। ਤੀਜੇ ਵਰਗ ਪਰਿਵਾਰ ਵਿਚ ਕੇਵਲ ਇਕ ਹੀ ਗ੍ਰੰਥ ਹੈ।

### 6.3.1 ਪਾਤਿਮੋਖ

ਪਾਤਿਮੋਖ ਦਾ ਸ਼ਾਬਦਿਕ ਅਰਥ ਹੈ ਬੁਰੇ ਕਰਮਾਂ ਤੋਂ ਮੁਕਤੀ। ਇਸ ਵਿਚ ਕੁਲ ਦੋ ਭਾਗ ਹਨ। ਭਿੱਖੂ ਵਿਭੰਗ ਅਤੇ ਭਿਖੁਣੀ ਵਿਭੰਗ। ਭਿਖੂ ਵਿਭੰਗ ਵਿਚ ਭਿਖੂਆ ਅਤੇ ਭਿਖਣੀ ਵਿਖੇ ਹਨ। ਭਿੱਖਣੀਆਂ ਲਈ ਆਦਰਸ਼ਕ ਜੀਵਨ ਜਿਊਣ ਲਈ ਨੈਤਿਕ ਅਤੇ ਸਾਦਚਾਰਕ ਨਿਯਮਾਂ ਨਾਲ ਹੀ ਉਹਨਾਂ ਦੀ ਰੱਖਿਆ ਲਈ ਵੀ ਕਾਨੂੰਨੀ ਜਾਣਕਾਰੀ ਦਿੱਤੀ ਗਈ ਹੈ। ਸਿੱਧੂ ਵਿਤੀ ਵਿਚ ਕੁਲ 225 ਨਿਯਮਾਂ ਨੂੰ 8 ਭਾਗਾਂ ਵਿਚ ਵੰਡਿਆ ਗਿਆ ਹੈ ਅਤੇ ਭਿਖੁਣੀ ਵਿਭੰਗ ਵਿਚ ਕੁਲ 225 ਨਿਯਮਾਂ ਨੂੰ 7 ਭਾਰਾ ਵਿਚ ਵੰਡਿਆ ਗਿਆ ਹੈ। ਇਹਨਾ ਨਿਯਮਾਵਲੀਆ ਵਿਚ ਅਲੱਗ- ਅਲੱਗ ਅਪਰਾਧਾ ਬਾਰੇ ਅਤੇ ਸੂਜਾ ਦੇ ਵੀ ਅਲੱਗ ਅਲੱਗ ਕੁਝ ਗੰਭੀਰ ਅਤੇ ਕੁਝ ਆਮ ਸ੍ਰੇਣੀ ਦੇ ਦੰਡਾ ਬਾਰੇ ਵਿਸਥਾਰ ਸਹਿਤ ਨਿਯਮ ਬਣਾਏ ਗਏ

ਹਨ ਜਿਵੇਂ ਕਿ ਚਾਰ ਤਰ੍ਹਾਂ ਦੇ ਪਾਪਾ ਨੂੰ ਪਾਰਾਜਿਕ ਭਾਵ ਵਜਟਪਾਪ ਮੰਨਿਆ ਗਿਆ ਹੈ ਅਤੇ ਇਹਨਾ ਲਈ ਕਈ ਮਾਫੀ ਨਹੀਂ ਹੈ ਅਤੇ ਨਾ ਹੀ ਕੋਈ ਪ੍ਰਾਸਚਿਤ ਹੈ। ਇਹ ਹਨ ਸੰਘ ਵਿਚ ਰਹਿੰਦਿਆ ਅਨੈਤਿਕ ਜਿਸਮਾਨੀ ਸਬੰਧ (2) ਚੋਰੀ (3) ਮਨੁੱਖ ਹੱਤਿਆ (4) ਕਿਸੇ ਵੀ ਤਰ੍ਹਾ ਦੀ ਚਮਤਕਾਰੀ ਸ਼ਕਤੀ ਹੋਣ ਦਾ ਦਾਅਵਾ। ਇਹਨਾ ਵਿਚ ਕਿਸੇ ਇਕ ਦੇਸ ਵਿਚ ਵੀ ਲਿਪਤ ਤਿਖੂ ਜਾ ਭਿਖੂਣੀ ਨੂੰ ਸੰਘ ਛੱਡਣਾ ਪਵੇਗਾ । ਇਸੇ ਤਰ੍ਹਾਂ 13 ਪਾਪ ਅਜਿਹੇ ਹਨ, ਜਿਹਨਾ ਬਾਰੇ ਸਜਾ ਤਾਂ ਹੈ ਪ੍ਰੰਤੂ ਜੇਕਰ ਤਿੱਖੂਆ ਦਾ ਬਹੁਮਤ ਇਹ ਸਮਝੇ ਕਿ ਇਸ ਗਲਤੀ ਸੁਧਾਰਨ ਦਾ ਇਕ ਮੌਕਾ ਦਿੱਤਾ ਜਾਵੇ ਤਾਂ ਪ੍ਰਾਸਚਿਤ ਤੋਂ ਬਾਅਦ ਸੰਘ ਵਿਚ ਪ੍ਰਵੇਸ ਕਰਨ ਦਾ ਰਸਤਾ ਦੁਬਾਰਾ ਖੁੱਲ ਸਕਦਾ ਹੈ । ਇਸੇ ਤਰ੍ਹਾਂ 26 ਅਜਿਹੇ ਅਪਰਾਧ ਹਨ, ਜਿਹਨਾਂ ਦੇ ਸਾਬਤ ਹੋਣ ਤੇ ਦੋਸੀ ਸਭ ਦੇ ਸਾਹਮਣੇ ਜੇਕਰ ਆਪਣਾ ਦੇਸ ਕੂਲ ਕਰਕੇ ਪਸ਼ਚਾਤਾਪ ਕਰੇ ਤਾਂ ਉਸ ਨੂੰ ਮੁਕਤੀ ਮਿਲ ਸਕਦੀ ਹੈ । ਇਸ ਤਰ੍ਹਾ ਦੇਵਾ ਗ੍ਰੰਥਾ ਵਿਚ ਹਰੇਕ ਅਪਰਾਧ ਦੇ ਕਾਰਨਾ ਅਤੇ ਅਪਰਾਧ ਦੀ ਪ੍ਰਵਿਰਤੀ ਦੇ ਹਰੇਕ ਪਹਿਲੂ ਉੱਤੇ ਵਿਚਾਰ ਕਰਨ ਤੇ ਬਾਅਦ ਹੀ ਦੰਡ ਨਿਰਧਾਰਿਤ ਕੀਤਾ ਗਿਆ ਹੈ । ਇਸ ਤੋਂ ਇਲਾਵਾ ਸਿੱਖੂਆ ਅਤੇ ਤਿੱਖਣੀਆਂ ਦੇ ਪਹਿਰਾਵੇ ਬਾਰੇ, ਭਿੱਆ ਮੰਗਣ ਬਾਰੇ, ਭੇਜਨ ਕਰਨ ਬਾਰੇ, ਧੰਨਸੰਪਤੀ ਰੱਖਣ ਬਾਰੇ, ਨਸ਼ੀਲੇ ਪਦਾਰਥਾ ਦਾ ਸੇਵਨ, ਨਾਚਗਾਣਾ, ਵਰਖਾਵਾਸ ਬਾਰੇ ਅਲੋਰ-ਅਲੱਗ ਤੀਹ (30) ਨਿਯਮ ਹਨ। ਇਸੇ ਤਰ੍ਹਾਂ 92 ਨੈਤਿਕ ਨਿਯਮ ਅਤੇ 75 ਨਿਯਮ ਆਚਰਣ ਦੀ ਸ਼ੁੱਧਤਾ ਲਈ ਹਨ। ਇਹਨਾਂ ਤੇ ਇਲਾਵਾ ਆਪਸੀ ਮਤਭੇਦ ਅਤੇ ਸੰਘ ਵਿਚਲੇ ਝਗੜਿਆਂ ਨੂੰ ਸਹੀ ਢੰਗ ਨਾਲ ਨਿਪਟਾਉਣ ਲਈ ਵੀ ਨਿਯਮ ਹਨ, ਜਿਹਨਾਂ ਰਾਹੀਂ ਦੋਸ਼ੀ ਨੂੰ ਦੰਡ ਅਤੇ ਪਸਤਾਤਾਪ ਰਾਹੀਂ ਮਾਫ਼ੀ ਦਾ ਪ੍ਰਾਵਧਾਨ ਰੱਖਿਆ ਗਿਆ ਹੈ।

ਪਾਤਿਮੋਖ ਦੇ ਦੋਨਾ ਵਿਭੰਗ ਗ੍ਰੰਥਾ ਵਿਚਲੇ ਕੁਝ ਨਿਯਮਾ ਨੂੰ ਛੱਡ ਕੇ ਬਾਕੀ ਦੇ ਲਗ- ਪਗ ਸਾਰੇ ਨਿਯਮ ਇਕੋ ਜਿਹੇ ਹਨ।

### 6.3.2 ਮਹਾਵੱਗ

ਮਹਾਵੱਗ ਵਿਚ ਕੁਲ 10 ਸਕੰਧ ਹਨ। ਇਹਨਾ ਵਿਚ ਮਹਾਤਮਾ ਬੁੱਧ ਦੇ ਬੋਧਪ੍ਰਾਪਤੀ ਤੋਂ ਲੈ ਕੇ ਪਹਿਲੇ ਸੱਘ ਦੀ ਸਥਾਪਨਾ ਤੱਕ ਦੇ ਸਫਰ ਬਾਰੇ ਪ੍ਰਮਾਣਿਕ ਇਤਿਹਾਸਿਕ ਦਸਤਾਵੇਜ਼ ਮੌਜੂਦ ਹਨ। ਇਸ ਤੋਂ ਇਲਾਵਾ ਇਸ ਵਿਚ ਪਾਤਿਮੋਖ ਦੇ ਦੋਵਾਂ ਵਿਭਾਗਾਂ ਵਿਚਲੇ ਕੁਝ ਨਿਯਮਾ ਦਾ ਦੁਹਰਾਓ ਕੀਤਾ ਗਿਆ ਹੈ। ਜਿਹਨਾ ਵਿਚ ਵਰਖਾ-ਵਾਸ ਦੇ ਨਿਯਮ, ਦੈਨਿਕ ਵਿਵਹਾਰ ਵਿਚ ਵਰਤੋਂ ਵਿਚ ਆਉਣ ਵਾਲੀਆਂ ਵਸਤਾਂ ਭਾਵ ਮੰਜਾ, ਬਿਸਤਰਾ, ਜੁਤੇ ਦੀ ਕਿਸਮ ਅਤੇ ਦਵਾਈਆਂ ਆਦਿ ਕਿਸਮਾਂ (ਜਿਹੜੀਆਂ ਲੋੜ ਪੈਣ ਤੇ ਖਾਧੀਆਂ ਜਾ ਸਕਦੀਆਂ ਹਨ) ਤੋਂ ਇਲਾਵਾ 'ਜੀਵਕ' ਨਾਮਕ ਪ੍ਰਸਿੱਧ ਵੈਦ ਦੀ ਚਕਿਤਸਾ ਸਬੰਧੀ ਕੁਸਲਤਾ ਦਾ ਵਰਨਨ ਵੀ ਮਿਲਦਾ ਹੈ, ਜਿਸ ਦੇ ਕਹਿਣ ਤੇ ਹੀ ਗੋਤ। ਬੁੱਧ ਨੇ ਜ਼ਰੂਰਤ ਪੈਣ ਤੇ ਦਵਾਈਆਂ ਵਿਚ ਮਾਸ ਦੇ ਮੇਰੇ ਆਦਿ ਦੀ ਵਰਤੋਂ ਦੀ ਹਾਮੀ ਭਰੀ। ਮਹਾਵੇਗ ਵਿਚ ਇਹਨਾਂ ਨਿਯਮਾਂ ਦੇ ਨਾਲ-ਨਾਲ ਸਾਰੀ ਪੁੱਤਰ ਬਿੰਬਸਾਰ ਅਤੇ ਮੁਦਗਸਿਆਨ ਨਾਲ ਸੰਬੰਧਿਤ ਘਟਨਾਵਾਂ ਅਤੇ ਕਸਤੀ ਵਿਚ ਹੋਈ ਬਿਖੁਸੰਘ ਦੀ ਆਪਸੀ ਲੜਾ ਦਾ ਵੀ ਪ੍ਰਮਾਣਿਕ ਵਰਨਨ ਮਿਲਦਾ ਹੈ।

ਓਲਵਗ ਮਹਾਵਗ ਦਾ ਹੀ ਦੂਜਾ ਭਾਗ ਜਾ ਹਿੱਸਾ ਕਿਹਾ ਜਾ ਸਕਦਾ ਹੈ। ਇਸ ਵਿ ਕੁਲ 12 ਸਕੰਧਾਂ ਉਪਰ ਚਰਚਾ ਕੀਤੀ ਗਈ ਹੈ। ਜਿਹਨਾਂ ਰਾਹੀਂ ਇਸ ਵਿਚ ਵਿਨਯ ਦੇ ਨਿਯਮ ਬਾਰੇ, ਪ੍ਰਤੀਮਕਸ, ਧਰਮ ਅਤੇ ਅਧਰਮ ਦੇ ਨਿਯਮਾਂ ਆਦਿ ਦਾ ਵਰਨਨ ਕੀਤਾ ਗਿਆ ਹੈ। ਇਕ ਤੇ ਇਲਾਵਾ ਇਸ ਵਿਚ ਉਸ ਸਮੇਂ ਦੇ ਮਹੱਤਵਪੂਰਨ ਖ਼ੂਆ ਉਪਾਲਿ, ਅਨੁਰੁਧ, ਆਨੰਦ ਅਨਾਥਪਿੰਡਕ, ਸੱਕਰਾਜ, ਕਿੰਬਲ ਅਤੇ ਦੇਵਦੱਤ ਦੀ ਦੀਕਸ਼ਾ ਦੀ ਘਟਨਾ ਸਮੇਤ ਉਸ ਵੇਣ ਦੇਵਦੱਤ ਦੁਆਰਾ ਸੰਘ ਵਿਚ ਫੁੱਟ ਪਾਉਣ ਅਤੇ ਮਹਾਤਮਾ ਬੁੱਧ ਨੂੰ ਕਤਲ ਕਰਵਾਉਣ ਦੀਆਂ ਸਾਜ਼ਸਾ ਬਾਰੇ ਵੀ ਪ੍ਰਮਾਣਿਕ ਜਾਣਕਾਰੀ ਮਿਲਦੀ ਹੈ। ਇਸੇ ਤਰ੍ਹਾਂ ਇਸ ਵਿਚ ਤਿੱਖਣੀ ਸੰਘ ਦ ਸਥਾਪਨਾ ਦੀ ਇਤਿਹਾਸਿਕ ਘਟਨਾ ਬਾਰੇ ਅਤੇ ਉਹਨਾਂ ਦੇ ਆਚਰਣ ਅਤੇ ਜੀਵਨ ਸ਼ੈਲੀ ਬਾਰੇ ਵਿਨਯ ਨਿਯਮਾ ਦੇ ਵਰਨਨ ਤੋਂ ਇਲਾਵਾ ਮਹਾਸੰਘਕ ਪੰਥ ਦੇ ਹੋਂਦ ਵਿਚ ਆਉਣ ਦੀ ਵੀ ਇਤਿਹਾਸਿਕ ਘਟਨਾ ਦਾ ਵਰਨਨ ਵੀ ਮਿਲਦਾ ਹੈ।

### 6.3.4 ਪਰਿਵਾਰ

ਇਸ ਗ੍ਰੰਥ ਵਿਚ ਮੁੱਖ ਰੂਪ ਵਿਚ ਵਿਨਯ-ਪਿਟਕ ਦੇ ਪਹਿਲੇ ਮੁੱਖ ਵਿਸ਼ਿਆ ਦਾ ਹੀ ਦੁਹਰਾਓ ਹੈ। ਜਿਹਨਾਂ ਨੂੰ ਇਕੀ (21) ਭਾਗਾ ਵਿਚ ਪ੍ਰਸ਼ਨ ਉੱਤਰ ਸ਼ੈਲੀ ਵਿਚ ਲਿਖਿਆ ਗਿਆ ਹੈ। ਇਸ ਦੀ ਭਾਸ਼ਾ ਤੇ ਪਤਾ ਲੱਗਦਾ ਹੈ ਕਿ ਇਸ ਦੀ ਰਚਨਾ ਇਕੋ ਸਮੇਂ ਵਿਚ ਨਹੀਂ ਹੋਈ ਬਲਕਿ ਕਈ ਪੜਾਵਾਂ ਵਿਚ ਹੌਲੀ-ਹੌਲੀ ਹੋਈ ਲੱਗਦੀ ਹੈ। ਇਸ ਵਿਚ ਪਹਿਲੀਆ ਤਿੰਨੇ ਬੋਧ ਸਭਾਵਾ ਦਾ ਵੀ ਜ਼ਿਕਰ ਮਿਲਦਾ ਹੈ। ਇਸ ਤੋਂ ਇਲਾਵਾ ਇਸ ਵਿਚ ਚੋਤੀ (34) ਵਿਨਯਧਰਾ ਦੀ ਸੂਚੀ ਵੀ ਦਿੱਤੀ ਗਈ ਹੈ। ਥੇਰਵਾਦੀ ਪਰੰਪਰਾ ਅਨੁਸਾਰ ਇਸ ਗ੍ਰੰਥ ਵਿਚਲੇ ਕੇਵਲ 15 ਵਿਨਯਧਰਾ (ਉਪਾਲਿ, ਦਾਸਕ, ਸੰਨਕ, ਸਿਗਵ, ਮੋਗਲਿਪੁਤਿਸ, ਮਹਿੰਦ, ਇਠੀਆ, ਉਤਿਯ, ਭਦਰਨਾਇਕ ਪੰਡਿਤ, ਅਰਠ, ਕਾਲਸੁਮਨ, ਦੀਰਘਨਾਇਕ ਥੇਰ, ਬੁੱਧਰਿਖਤ, ਤਿਸ ਖੇਰ, ਦੇਵ ਥੇਰ) ਨੂੰ ਹੀ ਪ੍ਰਮਾਣਿਕ ਮੰਨਿਆ ਗਿਆ ਹੈ। ਕੁਝ ਵਿਦਵਾਨਾਂ ਅਤੇ ਇਤਿਹਾਸਕਾਰਾ ਅਨੁਸਾਰ ਇਸ ਦਾ ਕੁਝ ਹਿੱਸਾ ਸ੍ਰੀ ਲੰਕਾ ਵਿਚ ਲਿਖਿਆ ਗਿਆ ਹੈ ਕਿਉਂਕਿ ਇਸ ਵਿਚ ਵਰਣਿਤ ਵਿਨਯਧਰਾਂ ਵਿਚੋਂ ਕਈ ਸ੍ਰੀ ਲੰਕਾ ਦੇ ਵਿਨਯਧਰ ਵੀ ਹਨ।

## 6.4 ਅਭਿਧੰਮਪਿਟਕ

ਅਤਿਧੰਮਪਿਟਕ ਤ੍ਰੀਪਿਟਕ ਵਿਚਲਾ ਆਖਰੀ ਪਿਟਕ ਹੈ। ਇਸ ਦਾ ਆਕਾਰ ਵੀ ਕਾਫੀ ਵੱਡਾ ਹੈ। ਇਸ ਵਿਚ ਬੁੱਧ ਧਰਮ ਵਿਚਲੇ ਮਨੋਵਿਗਿਆਨ ਅਤੇ ਨੀਤੀ ਸ਼ਾਸਤਰ ਦੀ ਵਿਆਖਿਆ ਮਿਲਦੀ ਹੈ ਅਤੇ ਇਸ ਦੇ ਨਾਲ ਹੀ ਇਸ ਵਿਚ ਗੌਤਮ ਬੁੱਧ ਦੇ ਅਧਿਆਤਮਵਾਦ ਦਾ ਦਾਰਸਨਿਕ ਵਿਵੇਚਨ ਵੀ ਕੀਤਾ ਗਿਆ ਹੈ। ਅਭਿਧੰਮਪਿਟਕ ਨੂੰ ਬੁੱਧ ਧਰਮ ਦਾ ਦਰਸ਼ਨ ਸ਼ਾਸਤ੍ਰ ਵੀ ਕਿਹਾ ਜਾਂਦਾ ਹੈ। ਇਸ ਵਿਚ ਮਹਾਤਮਾ ਬੁੱਧ ਦੇ ਉਪਦੇਸ਼ਾਂ ਵਿਚਲੇ ਤੱਤਰ ਗਿਆਨ ਬਾਰੇ ਵਿਸਤ੍ਰਿਤ ਅਤੇ ਡੂੰਘੀ ਵਿਆਖਿਆ ਮਿਲਦੀ ਹੈ। ਅਭਿਧੰਮ ਪਿਟਕ ਵਿਚ ਕੁੱਲ 7 ਗ੍ਰੰਥ ਹਨ, ਇਹਨਾਂ ਦੇ ਨਾਂ ਇਸ ਪ੍ਰਕਾਰ ਹਨ- ਧਰਮਸੰਗਨੀ, ਵਿਭੰਗ, ਧਾਤੂਕਲਾ, ਪੁੱਗਲ ਪਣਤਿ, ਕਥਾਵੱਥੁ, ਯਮਕ, ਪੱਠਾਨ। ਇਹਨਾਂ ਦਾ ਸੰਖੇਪ ਵਰਣਨ ਇਸ ਪ੍ਰਕਾਰ ਹੈ-

6.4.1 ਧਮਸੰਗਨੀ

ਇਸ ਗ੍ਰੰਥ ਨੂੰ ਬੋਧਨੀਤੀ ਸ਼ਾਸਤ ਦੀ ਮਨੋਵਿਗਿਆਨਕ ਵਿਆਖਿਆ ਕਿਹਾ ਗਿਆ ਹੈ। ਇਸ ਵਿਚ ਪਦਾਰਥ ਦੇ ਉਸਦੀ ਸੰਪੂਰਣ ਨੈਤਿਕ ਪ੍ਰਵਿਰਤੀ ਅਤੇ ਵਿਸੇ ਅਨੁਸਾਰ 122 ਹਿੱਸਿਆ ਵਿਚ ਵੰਡਿਆ ਹੈ। ਜਿਹਨਾ ਵਿਚੋਂ 100 ਵਿਚ ਪਦਾਰਥ ਦੀਆ ਦੋ ਦੇ ਪ੍ਰਕਾਰ ਅਤੇ 22 ਭਾਗਾ ਵਿਚ ਉਸ ਦੀਆਂ ਤਿੰਨ ਤਿੰਨ ਅਵਸਥਾਵਾਂ ਬਾਰੇ ਕਾਫੀ ਲੰਬੀ ਆਖਿਆ ਕੀਤੀ ਗਈ ਹੈ। ਭਾਵ ਹਰੇਕ ਵਰਗ ਵਿਚ ਪਦਾਰਥ ਨੇ ਉਸ ਦੀ ਪ੍ਰਕ੍ਰਿਤੀ ਅਨੁਸਾਰ ਹੀ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਇਸ ਵਿਚ ਮ /ਚਿੰਤ ਦੀਆਂ ਅਵਸਥਾਵਾਂ ਉਪਰ ਕਾਫੀ ਡੂੰਘੀ ਅਤੇ ਗੰਭੀਰ ਵਾਰਤਾਲਾਪ ਮਿਲਦੀ ਹੈ।

6.4.2 ਵਿਭੰਗ

ਵਿਭਾਗ ਨੂੰ ਧਮਸੰਗਨੀ ਗ੍ਰੰਥ ਦਾ ਹੀ ਦੂਜਾ ਭਾਗ ਮੰਨਿਆ ਗਿਆ ਹੈ। ਇਸ ਵਿਚ ਵੀ ਪਦਾਰਥਾਂ (ਧਮ) ਨਾਲ ਸੰਬੰਧਿਤ ਵੱਖ-ਵੱਖ 18 ਹੋਰ ਵਿਸਿਆ ਬਾਰੇ 18 ਵਰਗਾਂ ਵਿਚ ਜਾਣਕਾਰੀ ਦਿੱਤੀ ਗਈ ਹੈ, ਜਿਹਨਾਂ ਦਾ ਨਾ ਇਸ ਪ੍ਰਕਾਰ ਹੈ ਸਕੰਧ ਵਿਭੰਗ, ਆਇਤਨ ਵਿਭੰਗ, ਧਾਤੂ ਵਿਭੰਗ, ਸਤਯ ਵਿਭੰਗ ਇੰਦਰੀਯ ਵਿਭੰਗ, ਪ੍ਰਯਤਯਕਾਰ ਵਿਭਾਗ, ਮਤਿਪਠਾਨ ਵਿਭੰਗ, ਸਮਯਕ ਪ੍ਰਧਾਨ ਵਿਭੰਗ, ਰਿਸਿਧ ਪਾਪ ਵਿਭੰਗ, ਬੋਧਿਅੰਗ ਵਿਭੰਗ, ਮਗ ਵਿਭੰਗ, ਗਿਆਨ ਵਿਭੰਗ, ਅਪਰਿਮਾਣ ਵਿਭੰਗ, ਸਿੱਖਿਅਪਦ ਵਿਭੰਗ, ਪਟਿਸਭਿਦਾ ਵਿਭੰਗ, ਗਿਆਨ ਵਿਭੰਗ, ਖੁੱਦਕ ਵੱਧੂ ਵਿਭੰਗ ਅਤੇ ਧਮਹਿਰਦੇ ਵਿਭੰਗ।

ਇਸ ਤਰ੍ਹਾਂ ਇਹਨਾਂ 18 ਵਰਗਾਂ ਵਿਚ ਕ੍ਰਮਵਾਰ - 8 ਸਕੰਧ, 12 ਆਇਤਨ, 18 ਧਾਤੂ, 4 ਆਰਯਸੱਚ, 22 ਪ੍ਰਕਾਰ ਦੀਆ ਇੰਦਰੀਆ, ਪ੍ਰਤੀਤੀਯਸੁਮਿਤਪਾਦ ਦੇ 12 ਨਿਦਾਲ ਅਤੇ ਉਹਨਾ ਦੇ 24 ਕਾਰਣ, 4 ਸਮਿਤੀਆਂ, 4 ਸਮਯਕ ਉਪਦੇਸ਼, 4 ਪ੍ਰਕਾਰ ਦੀਆ ਸਿੱਧੀਆਂ, 7 ਬੋਧਿਅੰਗ, ਅਸਟਾਂਗ ਮਾਰਗ, 4 ਪ੍ਰਕਾਰ ਦੇ ਧਿਆਨ, 4 ਪ੍ਰਕਾਰ ਦੇ ਬ੍ਰਹਮ ਵਿਹਾਰ, 5 ਬੁਰਾਈਆਂ ਅਤੇ ਲੋਕਿਕ ਅਤੇ ਅਲੋਕਿਕ ਗਿਆਨ ਤੋਂ ਇਲਾਵਾ ਚਿਤ-ਵਿਕਾਰਾ ਬਾਰੇ ਕਈ ਗੱਲਾਂ ਦਾ ਵਰਨਨ ਹੈ। ਇਸ ਵਿਚ ਇਹਨਾਂ ਸਾਰੇ ਵਿਸਿਆ ਦੀ ਭੌਤਿਕ, ਦਾਰਸ਼ਨਿਕ ਅਤੇ ਮਨੋਵਿਗਿਆਨਕ ਸੰਦਰਭ ਵਿਚ ਚਰਚਾ ਅਤੇ ਵਿਆਖਿਆ ਕੀਤੀ ਗਈ ਹੈ।

6.4.3 ਧਾਤੂ ਕਥਾ

ਕੁਲ 14 ਅਧਿਆਇਆ ਵਿਚ ਸੰਕਲਿਤ ਅਭਿਧਮ ਪਿਟਕ ਦਾ ਇਹ ਤੀਜਾ ਗ੍ਰੰਥ ਹੈ। ਪਹਿਲੇ ਦੋ ਗ੍ਰੰਥਾਂ ਵਾਂਗ ਇਸ ਵਿਚ ਵੀ ਪਦਾਰਥ ਬਾਰੇ ਵੀ ਚਰਚਾ ਕੀਤੀ ਗਈ ਹੈ। ਧਾਤ੍ਰ ਕਥਾ ਅਨੁਸਾਰ ਪਦਾਰਥ (ਧਮ) ਦੇ 114 ਰੂਪ ਹਨ ਜਿਹਨਾ ਵਿਚ ਆਰਯਸੱਚਾਈਆਂ, ਅਸ਼ਟਾਂਗ ਮਾਰਗ, ਸਕੰਧ, ਆਇਤਨ, ਇੰਦਰੀਆ, ਧਾਤ੍ਰ, ਪ੍ਰਤੀਤੀਯਸ਼ਮਿਤਪਾਦ ਆਦਿ ਸ਼ਾਮਿਲ ਹਨ। ਪ੍ਰੰਤੂ ਇਸ ਗ੍ਰੰਥ ਵਿਚ ਪਦਾਰਥ ਨੂੰ 5 ਸਕੰਧਾ, 12 ਆਇਤਨਾ ਅਤੇ 18 ਧਾਤੂਆ ਦੇ ਸੰਦਰਭ ਵਿਚ ਰੱਖ

ਹੀ ਪਰਖਿਆ ਅਤੇ ਵਿਚਾਰਿਆ ਗਿਆ ਹੈ ਅਤੇ ਇਹਨਾ ਬਾਰੇ ਸਾਰੀ ਵਿਚਾਰ ਵਿਆਖਿਆ ਪ੍ਰਸ਼ਨ ਉੱਤਰ ਸ਼ੈਲੀ ਵਿਚ ਦਿੱਤੀ ਗਈ ਹੈ।

6.4.4 ਪੁੱਗਲ-ਪਣਤਿ

ਇਹ ਅਭਿਧਮ ਪਿਟਕ ਦਾ ਚੌਥਾ ਗ੍ਰੰਥ ਹੈ, ਜਿਸ ਦੇ 10 ਅਧਿਆਇ ਹਨ ਪੁੱਗਲ ਪਣੀ ਦਾ ਅਰਥ ਮਨੁੱਖੀ ਪਛਾਣ ਕੀਤਾ ਗਿਆ ਹੈ ਭਾਵ ਇਸ ਗ੍ਰੰਥ ਵਿਚ ਮਨੁੱਖ ਦੀ ਪਛਾਣ ਦੀਅ ਵਿਧੀਆ ਅਤੇ ਮਨੁੱਖ ਦੀਆ ਕਿਸਮਾਂ ਭਾਵ ਮਨੁੱਖੀ ਬਿਰਤੀਆ ਬਾਰੇ ਗੱਲ ਕੀਤੀ ਗਈ ਹੈ ਮਨੁੱਖ ਦੀ ਇਸ ਪਰਖ ਦਾ ਆਧਾਰ, ਬੁੱਧ ਧਰਮ ਦੇ ਆਦਰਸ਼ਾ ਅਤੇ ਨਿਯਮਾ ਭਾਵ ਨੈਤਿਕਤ ਆਰਯਸੱਤ ਅਤੇ ਅਰਹਤ ਆਦਿ ਮੁੱਦਿਆ ਨੂੰ ਰੱਖਿਆ ਗਿਆ ਹੈ । ਇਸ ਵਿਚ ਪਹਿਲੇ ਅਧਿਆਇ ਵਿਚ ਇਕ ਪ੍ਰਕਾਰ ਦੇ ਮਨੁੱਖ, ਦੂਜੇ ਅਧਿਆਇ ਵਿਚ ਦੋ ਅਤੇ ਤੀਜੇ ਅਧਿਆਇ ਵਿਚ ਤਿੰਨ ਪ੍ਰਕਾ ਦੇ, ਇਸੇ ਤਰ੍ਹਾਂ ਵਧਦੇ-ਵਧਦੇ 10ਵੇਂ ਅਧਿਆਇ ਵਿਚ ਦਸ ਤਰ੍ਹਾਂ ਦੇ ਵਿਅਕਤੀਆ ਬਾਰੇ ਚਰਚ ਕੀਤੀ ਗਈ ਹੈ। ਇਸ ਰਾਹੀਂ ਮਨੁੱਖੀ ਗੁਣਾ ਅਤੇ ਬਿਰਤੀਆਂ ਨੂੰ ਸਮਝਣ ਵਿਚ ਬਹੁਤ ਮਦ ਮਿਲਦੀ ਹੈ ਕਿ ਕਿਸ ਪ੍ਰਕਾਰ ਮਨੁੱਖੀ ਪ੍ਰਕ੍ਰਿਤੀ ਉਸਦੇ ਵਿਕਾਸ ਵਿਚ ਕਿਸ ਤਰ੍ਹਾ ਦੀ ਭੂਮਿਕ ਨਿਭਾਉਂਦੀ ਹੈ। ਇਸਦੀ ਸ਼ੈਲੀ ਬਹੁਤ ਹੀ ਰੋਚਕ ਹੈ।

6.4.5 ਕਥਾ ਵੱਥੂ

ਕਥਾ ਵੱਥੂ ਦੀ ਰਚਨਾ ਸਮਰਾਟ ਅਸ਼ੋਕ ਦੇ ਸਾਸਨ ਕਾਲ ਸਮੇਂ ਹੋਈ ਮੰਨੀ ਗਈ ਹੈ ਅਸੋਕ ਕਾਲ ਤੱਕ ਬੁੱਧ ਧਰਮ ਵਿਚ 18 ਸੰਪ੍ਰਦਾਇ ਬਣ ਚੁੱਕੇ ਹਨ ਅਤੇ ਇਹਨਾਂ ਦੀ ਹੋਂਦ ਦੇ ਕਾਰਣ, ਨੈਤਿਕ ਨੀਤੀਆਂ ਅਤੇ ਧਰਮ ਦਰਸ਼ਨ ਦੇ ਆਧਾਰਾ ਉੱਪਰ ਵੀ ਕਾਫੀ ਵਾਦ-ਵਿਵਾਦ ਚਲ ਰਿਹਾ ਸੀ ਕਿ ਕਿਹੜਾ ਸੰਪ੍ਰਦਾਇ ਮੌਲਿਕ ਰੂਪ ਵਿਚ ਬੁੱਧ ਮਤ ਦੇ ਮੂਲ ਸਿਧਾਂਤਾ ਦੇ ਸਭ ਤੋਂ ਨਜ਼ਦੀਕ ਹੈ। ਇਹਨਾ ਵਿਵਾਦਾ ਦੇ ਹੱਲ ਲਈ ਜੀ ਬੋਧ-ਸਭਾ ਦੇ ਸਮੇਂ ਅਧਿਅਕਸ ਮੋਗਲਿਪੁਤਿਸ ਨੇ ਇਕ ਅਜਿਹੇ ਗ੍ਰੰਥ ਦੀ ਤਜਵੀਜ ਰੱਖੀ, ਜਿਸ ਰਾਹੀਂ ਧਰਮ ਨਾਲ ਸੰਬੰਧਿਤ ਸੰਕਿਆ ਦਾ ਨਿਵਾਰਣ ਹੋ ਸਕੇ ਅਤੇ ਉਹਨਾਂ ਸੰਕਿਆਂ ਨੂੰ ਬੁੱਧ ਧਰਮ ਦੇ ਮੂਲ ਅਤੇ ਮੌਲਿਕ ਭਾਵ ਪ੍ਰਾਚੀਨ ਸਿੱਧਾਤਾ ਉੱਤੇ ਪਰਖਿਆ ਜਾਵੇ ਅਤੇ ਉਸ ਰਾਹੀਂ ਹੀ ਹਰੇਕ ਸੰਪ੍ਰਦਾਇ ਦੀ ਵੀ ਬੁੱਧਤਵ ਦਾ ਮੂਲ ਹੋਣ ਦੀ ਪ੍ਰਮਾਣਿਕਤਾ ਦਾ ਮੁਲਾਕਣ ਕੀਤਾ ਜਾਵੇ । ਮਧੂਕਰ ਪਿਪਲਾਇਨ ਅਨੁਸਾਰ ਕਥਾਵਥੂ ਨੇ ਥੇਰਵਾਦ (ਸਥਿਵਰਵਾਦ) ਉੱਤੇ ਸ਼ੁੱਧ ਬੁੱਧਮਤ ਦਾ ਰੂਪ ਹੋਣ ਉਪਰ ਮੋਹਰ ਲਗਾਈ ਅਤੇ ਬਾਕੀ ਦੀਆਂ 17 ਦਾਰਸਨਿਕ ਸੰਪ੍ਰਦਾਵਾ ਨੂੰ ਬੁੱਧ ਮਤ ਦਾ ਰੂਪ ਮੰਨਣ ਤੋਂ ਇਨਕਾਰ ਕਰ ਦਿੱਤਾ।

ਕਥਾ ਵੱਥੂ ਦੇ ਕੁਲ 22 ਅਧਿਆਇ ਹਨ, ਜਿਹਨਾਂ ਵਿਚ 216 ਸੰਕਾਵਾ ਬਾਰੇ ਵਿਸਥਾਰ ਵਿਚ ਗੱਲ ਕੀਤੀ ਗਈ ਹੈ ਅਤੇ ਉਹਨਾ ਦਾ ਹੱਲ ਵੀ ਕੀਤਾ ਗਿਆ ਹੈ । ਅਜੋਕੇ ਸਮੇਂ ਵਿਚ ਵੀ ਵਿਦਵਾਨ ਅਤੇ ਦਾਰਸਨਿਕ ਖੋਜੀ ਬੁੱਧ ਧਰਮ ਨੂੰ ਸਮਝਣ ਲਈ ਇਸ ਪੁਸਤਕ ਨੂੰ ਸਭ ਤੋਂ ਹੱਤਵਪੂਰਨ ਮੰਨਦੇ ਹਨ।

6.4.6 ਯਮਕ

ਯਮਕ ਅਭਿਧੰਮ-ਪਿਟਕ ਦਾ ਛੇਵਾਂ ਮਹੱਤਵਪੂਰਨ ਰਥ ਹੈ, ਇਸ ਨੂੰ ਅਤਿਧੰਮ-ਪਿਟਕ ਦਾ ਸਬਦਕੋਸ ਵੀ ਕਿਹਾ ਜਾਂਦਾ ਹੈ । ਯਮਕ ਦਾ ਅਰਥ ਜੋੜ ਹੁੰਦਾ ਹੈ ਇਸੇ ਕਾਰਨ ਹਰੇਕ ਸ਼ਬਦ ਨੂੰ ਜੋੜਿਆ ਵਿਚ ਹੀ ਰੱਖਿਆ ਗਿਆ ਹੈ। ਇਸਦੇ ਕੁਲ 10 ਅਧਿਆਇ ਹਨ, ਜਿਹਨਾ ਵਿਚ ਹਰੇਕ ਅਧਿਆਇ ਨੂੰ ਤਿੰਨ-ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ। ਜਿਸ ਵਿਚ ਸ਼ਬਦ ਦੀ ਉਤਪਤੀ, ਉਤਪਤ ਦਾ ਕਾਰਣ, ਸ਼ਬਦ ਦਾ ਅਰਥ, ਵਿਕਾਸ, ਭਾਵ ਅਰਥ ਅਤੇ ਸ਼ਬਦ ਦਾ ਅੰਦਰੂਨੀ ਅਰਥ-ਰਿ ਆਨ ਆਦਿ ਵਿਸਿਆ ਉਪਰ ਕਾਫ਼ੀ ਲੰਬੀ ਚਰਚਾ ਕੀਤੀ ਗਈ ਹੈ । ਵਿਸ਼ਾ ਅਤੇ ਸੈਲੀ ਨੀਰਸ ਹੋਣ ਦੇ ਬਾਵਜੂਦ ਇਹ ਬਹੁਤ ਹੀ ਮਹੱਤਵਪੂਰਨ ਗ੍ਰੰਥ ਹੈ।

6.4.7 ਪੱਠਾਨ

ਇਹ ਅਭਿਧਮ ਦਾ ਸੱਤਵਾ ਅਤੇ ਆਖਰੀ ਗ੍ਰੰਥ ਹੈ। ਪੱਠਾਨ ਦਾ ਸ਼ਾਬਦਿਕ ਅਰਥ ਹੈ ਕਾਰਣਾਂ ਦਾ ਸਥਾਨ । ਵਿਸ਼ੇ ਦੇ ਪੱਖੋਂ ਇਹ ਪਹਿਲੇ ਛੇ ਗ੍ਰੰਥਾ ਤੇ ਬਿਲਕੁਲ ਭਿੰਨ ਹੈ । ਇਸ ਵਿਚ ਬੁੱਧ ਧਰਮ ਦੀ ਵਿਗਿਆਨਕਤਾ ਉਪਰ ਆਧਾਰਿਤ ਕਾਰਣ-ਕਾਰਜ ਦੇ ਸਿਧਾਂਤ ਪ੍ਰਤੀਤੀਯਸੁਮਿਤਪਾਦ ਦੀ ਮਹੱਤਵਪੂਰਣ ਅਤੇ ਬੌਧਿਕ ਵਿਆਖਿਆ ਹੈ। ਕਾਰਣ ਕਾਰਜ ਦੇ ਇਸ ਸਿਧਾਂਤ ਤੋਂ ਬੁੱਧਮਤ ਦੇਤੱਤ ਗਿਆਨ ਭਾ' ਤਤ-ਦਰਸਨ ਦਾ ਪੂਰਨ ਗਿਆਨ ਹੁੰਦਾ ਹੈ। ਇਹ ਉਹ ਸਿਧਾਤ ਤੋਂ ਬੁੱਧਮਤ ਦੇ ਤੱਤ ਗਿਆਨ ਭ ਵ ਤੱਤ ਦਰਸ਼ਨ ਦਾ ਪੂਰਨ ਗਿਆਨ ਹੁੰਦਾ ਹੈ। ਇਹ ਉਹ ਸਿਧਾਤ ਹੈ ਜਿਸਨੇ ਆਤਮਾ ਅਤੇ ਪਰਮਾਤਮਾ ਭਾਵ ਪਰਮਾਤਮਾ ਦੀ ਅਮਰਤਾ/ਸਦੀਵਤਾ ਉਪਰ ਸਵਾਲੀਆ ਚਿੰਨ ਲਗਾ ਦਿੱਤਾ ਅਤੇ ਕਿਹਾ ਕਿ ਸੰਸਾਰ ਵਿਚ ਜੋ ਕੁਝ ਵੀ ਘਟਿਤ ਹੈ ਉਸਦਾ ਕੋਈ ਨਾ ਕੋਈ ਕਾਰਨ ਹੈ, ਜਿਸ ਨੂੰ ਕਾਰਣ ਕਾਰਜ ਦੇ 12 ਸਿਧਾਂਤਾਂ ਰਾਹੀਂ ਸਪੱਸਟ ਕੀਤਾ ਗਿਆ ਹੈ ਜੋ ਇਸ ਪ੍ਰਕਾਰ ਹਨ

ਅਵਿੱਦਿਆ → ਸੰਸਕਾਰ -→ ਵਿਗਿਆਨ → ਨਾਮ ਰੂਪ → ਸੜਾਯਤਨ → ਸਪਰਸ਼ →

ਵੇਦਨਾ → ਤ੍ਰਿਸਨਾ → ਉਪਾਦਾਨ → ਭਵ →ਜਾਤੀ -→ ਜਰਾਮਰਨ। ਭਾਵੇਂ ਪੂਰੇ ਤ੍ਰਿਪਿਟਕ ਵਿਚ ਇਹਨਾਂ ਬਾਰੇ ਕਈ ਬਾਰ ਜ਼ਿਕਰ ਆਇਆ ਹੈ ਪ੍ਰੰਤੂ ਪੱਠਾਨ ਗ੍ਰੰਥ ਵਿਚ ਇਹਨਾ ਕਾਰਨ- ਕਾਰਜ ਦੇ 12 ਸਿਧਾਂਤਾਂ ਤੋਂ ਇਲਾਵਾ । ਇਹਨਾ ਬਾਰਾ ਮਿਧਾਤਾ ਪਿੱਛੇ ਕੰਮ ਕਰ ਰਹੇ 24 ਹੋਰ ਕਾਰਨਾਂ ਬਾਰੇ ਵੀ ਕਾਫ਼ੀ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ। ਇਸ ਵਿਚ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਪਹਿਲੇ ਕਾਰਣ ਦੀ ਉਤਪਤੀ ਵੀ ਉਸ ਤੋਂ ਵੀ ਪਹਿਲੇ ਕਾਰਣ ਉਪਰ ਨਿਰਭਰ ਕਰਦੀ ਹੈ। ਇਹਨ ਆਧਾਰ ਸਬੰਧਾ ਨੂੰ 'ਪ੍ਰਤਯ' ਕਿਹਾ ਗਿਆ ਹੈ। ਕਾਰਣ ਕਾਰਜ ਦੇ ਸਿਧਾਂਤ ਨੂੰ ਪੂਰੀ ਤਰ੍ਹਾਂ ਸਮਝਣ ਲਈ ਇਹਨਾਂ ਮੁੱਢਲੇ 24 ਕਾਰਣਾ ਭਾਵ ਪ੍ਰਤਿਆ ਨੂੰ ਸਮਝਣਾ ਹੀ ਬੁੱਧ ਧਰਮ ਦੇ ਇਸ ਸਿਧਾਂਤ ਨੂੰ ਸਮਝਣਾ ਹੈ।

6.5 ਸਾਰ

ਪੜ੍ਹਣਯੋਗ ਪੁਸਤਕਾਂ

- ਅਰਵਿੰਦ ਰਿਤੁਰਾਜ (ਡਾ.), *ਬੁੱਧ ਧਰਮ ਦੀ ਰੂਪ ਰੇਖਾ,* ਗਰੇਸ਼ੀਅਸ ਬੁਕਸ, ਪਟਿਆਲਾ, 2015
- ਸਰਬਜਿੰਦਰ ਸਿੰਘ (ਡਾ.), *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ,* ਭਾਗ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
- ਕਰਮ ਤੇਜ ਸਿੰਘ ਸਰਾਓ (ਪ੍ਰੋ.), ਪ੍ਰਾਚੀਨ ਭਾਰਤੀ ਬੁੱਧ ਧਰਮ:ਉਦਭਵ, ਸੁਭਾਅ ਅਤੇ ਪਤਨ, ਪਬਲੀਕੇਸ਼ਨ ਬਿਊਰੋ,ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007
- ਹਰਪਾਲ ਸਿੰਘ ਪੰਨੂੰ, (ਡਾ.),*ਭਾਰਤ ਦੇ ਪੁਰਾਤਨ ਧਰਮ - ਇਕ ਸੰਖੇਪ ਸਰਵੇਖਣ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ , ਪਟਿਆਲਾ 2000
- ਪਰਮਵੀਰ ਸਿੰਘ, (ਡਾ.), ਪ੍ਰਦੁਮਨ ਸ਼ਾਹ ਸਿੰਘ (ਡਾ.), ਭਾਰਤ ਦੇ ਪ੍ਰਮੁਖ ਧਰਮ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2016
- A.K. Warder, Indian Budhism, Motilal Publishers, Delhi, 2004
- Bhagat Singh Hira, Semitic Religious Thought and Sikhism, National Book Shop, Delhi, 1992
- Gurbachan Singh Talib, An Advanced Book of Religious Studies, Punjabi University Patiala, 1974
- G.C. Pande, Studies in the Origin of Buddhism, Motillal Publishers, Delhi, 1999
- P.V. Bapat, 2500 years of Buddhism, Motilal Banarsidass, 2012
- R.R. Diwakar , Bhagwan Buddha, Bharatiya Vidya Bhavan, Bombay, 1960
- Sir Charles Eliot, Hinduism and Buddhism, Germany, 2018
- Agustin Paniker, Jainsim History, Society, Philosophy and Practice, Motilal Banarsidass, 2017
- S. Radhakrishnan, 2500 years of Buddhism, Publication Division, Delhi, 1956


ਅਭਿਆਸ ਲਈ ਪ੍ਰਸ਼ਨ

ਵੱਡੇ ਪ੍ਰਸ਼ਨ

1. ਸੁਤਪਿਟਕ ਕੀ ਹੈ? ਉਤਰ ਦਿਓ
2. ਅਭਿਧੰਮਪਿਟਕ ਬਾਰੇ ਤੁਸੀਂ ਕੀ ਜਾਣਦੇ ਹੋ?
3. ਬੁੱਧ ਧਰਮ ਦੇ ਧਰਮ ਗ੍ਰੰਥਾਂ ਉੱਤੇ ਨੋਟ ਲਿਖੋ।

ਛੋਟੇ ਪ੍ਰਸ਼ਨ

1. ਵਿਭੰਗ
2. ਧਮਪਦ ਬਾਰੇ ਸੰਖੇਪ ਜਾਣਕਾਰੀ ਦਿਉ।
3. ਬੁੱਧ ਧਰਮ ਗ੍ਰੰਥਾਂ ਦਾ ਅਸਲ ਵਿਸ਼ਾ ਕੀ ਹੈ?
4. ਅੰਗੁਤਰ ਨਿਕਾਇ ਤੋਂ ਤੁਹਾਡਾ ਕੀ ਭਾਵ ਹੈ?

# ਯੂਨਿਟ 7 ਜੇਂਦ ਅਵੇਸਤਾ: ਇਕ ਪਰਿਚਯ


7.0 ਉਦੇਸ਼

7.1 ਜਾਣ-ਪਛਾਣ

7.2 ਜੇਂਦ ਅਵੇਸਤਾ

7.3 ਦੋ ਸ਼ਕਤੀਆਂ ਦੀ ਮਾਨਤਾ

7.4 ਮੁੱਖ ਗ੍ਰੰਥ

7.4.1 ਯਾਸਨਾ

7.4.1.1 ਯਾਸਨਾ ਗ੍ਰੰਥ ਵਿਚੋਂ ਨਮੂਨਾ

7.4.1.2 ਗਥਾਵਾਂ

7.4.1.3 ਗਾਥਾਵਾਂ ਵਿਚ ਸਰੂਪ

7.4.1.4 ਅਪਰ ਯਾਸਨਾ

7.4.1.5 ਗਾਥਾਵਾਂ ਦਾ ਮੂਲ ਪਾਠ

7.4.2 ਵਿਸਪਰਦ

7.4.3 ਵੈਨਦੀਦਾਦ

7.4.3.1 ਵੈਨਦੀਦਾਦ ਦੇ ਮੂਲ ਸਿਧਾਂਤ ਦਾ ਸੰਖੇਪ ਰੂਪ

7.4.3.2 ਵੈਨਦੀਦਾਦ ਵਿਚੋਂ ਕੁੱਝ ਨਮੂਨੇ

7.5 ਖੋਰਦ ਅਵੇਸਤਾ

7.6 ਸਾਰ

7.7 ਪੜ੍ਹਣਯੋਗ ਪੁਸਤਕਾਂ

7.8 ਅਭਿਆਸ ਲਈ ਪ੍ਰਸ਼ਨ


## 7.1 ਜਾਣ-ਪਛਾਣ

ਪਾਰਸੀ ਦਰਸ਼ਨ ਨੇਕੀ ਦੇ ਨਾਲ-ਨਾਲ ਬਦੀ ਨੂੰ ਸੰਸਾਰ ਦੀ ਇਕ ਅਨਿੱਖੜ ਸਾਖ ਮੰਨਦਾ ਹੈ। ਅੰਧਕਾਰ ਬਦੀ ਦਾ ਰੂਪ ਹੈ ਤੇ ਚਾਨਣ ਨੇਕੀ ਦਾ । ਰੱਬ ਨੇ ਆਦਮੀ ਨੂੰ ਸਿਰਜਣ ਵੇਲੇ ਇਹ ਸੋਚਿਆ ਸੀ ਕਿ ਸੰਸਾਰ ਵਿਚੋਂ ਬੰਦੀ ਖਤਮ ਕਰਨ ਲਈ ਇਹ ਮੇਰਾ ਸਹਿਯੋਗੀ ਹੋਵੇਗਾ। ਚਾਨਣ ਤੇ ਹਨੇਰੇ ਦੀ ਸਦੀਵੀ ਟੱਕਰ ਵਿਚ ਜਿੱਤ ਚਾਨਣ ਦੀ ਹੋਵੇਗੀ।

ਮੰਦਰ ਵਿਚ ਪਵਿਤਰ ਅਗਨੀ ਹਰ ਵਕਤ ਬਲਦੀ ਰੱਖਣ ਦਾ ਪਿਛੋਕੜ ਵੀ ਸਦੀਵੀ ਰੋਸ਼ਨੀ ਦਾ ਸਤਿਕਾਰ ਕਰਨਾ ਹੈ। ਜਰਤਸਤ ਆਪਣੇ ਮਿਸ਼ਨ ਵਿਚ ਏਨਾ ਸਪੋਸਟ ਸੀ ਕਿ ਉਸਨੇ ਕਿਹਾ ਬਣਵਾਸ ਦਾ ਰਾਹ ਤਿਆਗੋ ਕਿਉਂਕਿ ਬਣਵਾਸੀ ਬੰਦੇ ਸੰਸਾਰ ਵਿਚ ਨੁਕਸਾਨ ਕਰ ਰਹੀ ਬਦੀ ਵਿਰੁੱਧ ਸੰਘਰਸ਼ ਨਹੀਂ ਕਰਦੇ। ਨਿੱਜ ਵਾਸਤੇ ਕੀਤੀ ਹੋਈ ਰੂਹਾਨੀ ਪ੍ਰਾਪਤੀ ਸਵਾਰਥ ਹੈ। ਸਮਾਜ ਦਾ ਭਲਾ ਕਰੋ ਤਾ ਅਹਰਾਮਾਜਦਾ ਨੂੰ ਚੰਗਾ ਲੱਗਦਾ ਹੈ। ਰੱਬ ਉਪਰ ਭਰੋਸਾ ਕਰਨ ਤੇ ਵੱਡਾ ਖਜਾਨਾ ਹੋਰ ਕੋਈ ਨਹੀਂ। ਰੱਬ ਵਲ ਲਿਜਾਦਾ ਰਸਤਾ ਅਰਦਾਸ ਹੈ। ਅਰਦਾਸ ਤੇ ਵਧੀਕ ਕੋਈ ਚੀਜ ਮਨੁੱਖ ਦੀ ਸਹਾਇਤਾ ਨਹੀਂ ਕਰਦੀ। ਰੱਬ ਅਤੇ ਆਕਾਸ ਵਿਚਲੇ ਦੇਵਤੇ ਸਹੀ ਰਸਤੇ ਉਪਰ ਤੁਰਦੇ ਮਨੁੱਖ ਦੀ ਸਹਾਇਤਾ ਕਰਦੇ ਹਨ। ਧਰਤੀ ਉਪਰ ਜਿਹੜੇ ਮਨੁੱਖ ਬਦੀ ਖਿਲਾਫ ਯੁੱਧ \ ਬਿਗਲ ਵਜਾਉਣਗੇ ਉਹ ਰੱਬ ਦੀ ਅਮਰ ਪਦਵੀ ਵਿਚ ਹਿੱਸੇਦਾਰ ਹੋਣਗੇ। ਬਦੀ ਕਰਨ ਵਾਲੇ ਬੰਦੇ ਡੂੰਘੇ ਨਰਕ ਵਿਚ ਸੁੱਟੇ ਜਾਣਗੇ ਜਿੱਥੇ ਉਦੋਂ ਤਕ ਸੜਦੇ ਰਹਿਣਗੇ ਜਦੋਂ ਤਕ ਰੱਬ ਦੀ ਪਵਿਤਰ ਅਗਨੀ ਵਿਚੋਂ ਦੀ ਲੰਘ ਕੇ ਪਵਿਤਰ ਨਹੀਂ ਹੋ ਜਾਂਦੇ।

7.2 ਜੇਂਦ ਅਵੇਸਤਾ

ਪਾਰਸੀ ਧਰਮ ਗ੍ਰੰਥ ਦਾ ਨਾਂ ਜੇਂਦ-ਅਵੇਸਤਾ ਹੈ) ਚੰਦ ਅਤੇ ਅਵੇਸਤਾਂ ਦੇ ਵੱਖ-ਵੱਖ ਗ੍ਰੰਥ ਹਨ, ਜਿਨ੍ਹਾਂ ਵਿਚ ਅਵੇਸਤਾ ਉਨਾ ਪੁਰਾਣਾ ਹੈ, ਜਿੰਨਾ ਜ਼ਰਤਸਤ, ਪਾਰਸੀ ਪੈਰਬਰ। ਜੰਦ ਉਸ ਦਾ ਟੀਕਾ ਹੈ। ਸਮਾਂ ਪਾ ਕੇ ਇਹ ਟੀਕਾ ਵੀ ਇਕ ਸੁਤੰਤਰ ਧਰਮ ਗ੍ਰੰਥ ਵਾਂਗ ਪਵਿਤਰ ਹੋ ਗਿਆ। ਅਵੇਸਤਾ ਪੁਰਾਤਨ ਪਹਿਲਵੀ ਭਾਸ਼ਾ ਵਿਚ ਹੈ, ਜਿਹੜੀ ਸੰਸਕ੍ਰਿਤ ਨਾਲ ਬਹੁਤ ਮਿਲਦੀ ਜੁਲਦੀ ਸੀ। ਗਾਥਾਵਾਂ ਦੀ ਭਾਸ਼ਾ ਦਾ ਨਾ ਨਹੀਂ ਮਿਲਦਾ, ਪਰ ਇਹ ਭਾਸ਼ਾ ਪਹਿਲਵੀ ਤੋਂ ਬਹੁਤ ਪੁਰਾਣੀ ਸੀ। ਇਸ ਨੂੰ ਅਸੀਂ ਪੁਰਾਤਨ ਪਹਿਲਵੀ ਲਿਖਾਗੇ।

ਜਰਤੁਸਤ ਦਾ ਸਮਾਂ ਕਈ ਇਤਿਹਾਸਕਾਰ ਤਾਂ ਸਾਢੇ ਅੱਠ ਹਜ਼ਾਰ ਸਾਲ ਪਹਿਲਾਂ ਦਾ ਮਿਥ ਲੈਂਦੇ ਹਨ ਪਰ ਸਰਧਾਵਸ ਅਜਿਹਾ ਕਰਦਿਆਂ ਉਨ੍ਹਾਂ ਨੂੰ ਪਤਾ ਨਹੀਂ ਲੱਗਦਾ ਕਿ ਉਹ ਇਕ ਇਤਿਹਾਸਕ ਨਾਇਕ ਨੂੰ ਮਿੱਥ ਬਣਾ ਕੇ ਨੁਕਸਾਨ ਕਰ ਰਹੇ ਹਨ। ਅਰਦਸੀਰ ਰਾਮਜੀ ਖਬਰਦਾਰ ਨੇ ਆਪਣੀ ਅੰਗਰੇਜੀ ਕਿਤਾਬ - ਨਿਊ ਲਾਈਟ ਆਨ ਦੀ ਗਾਥਾਜ਼, ਵਿਚ ਇਹੋ ਸਮਾਂ ਨਿਸਚਿਤ ਕੀਤਾ ਹੈ, ਜੋ ਮੰਨਣਯੋਗ ਨਹੀਂ। ਅਸੀਂ ਡੰਕਨ ਗਰੀਲੀਸ ਦੀਆਂ ਤਰੀਕਾਂ ਨੂੰ ਵਧੀਕ ਸਹੀ ਮੰਨ ਕੇ ਅਪਣਾਇਆ ਹੈ, ਦੇਖੋ ਉਸਦੀ ਅੰਗਰੇਜ਼ੀ ਕਿਤਾਬ - ਦੀ ਗਾਸਪਲ ਆਫ ਜਰਥਸਤਰਾ। ਹਰਲੀ ਲਿਖਤ ਦਾ ਮਨੋਰਥ ਜ਼ਰਤਸਤ ਦਾ ਸਮਾਂ ਨਿਸਚਿਤ ਕਰਨਾ ਨਹੀਂ ਹੈ, ਇਸ ਲਈ ਸੰਖੇਪ ਵਿਚ ਇੱਥੇ ਦੱਸਣਾ ਜ਼ਰੂਰੀ ਹੈ ਸੱਤਵੀਂ ਸਦੀ ਈਸਵੀ ਵਿਚ ਸੀਰੀਆ ਦੇ ਇਕ ਈਸਾਈ ਪਾਦਰੀ ਥਿਓਡਰ ਬਰਖੋਨੀ ਨੇ ਲਿਖਿਆ "ਜਰਤੁਸਤ ਯਸੂ ਮਸੀਹ ਤੋਂ 628 ਸਾਲ ਸੱਤ ਮਹੀਨੇ ਪਹਿਲਾਂ ਹੋਏ।" ਇਸ ਸਟੇਟਮੈਂਟ ਨੂੰ ਆਧਾਰ ਮੰਨੀਏ (ਇਸ ਤੋਂ ਪੁਰਾਣਾ ਠੋਸ ਲਿਖਤੀ ਆਧਾਰ ਹੋਰ ਹੈ ਵੀ ਨਹੀਂ . ਤਾਂ ਇਸ ਪਾਰਸੀ ਪੈਗੰਬਰ ਦਾ ਸਮਾਂ ਮਈ 628 ਪੂਰਬ ਈਸਾ ਬਣਦਾ ਹੈ। ਇਹੀ ਉਹ ਸਮਾ ਹੈ ਜਦੋਂ ਪੈਗ਼ੰਬਰ ਦੇ ਮੌਤ ਦਾ ਪਰਚਾਰ ਜ਼ੋਬਨ ਤੇ ਸੀ। ਇਸੇ ਸਮੇਂ ਵਿਚ ਅਵੇਸਤਾ ਦਾ ਪ੍ਰਕਾਸ਼ ਹੋਇਆ।

ਪੈਗੰਬਰ ਨੇ ਅਵੇਸਤਾ ਦੀਆਂ 21 ਪੋਥੀਆਂ ਆਪਣੇ ਮੁਰੀਦ ਜਮਾਸਪ ਰਾਹੀਂ ਕਲਮਬੰਦ ਕਰਵਾਈਆ ਸਾਖੀ ਦੱਸਦੀ ਹੈ ਕਿ ਬਲਦਾਂ ਦੀਆਂ ਬਾਰਾਂ ਹਜ਼ਾਰ ਖੱਲਾ ਉਪਰ ਸੁਨਹਿਰੀ ਅੱਖਰਾ ਨਾਲ 591 ਪੂ ਈ. ਵਿਚ ਗਾਥਾਵਾਂ ਲਿਖੀਆਂ ਗਈਆਂ। ਬਾਦਸ਼ਾਹ ਵਿਸਤਾਸਪ ਨੇ ਦੇ ਕਾਪੀਆ ਮਹਿਲ ਵਾਸਤੇ ਤਿਆਰ ਕਰਵਾਈਆਂ, ਜਿਨ੍ਹਾ ਵਿਚ ਇਕ ਸਾਹੀ ਲਾਇਬਰੇਰੀ ਵਿਚ ਰੱਖੀ ਗਈ। 330 ਪੂ ਈ. ਵਿਚ ਜਦੋਂ ਸਿਕੰਦਰ ਨੇ ਈਰਾਨ ਤੇ ਹਮਲਾ ਕੀਤਾ ਤਦ ਇਹਨਾਂ ਗ੍ਰੰਥਾਂ ਨੂੰ ਅੱਗ ਲ ਦਿੱਤੀ। ਪਰ ਇਸ ਤੋਂ ਪਹਿਲਾਂ ਪਵਿੱਤਰ ਗ੍ਰੰਥਾਂ ਦੇ ਉਤਾਰੇ ਏਸ਼ੀਆ ਵਿਚ ਦੂਰ-ਦੂਰ ਤਕ ਭੇਜੇ ਗਏ।

ਵੈਦਿਕ ਭਾਸ਼ਾ ਨੂੰ ਪਾਰਸੀ ਗ੍ਰੰਥਾ ਦੀ ਭਾਸ਼ਾ ਨਾਲ ਮਿਲਾ ਕੇ ਅਧਿਐਨ ਕਰਨ ਵੇਲੇ ਭਾਸ਼ਾ ਵਿਗਿਆਨੀਆਂ ਨੇ ਇਨ੍ਹਾਂ ਦੋਵਾਂ ਦੀ ਸਮਾਨਤਾ ਬਾਰੇ ਹੈਰਾਨੀਕੁਨ ਨਤੀਜੇ ਸਾਹਮਣੇ ਲਿਆਦੇ ਹਨ। ਵੈਦਮੰਤਰ ਜਦੋਂ ਸੁਣੇ ਗਏ (ਸਰੁਤੀ) ਉਦੋਂ ਉਨ੍ਹਾਂ ਦਾ ਉਹ ਰੂਪ ਨਹੀਂ ਸੀ ਜੋ ਲਿਖਤ ਵਿਚ ਹਜ਼ਾਰਾਂ ਸਾਲਾ ਬਾਦ ਆਇਆ। ਯਾਸਕਮੁਨੀ (1000 ਪੂ ਈ.) ਨਿਰੁਕਤ ਵਿਚ ਦੱਸਦਾ ਹੈ ਉਸ ਨੇ 17 ਵੱਖ-ਵੱਖ ਪ੍ਰਕਾਰ ਦੇ ਵੇਦ ਦੇਖੇ ਹਨ ਜਿਹੜੇ ਆਪਸ ਵਿਚ ਨਹੀਂ ਮਿਲਦੇ। ਬ੍ਰਾਹਮਣ ਉਨ੍ਹਾ ਦੇ ਵੱਖ-ਵੱਖ ਅਰਥ ਕਰ ਰਹੇ ਹਨ ਤੇ ਵੱਖ-ਵੱਖ ਉਚਾਰਣ ਹੋ ਗਿਆ ਹੈ। ਵੈਦਿਕ ਵਿਦਵਾਨਾ ਦਾ ਮੱਤ ਹੈ ਕਿ ਵੈਦਿਕ ਸੰਸਕ੍ਰਿਤ ਦੀ ਭੈਣ ਨਾ ਹੋ ਕੇ ਮਾ ਹੈ। ਭਾਸ਼ਾਈ ਗਵਾਹੀਆਂ ਦੇ ਆਧਾਰ 'ਤੇ ਵਿਦਵਾਨ ਇਸ ਸਿੱਟੇ 'ਤੇ ਪੁੱਜੇ ਹਨ ਕਿ ਪੂਰਬ ਵੈਦਿਕ ਕਾਲ ਵਿਚ ਜਦੋਂ ਆਰੀਆ ਲੋਕ ਈਰਾਨ ਵਿਚ ਵੱਸਦੇ ਸਨ (ਈਰਾਨ ਦਾ ਪੁਰਾਣਾ ਨਾਂ ਆਰੀਆਣਮ, ਫਿਰ ਆਰੀਆਨ ਫਿਰ ਈਰਾਨ, ਆਰੀਆ ਦਾ ਦੇਸ਼) ਉਦੋਂ ਉਥੇ ਦੇ ਕਬੀਲਿਆ ਦੇ ਦੇ ਵੱਖ-ਵੱਖ ਧਰਮ ਇਕੋ ਭਾਸ਼ਾ ਵਿਚ ਨਿਭਾਏ ਜਾ ਰਹੇ ਸਨ। ਇਕ ਵੈਦਿਕ ਦੇਵਤਿਆਂ ਦਾ ਧਰਮ ਸੀ ਦੂਜਾ ਜਰਤ਼ਸਤ ਦਾ ਅਹੁਰਾਮਾਜ਼ਦਾ ਦਾ ਧਰਮ। ਵੈਦਿਕ ਭਾਸ਼ਾ ਵਿਚ ਦੇਵਤੇ ਲਈ 'ਸੁਰ' ਅਤੇ ਦੈਂਤ ਲਈ 'ਅਸੁਰ' ਸਬਦ ਪ੍ਰਚਲਤ ਸਨ ਤੇ ਹਨ। ਪੁਰਾਤਨ ਪਹਿਲਵੀ ਤੇ ਅਜੋਕੀ ਫਾਰਸੀ ਵਿਚ ਬਹੁਤ ਥਾਵਾ ਤੇ ਸੰਸਕ੍ਰਿਤ 'ਸ' ਧੁਨੀ 'ਹ' ਧੁਨੀ ਵਿਚ ਬਦਲ ਜਾਂਦੀ ਹੈ ਜਿਵੇਂ ਸਿੰਧ ਦਾ ਹਿੰਦ, ਸਪਤਾਹ ਦਾ ਹਫਤਾ ਆਦਿਕ। ਸੰਸਕ੍ਰਿਤ 'ਅਸੁਰ' ਸ਼ਬਦ ਨੂੰ ਪਹਿਲਵੀ ਵਿਚ 'ਅਹਰ" ਲਿਖਿਆ ਹੋਇਆ ਹੈ ਤੇ ਅਹੁਰ ਇਥੇ ਦੈਂਤ ਨਾ ਹੋ ਕੇ ਨੇਕੀ ਦਾ ਦੇਵਤਾ ਹੈ। ਸੋ ਇਕ ਕਬੀਲੇ ਦੇ ਦੇਵਤੇ ਦੂਜੇ ਕਬੀਲੇ ਦੇ ਰਾਖਸ ਸਨ। ਵੈਦਿਕ ਕਬੀਲਾ ਜਦੋਂ ਪਰਵਾਸ ਕਰਕੇ ਸਿੰਧ ਵਲ ਆ ਕੇ ਵੱਸ ਗਿਆ ਤਾਂ ਭਾਰਤੀ ਮੂਲਵਾਸੀਆ ਦੀ ਬੋਲੀ ਦਾ ਉਨ੍ਹਾਂ ਉਤੇ ਅਸਰ ਪੈਣਾ ਹੀ ਪੈਣਾ ਸੀ। ਪਹਿਲਵੀ ਵਿਚ ਟ, ਠ, ਡ, ਢ, ਣ ਧੁਨੀਆਂ ਨਹੀਂ, ਇਹ ਦਰਾਵੜਾ ਦੀਆਂ ਧੁਨੀਆਂ ਹਨ ਜੋ ਸੰਸਕ੍ਰਿਤ ਵਿਚ ਪ੍ਰਵੇਸ਼ ਕਰ ਗਈਆਂ।

ਅਰਦਸ਼ੀਰ ਫਰਾਮਜੀ ਖਬਰਦਾਰ ਨੇ ਦੋਵਾਂ ਭਾਸ਼ਾਵਾਂ ਦੀਆਂ ਧੁਨੀਆਂ ਦਾ ਅਧਿਐਨ ਕਰਦਿਆ ਦੱਸਿਆ ਹੈ ਕਿ

(1) ਵੈਦਿਕ ਘ , ਧ ਅਤੇ ਭ ਦੀ ਥਾਂ ਗਾਥਾਵਾਂ ਵਿਚ ਗ , ਦ ਅਤੇ 'ਬ' ਧੁਨੀਆਂ ਕ੍ਰਮਵਾਰ ਆਈਆ ਹਨ। ਗਾਥਾਵਾਂ ਵਿਚ 'ਭ' ਦੀ ਥਾਂ 'ਵ' ਧੁਨੀ ਹੈ।

(2) ਵੈਦਿਕ 'ਚ' ਦੀ ਥਾਂ ਪਾਰਸੀ ਗ੍ਰੰਥਾਂ ਵਿਚ 'ਕ' ਧੁਨੀ ਹੈ, ਪਸਚਾਤ ਨੂੰ ਪਸਕਾਤ ਲਿਖਿਆ ਹੈ।

(3) ਵੈਦਿਕ ਭਾਸ਼ਾ ਵਿਚ 'ਜ' ਦੀ ਧੁਨੀ ਨਹੀਂ । ਜਜੰਤ ਨੂੰ ਜਜੇਤਿ ਲਿਖਿਆ ਹੈ ਜਿਹਵਾ (ਜੀਭ) ਨੂੰ ਰਿਜ਼ਵਾ (ਇਸੇ ਤੋਂ ਫਾਰਸੀ ਹਿਫਜ ਬਣ ਗਿਆ, ਜਬਾਨੀ ਯਾਦ ਕਰਨਾ)

(4) ਵੈਦਿਕ ਦ੍ਰ ਪਹਿਲਵੀ ਵਿਚ 'ਕਸ' ਜਾ 'ਜਦ" ਹੋ ਜਾਦਾ ਹੈ । ਦਦਿ੍ ਨੂੰ ਦਜ਼ਦੀ ਲਿਖਿਆ ਹੈ।

(5) ‘ਗਯ' ਧੁਨੀ ਦੀ ਥਾਂ ‘ਸਨਾ' ਸ਼ਬਦ ਲਿਖਦੇ ਹਨ - ਸੰ. ਯਗਯ ਪਹਿਲਵੀ ਵਿਚ ਯਾਸਨਾ ਹੋ ਗਿਆ।

(6) ਵੈਦਿਕ 'ਸ' ਦੀ ਧੁਨੀ ਗਾਥਾਵਾਂ ਵਿਚ ਸਾਦਾ 'ਸ' ਹੈ।

(7) ਵੈਦਿਕ 'ਕਸੈ' ਗਾਥਾਵਾਂ ਵਿਚ 'ਜਦ' ਹੈ, ਚਕਸਸ ਨੂੰ ਚਜ਼ਦਜ਼, ਦਕਸ਼ ਨੂੰ ਦਜਦ ਲਿਖਿਆ ਹੈ।

(8) ਸ਼ਬਦ ਦੇ ਅਖੀਰ ਵਿਚ ਸਿਹਾਰੀ ਅਤੇ ਔਕੜ ਲਘੁ ਧੁਨੀਆਂ ਨੂੰ ਪਹਿਲਵੀ ਵਿਚ ਦੀਰਘ ਧੁਨੀਆਂ, ਬਿਹਾਰੀ ਅਤੇ ਦੁਲੈਂਕੜ ਬਣਾ ਦਿੱਤਾ ਜਾਂਦਾ ਹੈ । ਪੰਜਾਬੀ ਦਾ ਵੀ ਇਹੋ ਸੁਭਾਅ ਹੈ। ਸ਼ਬਦ ਦੇ ਅਖੀਰਲੇ ਅੱਖਰ ਦੀ ਲਘੂ ਧੁਨੀ ਜਾ ਉਡਾ ਦਿੱਤੀ ਜਾਂਦੀ ਹੈ ਜਾਂ ਦੀਰਘ ਬਣਾ ਦਿੱਤੀ ਜਾਦੀ ਹੈ, ਲਘੁਰੂਪ ਨਹੀਂ ਰਹਿਣ ਦਿੱਤਾ ਜਾਂਦਾ ਜਿਵੇਂ ਸੰਸਕ੍ਰਿਤ ਸ਼ਬਦ ਸਾਧੂ ਨੂੰ ਪੰਜਾਬੀ ਵਿਚ ਸਾਧ ਲਿਖਦੇ ਹਾਂ ਜਾਂ ਸਾਧੂ, ਕਾਵਿ ਨੂੰ ਕਵੀ, ਰਵਿ ਨੂੰ ਰਵਿ, ਸਤਿ ਨੂੰ ਸੱਤ ।

ਪਾਰਸੀ ਮੱਤ ਬਹੁਤਾ ਗੁੰਝਲ-ਪੂਰਨ ਨਹੀਂ। ਸਾਦਗੀ ਇਸ ਦਾ ਗਹਿਣਾ ਹੈ। ਇਸ ਵਿਚ ਬਹੁਤਾ ਧਿਆਨ ਆਚਰਣ ਉਸਾਰੀ ਵੱਲ ਦਿੱਤਾ ਗਿਆ ਹੈ। ਉੱਚਾ ਇਖਲਾਕ ਅਤੇ ਵਾਹਿਗੁਰੂ ਦੀ ਪੂਜਾ ਇਸਦੇ ਮੁੱਖ ਸਿਧਾਂਤ ਹਨ।

7.3 ਦੋ ਸ਼ਕਤੀਆਂ ਦੀ ਮਾਨਤਾ-

ਇਸ ਮੱਤ ਅਨੁਸਾਰ ਸੰਸਾਰ ਵਿਚ ਦੇ ਸਕਤੀਆਂ ਕੰਮ ਕਰਦੀਆਂ ਹਨ। ਇਕ ਨੇਕ- ਸ਼ਕਤੀ ਹੈ ਅਤੇ ਦੂਜੀ ਬਦ-ਸਕਤੀ। ਨੇਕ-ਸ਼ਕਤੀ ਦੀ ਪ੍ਰਤੀਨਿਧਤਾ ਅਹੁਰਾਮਾਚਦਾ (Ahuramajda) ਨਾਂ ਦਾ ਦੇਵਤਾ ਕਰਦਾ ਹੈ ਜੋ ਨੂਰ ਦਾ ਦੇਵਤਾ ਹੈ। ਇਸ ਦੇਵਤੇ ਦੇ ਛੇ ਗੁਣ ਹਨ ਜੋ ਸੱਚ, ਰਹਿਮ, ਦਿਆਲਤਾ, ਤੰਦਰੁਸਤੀ ਆਦਿ ਵਿਚ ਪ੍ਰਗਟ ਹੁੰਦੇ ਹਨ। (Angra) ਅਤੇ (Manyu) ਧ੍ਰੋਹੀ-ਰੂਹ ਦੀ ਪ੍ਰਤਿਨਿਧਤਾ ਰਾਖਸਾਂ ਦੇ ਗੁਟ (Horde of Demons) ਦੁਆਰਾ ਕੀਤੀ ਜਾਂਦੀ ਹੈ। ਆਰੰਭ ਵਿਚ ਤਾਂ ਸਕਤੀ ਦਾ ਭੇਦਭਾਵ ਬਣਿਆ ਰਹਿੰਦਾ ਹੈ, ਪਰੰਤੂ ਬਾਅਦ ਵਿਚ ਨੇਕੀ ਬਦੀ ਉੱਤੇ ਜਿੱਤ ਪ੍ਰਾਪਤ ਕਰਕੇ ਅਭੇਦਭਾਵ ਵਿਚ ਬਦਲ ਜਾਂਦੀ ਹੈ । ਸੰਸਾਰ ਵਿਚ ਇਨ੍ਹਾ ਸਕਤੀਆਂ ਦੇ ਯੁੱਧ ਵਿਚ ਮਨੁੱਖ ਕਿਸੇ ਨਾ ਕਿਸੇ ਪੱਖ ਸ਼ਾਮਿਲ ਹਨ । ਨੇਕੀ ਦਾ ਪੱਖ ਪੂਰਣ ਵਾਲਾ ਮਨੁੱਖ ਅਹੁਰਾਮਜ਼ਦਾ ਦੀ ਸੇਵਾ ਵਿਚ ਲਗਿਆ ਅੰਤ ਵਿਚ ਸਿੱਧਾ ਸਵਰਗ ਵਿਚ ਜਾਂਦਾ ਹੈ। ਅਹਿਰੀ-ਮਾਨ ਦੀ ਧ੍ਰੋਹੀ ਰੂਹ ਦਾ ਪੱਖ ਪੂਰਣ ਵਾਲਾ ਅਰਥਾਤ ਭੈੜੇ ਕੰਮ ਕਰਨ ਵਾਲਾ ਮਨੁੱਖ ਜਾ ਤਾਂ ਸਿੱਧਾ ਨਰਕ ਵਿਚ ਜਾਂਦਾ ਹੈ ਜਾ ਫਿਰ ਕਿਸੇ ਅਜਿਹੀ ਅਵਸਥਾ ਵਿਚ ਜਾਂਦਾ ਹੈ ਜਿਥੇ ਉਸਦਾ ਸੁਧਾਰ ਹੋ ਸਕੇ ।

ਅਹੁਰਾਮਾਜਦਾ ਦੀ ਸੇਵਾ ਦਾ ਭਾਵ ਉਸਦੇ ਗੁਣ-ਗਾਣ ਕਰਨਾ ਨਹੀਂ ਸਗੋਂ ਉਸਦੀ ਜਿੱਤ ਲਈ ਕੰਮ ਕਰਨਾ ਹੈ। ਇਸ ਪ੍ਰਕਾਰ ਜਰਤ਼ਸੀ ਮੌਤ ਧਰਮ-ਯੁੱਧ ਦਾ ਹਾਮੀ ਹੈ । ਧਰਮ-ਯੁੱਧ ਦਾ ਭਾਵ ਉਹ ਸਭ ਨੇਕ ਕੰਮ ਕਰਨੇ ਹਨ ਜੋ ਜੀਵਨ ਨੂੰ ਹੋਰ ਸਦਾਚਾਰਕ ਅਤੇ ਲਾਹੇਵੰਦ ਬਣਾਉਣ ਵਿਚ ਸਹਾਇਕ ਹੁੰਦੇ ਹਨ। ਇਸ ਅਨੁਸਾਰ ਸੱਚ ਬੋਲਣਾ, ਗਊ ਰਖਿਆ ਕਰਨੀ, ਜੀਵ ਹਿੱਸਾ ਨਾ ਕਰਨੀ, ਮੰਦੇ ਕਰਮਾਂ ਤੋਂ ਬਚਣਾ ਆਦਿ ਸਾਰੇ ਚੰਗੇ ਅਸੂਲ ਹਨ।

ਇਸ ਧਰਮ ਦੇ ਮੰਨਣ ਵਾਲੇ ਇਕ ਪ੍ਰਮਾਤਮਾ ਦੀ ਹੱਦ ਵਿਚ, ਸਵਰਗ-ਨਰਕ ਵਿਚ ਅਗਨੀ-ਪੂਜਾ ਵਿਚ ਵਿਸਵਾਸ ਰੱਖਦੇ ਹਨ। ਇਹ ਧਰਮ ਨਿਸਚਿਤ ਤੌਰ 'ਤੇ ਈਰਾਨ ਵਿਚ ਉਸ ਸਮੇਂ ਵਿਚ ਪਰਚਾਰਿਆ ਬਹੁਦੇਦਵਵਾਦ (Polytheism) ਦਾ ਵਿਰੋਧੀ ਸੀ। ਇਕ ਰੱਬ ਦੀ ਹੋਂਦ ਵਿਚ ਯਕੀਨ ਅਤੇ ਨੈਤਿਕਤਾ 'ਤੇ ਜ਼ੋਰ, ਸਭਿਆਚਾਰ ਅਤੇ ਸੱਭਿਅਤਾ ਦਾ ਵਿਕਾਸ ਵਿਚ ਯਕੀਨ ਰਖਾਉਣ ਵਾਲਾ ਉੱਚ ਧਰਮ ਸੀ ਅਤੇ ਅੱਜ ਵੀ ਇਸ ਧਰਮ ਦਾ ਅਸਰ ਯਹੂਦੀ-ਮੌਤ ਉੱਤੇ ਪ੍ਰਤੱਖ ਦੇਖਿਆ ਜਾ ਸਕਦਾ ਹੈ।

ਇਰਾਨੀ ਲੋਕਾਂ ਕੋਲ ਪਹਿਲਾਂ ਪਹਿਲ ਬਹੁਤ ਧਰਮ ਗ੍ਰੰਥ ਸਨ। ਇਸ ਹਿੰਦੂ ਧਰਮ ਵਿਚ ਵੇਦਾਂ ਵਾਂਗ ਸਨ ਅਤੇ ਇਨ੍ਹਾਂ ਨੂੰ ਅਵੇਸਤਾ (Avesta) ਕਿਹਾ ਜਾਦਾ ਸੀ । ਬਾਅਦ ਵਿਚ ਇਸ ਨੂੰ Avitak ਜਾਂ ਪਾਚੰਦ ਅਵਿਸਤਾਕ ਕਿਹਾ ਜਾਣ ਲੱਗਾ। ਵਿਦਵਾਨ 'ਅਵਿਸਤਾਕ' ਸ਼ਬਦ ਦੀ ਉਤਪਤੀ ਪੁਰਾਤਨ ਸ਼ਬਦ 'ਉਪਾਸਤਾ' (upasta) ਤੋਂ ਹੋਈ ਦੱਸਦੇ ਹਨ ਜਿਸਦਾ ਅਰਥ 'ਆਧਾਰ' ਅਥਵਾ 'ਆਧਾਰ ਪੁਸਤਕ' ਹੈ। ਜਦੋਂ ਪਹਚਲਵੀ ਭਾਸ਼ਾ ਜਿਆਦਾ ਪ੍ਰਚਲਿਤ ਹੋ ਗਈ ਤਾਂ ਇਨ੍ਹਾਂ ਨੂੰ ਅਵਿਸਤਾਕ-ਉਤ-ਚੰਦ ਕਿਹਾ ਗਿਆ । ਸ਼ਬਦ ਚੰਦ (zend) ਦਾ ਭਾਵ 'ਭਾਸ' ਜਾਂ 'ਟੀਕਾ' ਤੋਂ ਲਿਆ ਜਾਂਦਾ ਹੈ ਜਿਸ ਦਾ ਅਰਥ ਵਰਤਮਾਨ ਸਮੇਂ ਵਿਚ ਪਾਰਸੀਆਂ ਦੇ ਮੂਲ ਅਵੇਸਥਾ- ਗ੍ਰੰਥ ਦਾ ਪਹਲਵੀ-ਭਾਸ਼ਾ ਵਿਚ ਅਨੁਵਾਦ ਜਾਂ ਭਾਸ਼ ਹੈ।

7.4 ਮੁੱਖ ਗ੍ਰੰਥ

ਅਵੇਸਤਾ ਅਥਵਾ ਜੇਂਦ-ਆਵੇਸਤਾ ਜਿਸ ਰੂਪ ਵਿਚ ਪ੍ਰਾਪਤ ਹੈ ਇਹ ਇਕ ਗ੍ਰੰਥ ਨਹੀਂ ਬਲਕਿ ਕਈ ਗ੍ਰੰਥਾਂ ਦਾ ਸਮੂਹ ਹੈ। ਕੋਈ ਵੀ ਇਕ ਗ੍ਰੰਥ ਆਪਣੇ ਆਪ ਵਿਚ ਪੂਰਣ ਵੇਰਵਾ ਨਹੀਂ ਰੱਖਦਾ। ਜੋ ਕੁਝ ਵੀ ਅੰਸਿਕ ਰੂਪ ਵਿਚ ਪ੍ਰਾਪਤ ਹੈ ਇਸ ਨੂੰ ਦੋ ਮੁੱਖ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

(1) ਅਵੇਸਤਾ(Avesta)
(2) ਖੋਰਦ ਅਵੇਸਤਾ(Khord Avesta)

ਅਵੇਸਤਾ ਦਾ ਭਾਵ ਮੂਲ ਜਾ ਵੰਡੀ ਅਵੇਸਤਾ ਹੈ ਅਤੇ ਖੋਰਦ ਅਵੇਸਤਾ ਦਾ ਭਾਵ ਛੋਟੀ ਅਦੇਸਤਾ ਹੈ।

ਅਵੇਸਤਾ ਵਿਚ ਮੁੱਖ ਤਿੰਨ ਗ੍ਰੰਥ ਸ਼ਾਮਿਲ ਹਨ

(1) ਯਾਸਨਾ (Yasna) ਇਸ ਵਿਚ ਗਾਥਾਵਾਂ ਦਾ ਸਮੂਹ ਅਤੇ ਸਲੋਕ, ਧਾਰਮਿਕ ਰਸਮਾਂ ਹਨ।

(2) ਵਿਸਪਰਦ (Visparad) ਇਸ ਵਿਚ ਕਰਮ ਕਾਂਡ, ਅਰਦਾਸਾਂ ਆਦਿ ਹਨ।

(3) ਵੈਨਦੀਦਾਦ (Vendidad) ਇਹ ਨੈਤਿਕ ਨਿਯਮਾਂ, ਕਾਨੂੰਨਾਂ ਅਤੇ ਮਿਥਿਹਾਸਿਕ ਕਹਾਣੀਆ ਦਾ ਸੰਗ੍ਰਹਿ ਹੈ।

ਖੋਰਦ ਅਦੋਸਤਾ ਅਰਥਾਤ ਲਘੁ ਅਵੇਸਤਾਂ ਵਿਚ ਯਾਸਤ (Yasts) ਅਤੇ ਅਰਦਾਸਾ (Prayers) ਆਮ ਜਨਤਾ ਵਿਚ ਪ੍ਰਚਲਿਤ ਹਨ ਜੋ ਆਪਣੇ ਇਸਟ ਦੀ ਉਸਤਤੀ ਲਈ ਪ੍ਰਯੋਗ ਕਰਦੇ ਹਨ। ਖਰਦੇ ਦਾ ਜਿਕਰ ਅਸੀਂ ਪਿਛ ਜਾ ਕੇ ਕਰਾਂਗੇ।

ਜਰਤੁਸਤ ਧਰਮ ਦੀਆਂ ਪੁਸਤਕਾਂ ਮੂਲ ਰੂਪ ਵਿਚ ਉਪਨਿਸਦਾ ਵਾਗ ਸੰਬਾਦ (Gospel ਅਰਥਾਤ ਪ੍ਰਸ਼ਨ ਉੱਤਰਾਂ ਦੇ ਰੂਪ ਵਿਚ ਹਨ ਜਿਹਨਾ ਵਿਚ ਬਹੁਤੇ ਥਾਵੀਂ ਮਹਾਤਮਾ ਚਰਤਸਤ ਅਹੁਰਾਮਾਜਦਾ ਕੋਲੋਂ ਸਵਾਲ ਪੁੱਛਦਾ ਹੈ ਅਤੇ ਅਹੁਰਾਮਾਜਦਾ ਉਨ੍ਹਾਂ ਦਾ ਉੱਤਰ ਦਿੰਦਾ ਹੈ। ਇਨ੍ਹਾਂ ਉੱਤਰਾ ਦੇ ਆਧਾਰ 'ਤੇ ਹੀ ਜਰਤਸੀ ਧਰਮ ਦਾ ਨੈਤਿਕ, ਸਮਾਜਿਕ ਅਤੇ ਪੂਜਨ ਪੱਧਤੀ ਆਦਿ ਦਾ ਧਾਰਮਿਕ ਰੂਪ ਸਪੋਸਟ ਹੁੰਦਾ ਹੈ । ਬਾਕੀ ਥਾਵੀਂ ਜਰਤੁਸਤ ਅਤੇ ਉਸਦੇ ਹੋਰ ਅਨੁਆਈਆ ਦੁਆਰਾ ਅਹੁਰਾ-ਮਾਰਦਾ ਵਿਚ ਵਿਸਵਾਸ ਪ੍ਰਗਟ ਕੀਤਾ ਗਿਆ ਹੈ ਜਾਂ ਉਸਦੀ ਉਸਤਤੀ ਕੀਤੀ ਗਈ ਹੈ ।

7.4.1 ਯਾਸਨਾ(Yasna)

ਆਵੇਸਤਾ ਦੇ ਸ਼ਬਦ 'ਯਾਸਨਾ' ਦਾ ਅਰਥ ਬਲੀ-ਯੋਗ ਜਾਂ ਪੂਜਾ ਹੈ। ਇਸ ਵਿਚ ਪੂਜਾ-ਪਾਠ ਅਤੇ ਕਰਮ ਕਾਂਡ ਸਬੰਧੀ ਪਾਕ ਨਿਯਮ ਦਿੱਤੇ ਹਨ ਜੋ ਕਿ ਪੁਜਾਰੀ ਰੱਬ ਆਦਿ ਕਰਨ ਸਮੇ ਵਰਤਦੇ ਹਨ ।

ਯਾਸਨਾ ਵਿਚ 72 ਅਧਿਆਇ ਹਨ । ਮੂਲ ਰੂਪ ਵਿਚ ਕਾਵਿਕ ਰਚਨਾ ਹੈ ਜਿਸ ਵਿਚ ਪਰਮਾਤਮਾ ਦੀ ਪ੍ਰਸੰਸਾ ਤੇ ਅਰਦਾਸ ਦੇ ਨਾਲ-ਨਾਲ ਗਾਥਾਵਾਂ ਵੀ ਸ਼ਾਮਿਲ ਹਨ। ਅਧਿਆਇ । 27 ਇਸ ਦਾ ਪਹਿਲਾ ਭਾਗ ਹੈ ਜੋ ਕਿ ਅਹੁਰਾਮਾਜਦਾ ਅਤੇ ਯਜਤਾਸ ਦੀ ਉਸਤਤੀ ਨਾਲ ਸ਼ੁਰੂ  ਹੁੰਦਾ ਹੈ।  ਇਸ ਵਿਚ ਪਵਿਤਰ ਜਲ Zoathra ਅਤੇ ਬਰੇਸਮਾਨ)  (Bundle of Sacred Twings) ਤਿਆਰ ਕਰਨ ਸਮੇਂ ਮੰਤਰ ਰੂਪਾਂ ਵਿਚ ਪੜ੍ਹਿਆ ਜਾਂਦਾ ਹੈ । ਪਵਿਤਰ ਹੋਈ ਦਰਾਓਨਾ ਤਿਆਰ ਕਰਨ ਅਤੇ ਭੇਟਾ ਕਰਨ ਸਮੇਂ ਵੀ ਇਸ ਦੇ ਸਲੋਕ ਉਚਾਰੇ ਜਾਂਦੇ ਹਨ।

ਧਰਮ-ਗ੍ਰੰਥ ਦਾ ਇਹ ਹਿੱਸਾ ਜਰਤੁਸਤ ਧਰਮ ਦਾ ਸਾਰ-ਤੱਤ ਮੰਨਿਆ ਜਾਂਦਾ ਹੈ । ਇਸ ਦੇ ਜਲਕਾ ਵਿਚ ਨੇਕੀ ਦੇ ਦੇਵਤਾ ਦੀ ਪ੍ਰਤਿਸਟਾ ਕਰਕੇ ਸ਼ਰਧਾ ਨਾਲ ਉਸਦਾ ਧਿਆਨ ਧਰਕੇ ਉਸਦੀ ਉਸਪਤੀ ਕੀਤੀ ਜਾਂਦੀ ਹੈ । ਬਦੀ ਦੇ ਦਾਨਵਾ ਤੋਂ ਬਚਣ ਲਈ ਪ੍ਰਾਰਥਨਾ ਕੀਤੀ ਜਾਂਦੀ ਹੈ। ਨੇਕੀ ਦੇ ਦੇਵਤਾ ਅਹੁਰਾਮਜਦਾ ਵਿਚ ਵਿਸ਼ਵਾਸ ਪ੍ਰਗਟ ਕੀਤਾ ਜਾਂਦਾ ਹੈ ਅਤੇ ਧਰਮ ਦੇ ਬਾਨੀ ਦੇ ਹੁਕਮ ਵਿਚ ਚਲਣ ਦੀ ਇੱਛਾ ਦਾ ਇਜ਼ਹਾਰ ਕੀਤਾ ਜਾਂਦਾ ਹੈ । ਇਸ ਪ੍ਰਕਾਰ ਦੇ ਗੁਣ ਗਾਣ ਕਰਕੇ ਪਰਮਾਤਮਾ ਨਾਲ ਸਬੰਧ ਸਥਾਪਿਤ ਕੀਤਾ ਜਾਂਦਾ ਹੈ । ਅਰਦਾਸ ਕੀਤੀ ਜਾਂਦੀ ਹੈ ਕਿ ਨੇਕੀ ਦਾ ਦੇਵਤਾ ਇਸਦੇ ਅਨੁਯਾਈਆਂ ਨੂੰ ਅਨੇਕ ਰਾਹ 'ਤੇ ਚਲਣ ਦੀ ਸਮਰੱਥਾ ਬਖਸ਼ੇ |

7.4. 1.1 ਯਾਸਨਾ ਗ੍ਰੰਥ ਵਿਚੋਂ ਨਮੂਨਾ

ਮੈਂ ਦੈਤਾ ਨੂੰ ਖੁਦੇੜਦਾ ਹਾਂ। ਮੈਂ ਅਹਰਾਮਾਜਦਾ ਨੂੰ ਪੂਜਣ ਵਾਲਾ ਹਾਂ, ਦੈਤਾਂ ਦੇ ਉਲਟ ਹਾਂ ਅਤੇ ਭਗਵਾਨ ਮਾਜਦਾ ਦੀ ਸ਼ਰਧਾ ਵਿਚ ਜੁੜਿਆ ਹਾਂ। ਮੈਂ ਨੇਕੀ ਦੇ ਮਾਲਕ ਅਹਰਾਮਾਜਦਾ ਅਤੇ ਉਸਦੇ ਕਈ ਹੋਰ ਅਮਰ ਕ੍ਰਿਪਾਲ ਪੁਰਖਾ ਦਾ ਪ੍ਰਸੰਸਕ ਹਾਂ। ਅਹਰਾਮਾਜਦਾ ਪਾਸ ਨੇਕ ਨਿਹਮਤਾਂ ਹਨ। ਸਾਰੀ ਨੇਕੀ ਉਸ ਪਵਿਤਰ ਸਾਨ ਵਾਲੇ ਅਤੇ ਨੁਰਾਨੀ ਪੁਰਖ ਦੇ ਸੁਭਾਅ ਦਾ ਗੁਣ ਹੈ। ਸਭ ਚੰਗੀਆਂ ਵਸਤੂਆਂ ਉਸ ਦੀ ਹੀ ਮਲਕੀਅਤ ਹਨ। ਉਸੇ ਦੀ ਕਾਇਨ (Kine) ਹੈ। ਉਸੇ ਦੀ ਆਸਾ (Asha) ਹੈ, ਜਿਸ ਦੀ ਸੰਸਾਰ ਦੇ ਸਾਰੇ ਵਰਤਾਰੇ ਤੇ ਧਾਕ ਹੈ। ਤਾਰੇ ਵੀ ਉਸਦੇ ਹਨ ਅਤੇ ਉਸਦੇ ਨੂਰ ਦੇ ਬਸਤਰ ਪਹਿਨੀ ਸਾਰੀਆ ਵਸਤੂਆ ਸੁਸਤਤ ਹਨ। ਲਾਙ ਮੈਂ ਮਾਜ਼ਦਾ ਮੱਤ ਵਿਚ ਵਿਸ਼ਵਾਸ ਰੱਖਦਾ ਹਾਂ। ਮਾਜ਼ਦਾ ਮੌਤ ਦੀ ਦ੍ਰਿੜ ਬਾਣੀ ਲੜਖੜਾਉਂਦੇ ਅਤੇ ਡੋਲਦੇ ਵਿਅਕਤੀਆਂ ਨੂੰ ਸਥਿਰ ਕਰਦੀ ਹੈ। ਮਾਜਦਾ ਦਾ ਮੌਤ ਪ੍ਰੇਮ-ਵਿਆਹ ਵਾਂਗ ਹੈ। ਇਹ ਇਕ ਪਾਕ ਸੰਸਥਾ ਹੈ ਅਤੇ ਇਹ ਅਜਿਹਾ ਮੌਤ ਹੈ ਜੋ ਅਜ ਤਕ ਹੋਂਦ ਵਿਚ ਆਏ ਧਰਮਾ ਅਤੇ ਅੱਗੋਂ ਹੋਂਦ ਵਿਚ ਆਉਣ ਵਾਲੇ ਸਭ ਧਰਮਾਂ ਵਿਚੋਂ ਸ੍ਰੇਸ਼ਠ ਅਤੇ ਸੁੰਦਰ ਧਰਮ ਹੈ। ਅਹੁਰਾ ਦਾ ਧਰਮ | ਜ਼ਰਤਸਤ ਦਾ ਨੇਕ ਮਤ। ਸੰਸਾਰ ਦੀ ਸਾਰੀ ਨੇਕੀ ਮੈਂ ਅਹਰਾਮਾਜਦਾ ਨਾਲ ਜੋੜਦਾ ਹਾ ਅਤੇ ਅਜਿਹਾ ਵਿਸਵਾਸ ਹੀ ਮਾਜ਼ਦਾ-ਪੰਥੀਆ ਦਾ ਸਹੀ ਧਰਮ ਹੈ।

7.4.1.2 ਗਾਥਾਵਾਂ (Gathas)

ਚਰਤਸੀ ਮੌਤ ਦੇ ਪਵਿਤਰ ਗ੍ਰੰਥ ਆਵੇਸਤਾ ਵਿਚ (ਅਧਿਆਇ 28-51, 53) ਗਾਥਾਵਾਂ ਦਾ ਕੇਂਦਰੀ ਸਥਾਨ ਹੈ। ਇਨ੍ਹਾਂ ਦਾ ਰੂਪ ਗੀਤ-ਕਾਵਿ ਹੈ। ਇਹ ਬਹੁਤ ਪੁਰਾਤਨ ਹੈ। ਇਨ੍ਹਾਂ ਦੀ ਰਚਨਾ ਵੀ ਛੇ ਸੋ ਸਾਲ ਈਸਾ-ਪੂਰਵ ਮੰਨੀ ਜਾਂਦੀ ਹੈ। ਇਹ ਜਰਸੀ ਮੌਤ ਦੇ ਨੈਤਿਕ ਪੱਖ ਨੂੰ ਇਸ ਦੇ ਮੂਲ ਆਦਿਵਾਸੀ ਰੂਪ ਦੀ ਸ਼ਾਨ ਨਾਲ ਪੇਸ਼ ਕਰਦੀਆਂ ਹਨ। ਇਹਨਾਂ ਗਾਥਾਵਾਂ ਵਿਚ ਕਰਮ-ਕਾਂਡ ਅਰਥਾਤ ਪੂਜਾ ਪਾਠ ਆਦਿ ਪੱਧਤੀਆਂ ਦਾ ਉਕਾ ਵਰਨਨ ਨਹੀਂ ਜੋ ਕਿ ਪਿਛ ਪ੍ਰਚਲਿਤ ਹੋਈਆਂ ਦੱਸੀਆਂ ਜਾਂਦੀਆਂ ਹਨ।

7.4.1.3 ਗਾਥਾਵਾਂ ਵਿਚ ਧਰਮ ਦਾ ਸਰੂਪ

ਇਨ੍ਹਾਂ ਗਾਥਾਵਾਂ ਵਿਚ ਚਰਤਸੀ ਮੌਤ ਦੇ ਪੈਰਬਰੀ ਆਦੇਸ਼ਾਂ ਅਤੇ ਅੰਗਾ ਦਾ ਵਰਨਨ ਆਉਂਦਾ ਹੈ। ਮਹਾਤਮਾ ਜਰਤਸਤ ਦੇ ਇਲਹਾਮਾ ਦਾ ਵਰਨਨ ਹੈ। ਇਨ੍ਹਾਂ ਵਿਚ ਮਨੁੱਖ ਦੇ ਬ੍ਰਹਿਮੰਡੀ ਰੋਲ ਦੀ ਵੀ ਵਿਆਖਿਆ ਕੀਤੀ ਗਈ ਹੈ। ਇਨ੍ਹਾਂ ਅਨੁਸਾਰ ਇਨਸਾਨ ਦਾ ਨੇਕ ਰੂਹ ਦੇ ਉੱਚ ਆਦਰਸ਼ ਕਾਰਜਾ ਵਿਚ ਯੋਗਦਾਨ ਪਾ ਕੇ ਬਦੀ ਦੇ ਦੈਂਤਾ (Angra Mainu ਹਰਾਉਣ ਵਿਚ ਯੋਗਦਾਨ ਪਾਉਣਾ ਉੱਚ ਕਰਤੱਵ ਦੱਸਿਆ ਗਿਆ ਹੈ। ਸੰਸਾਰ ਦੇ ਸਾਰੇ ਜੀਵਾ ਵਿਚੋਂ ਮਨੁੱਖ ਹੀ ਇਕ ਅਜਿਹਾ ਜੀਵ ਹੈ, ਜੋ ਇਸ ਯੁੱਧ ਵਿਚੋਂ ਇਨ੍ਹਾਂ ਦੋਹਾਂ ਪੱਖਾ ਵਿਚੋਂ ਕਿਸੇ ਇਕ ਦੀ ਚੋਣ ਕਰ ਸਕਦਾ ਹੀ ਇਕ ਅਜਿਹਾ ਜੀਵ ਹੈ ਜੋ ਇਸ ਯੁੱਧ ਵਿਚੋਂ ਇਨ੍ਹਾਂ ਦੋਹਾਂ ਪੱਖਾ ਵਿਚੋਂ ਕਿਸੇ ਇਕ ਦੀ ਚੋਣ ਕਰ ਸਕਦਾ ਹੈ ਅਤੇ ਉਹ ਇਸ ਚੋਣ ਦਾ ਪ੍ਰਗਟਾਵਾ ਆਪਣੀ 'ਕਥਨੀ' ਰਾਹੀਂ ਨਹੀਂ ਸਗੋਂ ਆਪਣੇ 'ਕਰਮਾ` ਰਾਹੀਂ ਕਰਦਾ ਹੈ। ਜੇਕਰ ਉਹ ਆਪਣੀ

ਘਾਲਣਾ ਰਾਹੀਂ ਪਸ਼ੂ ਪਾਲਦਾ ਹੈ, ਧਰਤੀ ਨੂੰ ਖੇਤੀ ਯੋਗ ਬਣਾਉਂਦਾ ਹੈ, ਕਿਤੇ ਬਸੇਰਾ ਬਣਾਉਂਦਾ ਹੈ ਅਤੇ ਸਭਯ ਤਰੀਕੇ ਨਾਲ ਜੀਵਨ ਨਿਰਬਾਹ ਕਰਦਾ ਹੈ ਅਰਥਾਤ ਮਨੁੱਖੀ ਜੀਵਨ ਨੂੰ ਹੋਰ ਸੁੰਦਰ, ਸਭਿਆਚਾਰਕ ਅਤੇ ਸਭਿਅਤਾ ਪੂਰਣ ਬਣਾਉਂਦਾ ਹੈ ਤਾਂ ਨਿਸ਼ਚਿਤ ਤੌਰ `ਤੇ ਉਹ ਨੇਕ-ਰੂਹ ਅਹੁਰਾਮਾਜ਼ਦਾ ਦਾ ਪੈਰੋਕਾਰ ਹੈ ਅਤੇ ਅੰਤ ਵਿਚ ਸਰਿਸਟੀ ਦੇ ਇਸ ਉਥਾਨ ਵਿਚ ਹਿਸੇਦਾਰ ਵਜੋਂ ਨੇਕ ਨਿਆਮਤਾ ਦਾ ਹੱਕਦਾਰ ਬਣ ਜਾਦਾ ਹੈ। ਇਸ ਦੇ ਉਲਟ ਜੇਕਰ ਉਹ ਘਟੀਆ ਅਤੇ ਦੁਰਾਚਾਰੀ ਰਾਹ ਅਪਣਾਉਂਦਾ ਵਿਨਾਸ ਦੇ ਰਾਹ 'ਤੇ ਚਲਦਾ ਜੀਵਨ ਨੂੰ ਹੋਰ ਕੋਝਾ ਕਰੂਪ ਅਤੇ ਦੁਖਦਾਈ ਬਣਾਉਂਦਾ ਹੈ ਤਾਂ ਉਹ ਸੈਤਾਨ ਦੇ ਰਾਹ 'ਤੇ ਚਲਦਾ ਹੈ ਅਤੇ ਅੰਤ ਵਿਚ ਉਸਨੂੰ ਨਰਕ ਪ੍ਰਾਪਤ ਹੁੰਦਾ ਹੈ।

ਇਨ੍ਹਾਂ ਗਾਥਾਵਾਂ ਦੇ ਕਾਵਿ ਰੂਪ ਕਿਤੇ-ਕਿਤੇ ਸਿੱਧੇ ਨੇਕ-ਰੂਹ ਅਹੁਰਾਮਾਜ਼ਦਾ ਨੂੰ ਸੰਬੋਧਨ ਕਰਦੇ ਹਨ, ਕਦੇ ਉਸ ਕੋਲੋਂ ਨੇਕ ਰਾਹ ਤੇ ਚਲਣ ਦੀ ਬਖਸਿਸ਼ ਮੰਗਦੇ ਹਨ, ਉਨ੍ਹਾਂ ਸਭ ਸ਼ਕਤੀਆਂ ਦਾ ਸਹਾਰਾ ਲੈਂਦੇ ਹਨ ਜੋ ਨੇਕ ਰਾਹ ਤੇ ਚਲਣ ਵਿਚ ਸਹਾਇਕ ਹੋਣ। ਇਨ੍ਹਾਂ ਗਾਥਾਵਾਂ ਵਿਚ ਨੇਕ ਰਾਹ ਤੇ ਚਲਣ ਦੇ ਫਲ ਦਾ ਵੀ ਵਰਨਨ ਆਉਂਦਾ ਹੈ ਅਰਥਾਤ ਇਨ੍ਹਾ ਵਿਚ ਦੱਸਿਆ ਗਿਆ ਹੈ ਕਿ ਨੇਕ ਰਾਹ 'ਤੇ ਚਲਣ ਵਾਲੇ ਸਿੱਧੇ ਸਵਰਗ ਵਿਚ ਜਾਦੇ ਹਨ ਅਤੇ ਦੱਸਿਆ ਗਿਆ ਹੈ ਕਿ ਬਦ ਰੂਹਾਂ ਦਾ ਮਾੜਾ ਹਸਰ ਹੁੰਦਾ ਹੈ ਅਤੇ ਨਰਕ ਦੀ ਪ੍ਰਾਪਤੀ ਹੁੰਦੀ ਹੈ।

7.4.1.4 ਅਪਰ ਯਾਸਨਾ (Apra Yasna)

ਯਾਸਨਾ ਦਾ ਤੀਜਾ ਹਿੱਸਾ (ਅਧਿਆਇ 52, 57-72) ਅਪਰਾ-ਯਾਸਨਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਵਿਚ ਯਜਤਾਸ ਅਰਥਾਤ ਦੇਵਤਿਆਂ ਦੀ ਉਸਤਤੀ ਹੀ ਕੀਤੀ ਗਈ ਹੈ। ਇਹ ਹਿੱਸਾ ਪਿਛਲੇਰੀ ਯਾਸਨਾ ਦੇ ਨਾ ਨਾਲ ਵੀ ਜਾਣਿਆ ਜਾਂਦਾ ਹੈ।

7.4.1.5 ਗਾਥਾਵਾਂ ਦਾ ਮੂਲ ਪਾਠ ਇਸ ਪ੍ਰਕਾਰ ਹੈ

ਜਰਤਸਤ ਨੇ ਕੁਦਰਤ ਨੂੰ ਆਪਣੀਆਂ ਅੱਖਾ ਨਾਲ ਵੇਖ ਕੇ ਅਤੇ ਇਸ ਦਾ ਗਹਿਰਾ ਅਰਥ ਆਪਣੇ ਮਨ ਨਾਲ ਪਹਿਚਾਣ ਕੇ 'ਮਾਜ਼ਦਾ' ਨੂੰ ਆਤਮਸਾਤ ਕੀਤਾ

ਅਤੇ ਪਹਿਚਾਣਿਆ ਕਿ ਉਹ
ਸਰਿਸਟੀ ਦੀ ਪਹਿਲੀ ਅਤੇ ਅੰਤਿਮ ਰਚਨਾ ਹੈ।
ਉਹ ਨੇਕੀ ਦਾ ਪਿਤਾ ਹੈ
ਇਨਸਾਫ ਦਾ ਸੱਚਾ ਰਚਨਹਾਰਾ ਹੈ
ਅਤੇ ਉਹ ਹੀ ਸੰਸਾਰ ਵਿਚ ਵਾਪਰ ਰਹੇ
ਹਰ ਕਾਰਜ ਦਾ ਕਰਨਹਾਰ ਹੈ।
ਇਸ ਇਲਹਾਮ ਤੇ ਪਿਛੋਂ ਜਰਤਸਤ ਨੇ ਅਰਜ ਕੀਤੀ

ੳ. ਅਧੂਰ-ਮਾਜਦਾ।

ਤੂੰ ਸਭ ਨੂੰ ਆਪਣੀ ਤੀਖਣ ਅਤੇ ਨੂਰਾਨੀ ਦ੍ਰਿਸ਼ਟੀ ਨਾਲ ਵੇਖ ਰਿਹਾ ਹੈ,

ਉਨ੍ਹਾਂ ਸਭ ਪ੍ਰਾਣੀਆਂ ਨੂੰ ਜੇ ਪ੍ਰਸਨ ਪੁੱਛਦੇ ਹਨ ਅਤੇ

ਜੋ ਸਭ ਉਤੇ ਆਪਣੀ ਪ੍ਰਭੂ ਸੰਤਾ ਥੱਪਣਾ ਚਾਹੁੰਦੇ ਹਨ:

ਮੈਨੂੰ ਆਪਣੀ ਜ਼ੁਬਾਨੀ ਦੱਸ

ੳ ਅਹੁਰਾ-ਮਾਜਦਾ ।

ਰੇਸਨ ਰੂਹਾਂ ਲਈ ਤੇਰਾ ਕੀ ਹੁਕਮ ਹੈ

ਤਾਂ ਕਿ ਮੈਂ ਸਭ ਨੇਕ ਪ੍ਰਾਣੀਆਂ ਨੂੰ ਸੁਭ ਕਰਮ ਕਰਨ ਲਈ ਪਰੇਰ ਸਕਾ। ੳ. ਅਹੁਰਾ-ਮਾਚਦਾ।

ਤੂੰ ਹੀ 'ਜੜ੍ਹ' ਅਤੇ 'ਚੇਤਨ' ਦਾ ਸਿਰਜਣਹਾਰ ਹੈ। ਤੂੰ ਸਰੀਰ ਰਚਦਾ ਹੈ

ਅਤੇ ਉਸ ਵਿਚ ਸਵਾਸ ਪਾਉਂਦਾ ਹੈ

ਜਿਨ੍ਹਾ ਨਾਲ

ਪ੍ਰਾਣੀ ਸਦ-ਵਿਸ਼ਵਾਸ ਵਿਚ ਸਥਿਰ ਹੁੰਦੇ ਹਨ।

ਏਸੇ ਲਈ

ਹੇ ਅਹੁਰਾ-ਮਾਜਦ

ਦਸ ਕੀ ਹੋਣਾ ਚਾਹੀਦਾ ਹੈ

ਅਤੇ ਕੀ ਨਹੀਂ ਹੋਣਾ ਚਾਹੀਦਾ.

ਤਾਂ ਕਿ ਮੈਂ

ਸਹੀ ਦਿਸਾ ਨੂੰ ਪਹਿਚਾਣ ਸਕਾ

ਅਤੇ ਨੇਕ ਰਾਹ ਤੇ ਤੁਰ ਸਕਾ।

ਇਸ ਤਰ੍ਹਾਂ ਤੇਰੀਆਂ ਯੋਗ ਨਿਹਮਤਾ ਪਾ ਸਕਾ ।

ੳ, ਅਹੁਰਾ-ਮਾਜ਼ਦਾ ਵਰਤਮਾਨ ਅਤੇ ਭਵਿਖ ਬਾਰੇ

ਮੈਂ ਤੇਰੇ ਤੋਂ ਪੁੱਛਦਾ ਹਾਂ ਕਿ ਅੰਤਿਮ ਫੈਸਲੇ ਦੇ ਦਿਨ

'ਨੇਕ-ਪੁਰਸਾਂ' ਨਾਲ ਕੀ ਸਲੂਕ ...

ਉਨ੍ਹਾਂ ਜੋ ਆਪਣੇ ਸਾਥੀਆਂ ਅਤੇ ਪਸ਼ੂਆਂ ਉਪਰ

ਹਿੰਸਾ ਕਰਨ ਤੇ ਬਿਨਾਂ

ਕਿਸੇ ਹੋਰ ਤਰੀਕੇ ਰਾਹੀਂ

ਆਪਣੀ ਰੋਜ਼ੀ ਨਹੀ ਕਮਾ ਸਕਦੇ ?

ੳ ਅਹੁਰਾ-ਮਾਜਦਾ ।

ਮੈਂ ਤੇਰੇ ਕੋਲੋਂ ਉਨ੍ਹਾ ਸਦ-ਰਾਹ ਤੇ ਤੁਰਨ ਵਾਲਿਆ ਬਾਰੇ ਪੁੱਛਦਾ ਹਾਂ।

ਜੋ ਆਪਣੇ ਘਰਾਂ ਨੂੰ ਹੋਰ ਚੰਗਾ ਬਨਾਉਣ ਦੀ ਕੋਸਿਸ ਕਰਦੇ ਹਨ

ਜੋ ਆਪਣੇ ਪਿੰਡਾ, ਆਪਣੇ ਕਬੀਲਿਆ ਅਤੇ ਕਸਬਿਆ ਨੂੰ

ਇਨਸਾਫ਼ ਰਾਹੀਂ ਹੋਰ ਚੰਗਾ ਬਣਾਉਂਦੇ ਹਨ

ਕੀ ਉਹ ਤੇਰੇ ਜਿਹੇ ਬਣ ਸਕਦੇ ਹਨ?

ਅਤੇ ਕਦੇ ਬਣ ਸਕਦੇ ਹਨ ?

ਅਤੇ ਕਿਹੇ ਜਿਹੇ ਕਿਰਦਾਰ ਨਾਲ ਬਣ ਸਕਦੇ ਹਨ ?

ੳ ਅਹੁਰਾ-ਮਾਜ਼ਦਾ

ਤੂੰ ਜੋ ਸਾਡਾ ਯੋਗ ਪਥ-ਪ੍ਰਦਰਸ਼ਕ ਹੈ

ਮੈਨੂੰ ਸਹੀ ਸਹੀ ਦਸ

ਤਾਂ ਕਿ ਮੈਂ ਹੋਰ ਭਟਕਿਆ ਨਾ ਰਹਾ।

ਅਤੇ ਅਹੁਰਾ-ਮਾਜਦਾ ਨੇ ਜਵਾਬ ਦਿੱਤਾ।

ੳ ਯੋਗ ਨਿਸ਼ਠਾ ਵਾਲੇ ਮੇਰੇ ਸਰਧਾਲੂ ।

ਸੈਤਾਨ ਦੇ ਪੈਰੋਕਾਰਾਂ ਦੇ ਪਿੱਛੇ ਨਾ ਲੱਗ

ਕਿਉਂ ਜੁ ਉਹ ਘਰਾਂ ਨੂੰ ਨਸਟ ਕਰਨਾ ਲੋਚਦੇ ਹਨ

ਪਿੰਡਾ ਨੂੰ ਉਜਾੜਦੇ ਹਨ ।

### 7.4.2 ਵਿਸਪਰਦ (Visparat or Vispa Rataro)

ਯਾਸਨਾ ਗ੍ਰੰਥ ਦੇ ਕੁਝ ਭਾਗਾਂ ਵਿਚ ਵਾਧੇ ਇਸ ਧਰਮ ਗ੍ਰੰਥ ਵਿਸਪਰਤ ਵਿਚ ਸ਼ਾਮਿਲ ਹਨ। ਇਸ ਦੇ ਤੇਈ ਅਧਿਆਇ ਹਨ ਜਿਹਨਾ ਨੂੰ ਕਰਿਤ ਕਿਹਾ ਜਾਦਾ ਹੈ । ਪੂਜਾ ਸਮੇਂ ਯਾਸਨਾ ਦੇ ਅਧਿਆਇ ਵਿਚ ਇਸ ਦੇ ਅਧਿਆਇ ਜੋੜੇ ਜਾਦੇ ਹਨ ਅਰਥਾਤ ਨਾਲ-ਨਾਲ ਪੜ੍ਹੇ ਜਾਦੇ ਹਨ। ਇਸ ਵਿਚ ਸਭੇ ਦੇਵਤਿਆਂ ਦੀ ਪ੍ਰਸੰਸਾ ਕੀਤੀ ਜਾਂਦੀ ਹੈ ਅਤੇ ਸ਼ਰਧਾ ਅਤੇ ਸਨਮਾਨ ਪ੍ਰਗਟਿਆ ਜਾਂਦਾ ਹੈ ।

### 7.4.3 ਵੈਨਦੀਨਾਦ(Vendidad)

ਗਾਥਾਵਾਂ ਦੇ ਪਿਛੇ ਵੈਨਦੀਨਾਦ ਗ੍ਰੰਥ ਨੂੰ ਸਭ ਤੋਂ ਵੱਧ ਸਤਿਕਾਰ ਨਾਲ ਵੇਖਿਆ ਜਾਂਦਾ ਹੈ। ਇਹ ਜਰਤੁਸੀ ਮੌਤ ਦੀ ਇਕ ਪ੍ਰਕਾਰ ਦੀ ਨੀਤੀ ਸ਼ਾਸਤਰ ਜਾਂ ਕਾਨੂੰਨ ਸੰਘਿਤਾ (Book of Law) ਮੰਨੀ ਜਾਂਦੀ ਹੈ। ਇਸ ਦੇ 22 ਅਧਿਆਏ ਹਨ ਜਿਨ੍ਹਾ ਵਿਚੋਂ ਬਹੁਤੇ ਬਾਅਦ ਵਿਚ ਹੋਂਦ ਵਿਚ ਰਚੇ ਗਏ। ਇਨ੍ਹਾਂ ਦਾ ਵਿਸ਼ਾ ਵਧੇਰੇ ਕਰਕੇ ਨੈਤਿਕਤਾ ਅਤੇ ਰਹਿਤ ਮਰਿਯਾਦਾ ਨਾਲ ਸਬੰਧਤ ਹੈ। ਇਹਨਾਂ ਵਿਚ 'ਨੇਕੀ' ਦੀ ਥਾਂ ਬਹੁਤਾ ਰਸਮਾਂ (Rites) 'ਤੇ ਜੋਰ ਦਿੱਤਾ ਗਿਆ ਹੈ। ਇਸ ਵਿਚ ਪੂਜਾ ਪਾਠ ਦੇ ਤੌਰ ਤਰੀਕਿਆਂ ਦੀ ਵਿਆਖਿਆ ਵਧੇਰੇ ਹੈ ਬਜਾਇ ਨੈਤਿਕ ਮੁੱਲਾ ਦੇ । ਇਸ ਦੇ ਵਿਸੇ ਨੂੰ ਗੈਰ

ਨਾਲ ਪੜ੍ਹਿਆ ਪਤਾ ਲਗਦਾ ਹੈ ਕਿ ਇਸ ਦੇ ਮੂਲ ਰੂਪ ਨੂੰ ਪੁਜਾਰੀ ਵਰਗ ਨੇ ਵਿਗਾੜ ਕੇ ਨੈਤਿਕ-ਮੌਤ ਤੋਂ ਕਰਮ-ਕਾਂਡੀ ਧਰਮ ਬਣਾ ਦਿੱਤਾ । ਇਸ ਪ੍ਰਕਾਰ ਪਾਰਸੀ ਮੌਤ ਜਰਤੁਸਤ ਦੇ ਇਲਹਾਮੀ ਆਦੇਸਾ ਤੋਂ ਆਪਣਾ ਮੂਲ ਰੂਪ ਬਦਲ ਕੇ ਰਸਮਾਂ-ਰੀਤੀਆਂ ਦਾ ਰੂਪ ਧਾਰਣ ਕਰ ਗਿਆ।

7.4.3.1 ਵੈਨਦੀਦਾਦ ਦੇ ਮੂਲ ਸਿਧਾਂਤ ਦਾ ਸੰਖੇਪ ਰੂਪ

(1) ਪਵਿੱਤਰਤਾ ਸਭ ਤੋਂ ਉੱਤਮ ਗੁਣ ਹੈ ਜੋ ਕਿ ਜੀਵਨ ਤੋਂ ਵੱਧ ਮਹੱਤਵਪੂਰਨ

(2) ਵੈਨਦੀਦਾਦ ਨੇਕੀ ਵਿਚ ਵਿਸ਼ਵਾਸ, ਬਰਾਬਰੀ ਦੀ ਭਾਵਨਾ ਨੂੰ ਮੂਲ ਆਧਾਰ ਮੰਨਦਾ ਹੈ। ਵਿਕਾਸ ਮੁਖੀ ਕਾਰਜਾਂ ਨੂੰ ਪਰਮਾਤਮਾ ਦੀ ਪੂਜਾ ਦੇ ਤੁਲ ਸਮਝਦਾ

(3) ਪਹਿਲੇ ਕੀਤੇ ਸਾਰੇ ਪਾਪ, ਪਛਤਾਵੇ ਨਾਲ ਧੋਤੇ ਜਾਦੇ ਹਨ । ਦੂਜੀ ਵਾਰ ਕੀਤੇ ਪਾਪ ਵੀ ਪਛਤਾਵੇ ਨਾਲ ਇਕ ਤਿਹਾਈ ਮਾਫ ਹੋ ਜਾਦੇ ਹਨ।

(4) ਕਰਜ਼ਾ ਨਾ ਮੋੜਨਾ, ਚੋਰੀ ਦਾ ਮਾਲ ਘਰ ਵਿਚ ਰੱਖਣਾ, ਆਦਿ ਨੂੰ ਬੁਰਾ ਮੰਨਿਆ ਜਾਂਦਾ ਹੈ।

(5) ਕੁਆਰੇ ਨਾਲ ਵਿਆਹਿਆ ਚੰਗਾ ਮੰਨਿਆ ਜਾਂਦਾ ਹੈ । 'ਅੱਤ' ਨੂੰ ਸੰਤਾਨ ਵਾਲੇ ਵਿਅਕਤੀ ਤੋਂ ਮਾੜਾ ਮੰਨਿਆ ਜਾਂਦਾ ਹੈ । ਇਸ ਦੇ ਫਲਸਰੂਪ ਗ੍ਰਹਿਸਤੀ ਦਾ ਜੀਵਨ ਚੰਗਾ ਮੰਨਿਆ ਗਿਆ ਹੈ।

(6) ਪੰਜ ਪ੍ਰਕਾਰ ਦੇ ਪਾਪ ਦੱਸੇ ਗਏ ਹਨ

(ੳ) ਕਿਸੇ ਵਿਅਕਤੀ ਦਾ ਧਰਮ ਭ੍ਰਿਸਟ ਕਰਨਾ।

(ਅ) ਕੁੱਤੇ ਨੂੰ ਗਰਮ ਜਾਂ ਨੁਕਸਾਨਦੇਹ ਭੋਜਨ ਪਾਉਣਾ।

(ੲ) ਜਾਨਵਰਾ ਨੂੰ ਸਤਾਉਣਾ।

(ਸ) ਮਹਾਵਾਰੀ ਦੌਰਾਨ ਇਸਤਰੀ ਨਾਲ ਸੰਜੋਗ ਕਰਨਾ ।

(ਹ) ਗਰਭਵਤੀ ਇਸਤਰੀ ਜਾਂ ਦੁੱਧ ਚੁੰਘਦੇ ਬੱਚੇ ਦੀ ਮਾਂ ਨਾਲ ਸੰਜੋਗ ਕਰਨਾ ਆਦਿ।

ਇਸੇ ਨਿਯਮ ਅਧੀਨ ਨਜਾਇਜ ਬੱਚੇ, ਗਰਭਪਾਤ ਜਾਂ ਕੁਆਰੀ ਅਵਸਥਾ ਵਿਚ ਉਤਪੰਨ ਸੰਤਾਨ ਅਤੇ ਉਸਦੇ ਪਾਲਣ-ਪੋਸਣ ਸਬੰਧੀ ਨਿਯਮ ਦਿੱਤੇ ਗਏ ਹਨ ।

ਇਨ੍ਹਾਂ ਸਾਰੇ ਨਿਯਮਾ-ਕਾਨੂੰਨਾ ਨੂੰ ਅਹੁਰਾ-ਮਾਜਦਾ ਦੇ ਆਦੇਸ਼ ਮੰਨ ਕੇ ਪਾਲਣਾ ਕੀਤੀ ਜਾਦੀ ਹੈ ਅਤੇ ਇਨ੍ਹਾਂ ਦੇ ਆਧਾਰ ਤੇ ਹੀ ਸਮਾਜਿਕ ਕਾਨੂੰਨ (ਜੋ ਕਿ ਪੰਚਾਇਤ ਵਰਗਾ ਇਕ ਪ੍ਰਬੰਧ ਮੰਨਿਆ ਜਾਦਾ ਹੈ) ਲਾਗੂ ਕੀਤੇ ਜਾਦੇ ਹਨ ਅਤੇ ਦੋਸੀ ਨੂੰ ਪਾਪ ਦਾ ਭਾਗੀ ਕਰਾਰ ਦਿੱਤਾ ਜਾਂਦਾ

7.4.3.2 ਵੈਨਦੀਦਾਦ ਵਿਚੋਂ ਕੁਝ ਨਮੂਨੇ

ਇਨ੍ਹਾਂ ਸ਼ਬਦਾ ਨਾਲ ਪਵਿਤਰ ਅਹੁਰਾ-ਮਾਜਦਾ ਨੇ ਪਵਿਤਰ ਜਰਤਸਤ ਨੂੰ ਪ੍ਰਸੰਨ ਕੀਤਾ ਤੇ ਕਿਹਾ, 'ਪਵਿਤਰਤਾ ਆਦਮੀ ਲਈ ਸਭ ਤੋਂ ਵੱਡੀ ਚੰਗਿਆਈ ਹੈ। ਹੇ ਜਰਤਸਤ ਇਹ ਪਵਿਤਰਤਾ ਉਸ ਪ੍ਰਾਣੀ ਲਈ ਮਾਜਦਾ ਦਾ ਧਰਮ ਹੈ ਜੋ ਆਪਣੇ ਨੇਕ ਵਿਚਾਰਾ, ਬਚਨਾ ਅਤੇ ਕਰਮਾ ਨਾਲ ਆਪਣੀ ਆਤਮਾ ਨੂੰ ਸਾਫ ਕਰਦਾ ਹੈ।"

'ਓ ਪਵਿਤਰ ਪੁਰਖਾ। ਤੇਰੀ ਬਾਣੀ ਹੋਰ ਬਾਣੀਆ ਨਾਲ ਕਿਵੇਂ ਚੰਗੀ ਤੇ ਉੱਤਮ ਹੈ ?'

ਅਹੂਰ-ਮਾਜ਼ਦਾ ਨੇ ਜਵਾਬ ਦਿੱਤਾ, 'ਜਿਵੇਂ ਵੋਰੂ ਕਾਸਾ (Vouru Kasha) ਸਮੁੰਦਰ ਹੋਰ ਸਭ ਪ੍ਰਕਾਰ ਦੇ ਹੜ੍ਹਾਂ ਨਾਲੋਂ ਵੱਡਾ ਹੈ ਉਸੇ ਪ੍ਰਕਾਰ ਨੇਕੀ, ਇਨਸਾਵ ਅਤੇ ਮਹਾਨਤਾ ਵਿਚ ਜ਼ਰਤੁਸਤੀ ਦਾ ਇਹ ਵਿਕਾਰ ਦੂਰ ਕਰਨ ਵਾਲਾ ਨਿਯਮ ਬਾਕੀ ਸਾਰਿਆ ਤੇ ਵੱਡਾ ਹੈ।'

'ਜਿਸ ਪ੍ਰਕਾਰ ਪਹਾੜੀ ਢਲਾਨ ਤੇ ਨਦੀ ਦੀ ਰੌਅ ਤੇਜ਼ ਹੋ ਜਾਂਦੀ ਹੈ, ਉਸੇ ਪ੍ਰਕਾਰ ਇਹ ਬਾਣੀ ਹੋਰ ਬਾਣੀਆਂ ਨਾਲੇ ਮਹਾਨਤਾ, ਅਛਾਈ ਅਤੇ ਇਨਸਾਫ਼ ਵਿਚ ਵੱਡੀ ਹੈ।'

'ਜਿਸ ਪ੍ਰਕਾਰ ਇਕ ਵੱਡਾ ਰੁੱਖ ਛੋਟੇ ਪੌਦਿਆਂ ਵਿਚ ਖੜ੍ਹਾ ਇਨ੍ਹਾਂ ਨੂੰ ਆਪਣੀ ਛਾਂ ਵਿਚ ਰੱਖਦਾ ਹੈ। ਉਸੇ ਪ੍ਰਕਾਰ ਜਰਤੁਸਤ ਦਾ ਇਹ ਨਿਯਮ ਮਹਾਨਤਾ, ਅਛਾਈ ਅਤੇ ਇਨਸਾਫ ਵਿਚ ਬਾਕੀ ਸਭ ਬਾਣੀਆ ਵਿਚੋਂ ਸਰਵੋਤਮ ਹੈ।'

'ਜਿਸ ਪ੍ਰਕਾਰ ਸਵਰਗ ਧਰਤ ਦੇ ਉਪਰ ਹੈ ਅਤੇ ਧਰਤੀ ਨੂੰ ਆਪਣੀ ਵਲਗਣ ਵਿਚ ਲਪੇਟੀ ਬੈਠਿਆ ਹੈ, ਉਸੇ ਪ੍ਰਕਾਰ ਜ਼ਰਤਸਤ ਦਾ ਇਹ ਨਿਯਮ ਹੋਰ ਸਭ ਨਿਯਮਾਂ ਦੇ ਉਪਰ ਹੈ ਅਤੇ ਸਰਬੋਤਮ ਹੈ।

ਰਾਤੂ (Ratu) ਨੂੰ ਇਹ ਅਧਿਕਾਰ ਹੈ ਕਿ ਉਹ ਇਕ ਤਿਹਾਈ ਸਜਾ ਮੁਆਫ ਕਰ ਦੇਵੇ। ਜੇਕਰ ਕਿਸੇ ਵਿਅਕਤੀ ਨੇ ਕੋਈ ਪਾਪ ਕਰਮ ਕੀਤਾ ਹੈ ਤਾਂ ਇਹ ਵੀ ਉਸਦੇ ਪਛਤਾਵੇ ਦੁਆਰਾ ਮੁਆਫ ਹੋ ਜਾਂਦਾ ਹੈ। ਜੇਕਰ ਉਸ ਨੇ ਕੋਈ ਹੋਰ ਪਾਪ ਕਰਮ ਨਾ ਕੀਤਾ ਹੋਵੇ ਤਾਂ ਇਸ ਪਛਤਾਵੇ ਦੁਆਰਾ ਉਹ ਹਮੇਸਾਂ ਲਈ ਪਾਪ ਤੋਂ ਮੁਕਤ ਹੋ ਜਾਂਦਾ ਹੈ।

'ਉਹ ਜੋ ਦੂਸਰੇ ਆਦਮੀ ਤੋਂ ਲਿਆ ਕਰਜਾ ਨਹੀਂ ਮੋੜਦਾ ਅਤੇ ਕਿਸੇ ਦੀ ਕੋਈ ਚੀਜ਼ ਚਰਾਉਂਦਾ ਹੈ ਜਾ ਕਿਸੇ ਵਿਅਕਤੀ ਨੂੰ ਲੁੱਟਦਾ ਹੈ ਇਹ ਚੋਰੀ ਉਹ ਹਰ ਦਿਨ, ਹਰ ਰਾਤ ਕਰਦਾ ਹੈ ਜਦੋਂ ਤੱਕ ਚੁਰਾਇਆ ਗਿਆ ਮਾਲ ਆਪਣਾ ਮੰਨ ਕੇ ਆਪਣੇ ਘਰ ਰੱਖੀ ਰੱਖਦਾ ਹੈ।"

'ਮੈਂ ਤੈਨੂੰ ਇਹ ਯਕੀਨਨ ਤੌਰ ਤੇ ਆਖਦਾ ਹਾਂ ੳ ਸਰਬੋਤਮ ਜ਼ਰਤੁਸਤਰਾ, ਕਿ ਵਿਆਹਿਆ ਆਦਮੀ ਬ੍ਰਹਮਚਾਰੀ ਆਦਮੀ ਤੋਂ ਕਿਤੇ ਵੱਧ ਚੰਗਾ ਹੈ ਅਤੇ ਉਹ ਆਦਮੀ ਜਿਸ ਦਾ ਆਪਣਾ ਘਰ ਹੈ ਬੇ-ਘਰੇ ਆਦਮੀ ਤੇ ਉੱਤਮ ਹੈ। ਸੰਤਾਨ ਵਾਲਾ ਆਦਮੀ, ਅੰਤ ਨਾਲ ਚੰਗਾ ਹੈ ਅਤੇ ਧਨੀ ਆਦਮੀ ਨਿਰਧਨ ਨਾਲ ਉੱਤਮ ਹੈ।'

ਦੋ ਆਦਮੀਆਂ ਵਿਚ, ਜਿਹੜਾ ਆਦਮੀ ਮਾਸ ਨਾਲ ਉਦਰ-ਪੂਰਤੀ ਕਰਦਾ ਹੈ ਅਤੇ ਬੰਗੇ ਵਿਚਾਰ ਰੱਖਦਾ ਹੈ, ਦੂਜੇ ਨਾਲ ਚੰਗਾ ਹੈ ਜਿਹੜਾ ਅਜਿਹਾ ਕੁਝ ਵੀ ਨਹੀਂ ਕਰਦਾ । ਪਹਿਲਾ ਆਦਮੀ ਇਨਸਾਨੀਅਤ ਪੰਜ ਦੂਸਰੇ ਆਦਮੀ ਤੇ ਉੱਤਮ ਹੈ।

ਇਹ ਆਦਮੀ ਮੌਤ ਦੀ ਸਥਾਪਤੀ ਦੇ ਵਿਰੁੱਧ ਸੰਘਰਮ ਕਰ ਸਕਦਾ ਹੈ। ਇਹ ਜਿਹਾ ਆਦਮੀ ਨੋਕੀਲੇ ਤੀਰ ਦੇ ਵਿਰੁੱਧ ਜਦੋ-ਜਹਿਦ ਕਰ ਸਕਦਾ ਹੈ। ਅਜਿਹਾ ਆਦਮੀ ਪਤਲੇ ਕੱਪੜਿਆ ਨਾਲ ਠੰਢ ਕੱਟ ਸਕਦਾ ਹੈ, ਦੁਸ਼ਟ ਦੁਸਮਨ ਨਾਲ ਲੜ ਸਕਦਾ ਹੈ ਅਤੇ ਉਸ ਦਾ ਸਿਰ ਵੱਢ ਸਕਦਾ ਹੈ।

7.5 ਖੋਰਦ ਅਵੇਸਤਾ

ਖੋਰਦ ਅਵੇਸਤਾ ਦਾ ਇਕ ਅੰਗ ਹੈ ਜਿਸ ਦਾ ਭਾਵ ਉਸਤਤੀ ਦੁਆਰਾ ਪੂਜਾ ਹੈ। ਇਸ ਵਿਚ ਦਿੱਤੀਆਂ ਗਈਆਂ ਅਰਦਾਸਾ ਆਦਿ ਪੁਜਾਰੀਆ ਦੁਆਰਾ ਤਾ ਵਰਤੀਆ ਜਾਂਦੀਆਂ ਹੀ ਹਨ ਇਹਨਾ ਨੂੰ ਸਧਾਰਨ ਪਾਰਸੀ ਵੀ ਆਪਣੇ ਨਿਤ-ਪ੍ਰੇਮ ਵਿਚ ਪੜ੍ਹਦੇ ਹਨ। ਇਸ ਪੁਸਤਕ ਵਿਚ ਅਰਦਾਸਾ ਤੇ ਉਸਤਤੀਆਂ ਮਿਲੀਆਂ ਜੁਲੀਆ ਕੁਝ ਨਵੀਆਂ ਹਨ ਅਤੇ ਕੁਝ ਪੁਰਾਤਨ ਹਨ। ਇਸ ਵਿਚ ਪ੍ਰਮੁੱਖ ਦੇਵਤੇ ਸਲ ਦੇਵਤਾ, ਅਰਦਵੀ-ਸੁਰਾ (Ardvi Sura), ਤਿਸਤਰਿਆ ਤਾਰਾ, ਅਜਤ ਮਿਥਰ, ਵਿਛੜੀਆਂ ਰੂਹਾਂ ਦੇ ਦੇਵਤੇ ਅਤੇ ਸ਼ਾਹੀ ਦੇਵਤਿਆਂ ਦੀ ਉਸਤਤੀ ਕੀਤੀ ਗਈ ਹੈ।

ਬਾਕੀ ਦੇ ਲਘੂ-ਗ੍ਰੰਥ ਗਾਥਾਵਾਂ, ਸਿਰੋਕਕਸ, ਅਫਰੀਨਿਯਾਨ ਆਦਿ ਵਿਸ਼ੇਸ਼ ਸਮਿਆ ਦੇ ਪ੍ਰਯੋਗ ਕੀਤੀਆਂ ਪ੍ਰਾਰਥਨਾਵਾਂ ਅਤੇ ਅਰਦਾਸਾਂ ਦੇ ਸੰਗ੍ਰਹਿ ਹਨ, ਜਿਨ੍ਹਾ ਨੂੰ ਵਿਸ਼ੇਸ਼ ਦੇਵਤਿਆ ਨੂੰ ਵਿਸ਼ੇਸ਼ ਪਦਾਰਥ ਅਰਪਣ ਕਰਨ ਸਮੇਂ ਜਾ ਵਿਸ਼ੇਸ਼ ਤੱਤਾ ਦੇ ਦੇਵਤਿਆ ਤੋਂ ਉਨ੍ਹਾਂ ਤੱਤਾਂ ਦੇ ਵਿਕਾਸ, ਖੁਸਹਾਲੀ ਆਦਿ ਲਈ ਪ੍ਰਾਰਥਨਾ ਸਮੇਂ ਪੜ੍ਹੇ ਜਾਂਦੇ ਹਨ।

ਇਹਨਾਂ ਧਰਮ-ਗ੍ਰੰਥਾਂ ਵਿਚ ਦਿੱਤੇ ਸਿਧਾਤਾਂ ਅਤੇ ਵਰਨਨ ਕੀਤੀਆਂ ਗਈਆਂ ਗਾਥਾਵਾਂ ਅਤੇ ਮਿਥਿਹਾਸਕ ਤੱਥਾ ਦੇ ਆਧਾਰ ਤੇ ਜ਼ਰਤੁਸੀ ਧਰਮ, ਪੁਰਾਤਨ ਹੋਣ ਦੇ ਬਾਵਜੂਦ ਸੰਸਾਰ ਦਾ ਬਹੁਤ ਮਹੱਤਵਪੂਰਨ ਕਰਮ ਧਰਮ ਹੈ।

7.6

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਪਾਰਸੀਆਂ ਦੇ ਧਰਮ ਗ੍ਰੰਥ ਜੇਂਦ ਅਵੇਸਤਾ ਬਹੁਤ ਪੁਰਾਤਨ ਗ੍ਰੰਥ ਹੈ। ਇਸਦੀ ਭਾਸ਼ਾ ਸੰਸਕ੍ਰਿਤ ਨਾਲ ਮਿਲਦੀ ਜੁਲਦੀ ਹੈ। ਇਸ ਧਰਮ ਗ੍ਰੰਥ ਵਿਚਲੇ ਵਿਚਾਰ ਅਤੇ ਵੈਦਿਕ ਮਤ ਵਿਚ ਕਾਫੀ ਸਮਾਨਤਾ ਪਾਈ ਜਾਂਦੀ ਹੈ ਪਰ ਫਿਰ ਵੀ ਇਹ ਮਤ ਸਾਦਗੀ ਨਾਲ ਭਰਪੂਰ ਹੈ।

7.7 ਪੜ੍ਹਣਯੋਗ ਪੁਸਤਕਾਂ


- ਸਰਬਜਿੰਦਰ ਸਿੰਘ (ਡਾ.), *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ,* ਭਾਗ ਪਹਿਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
- ਸਰਬਜਿੰਦਰ ਸਿੰਘ (ਡਾ.), *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ,* ਭਾਗ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
- ਪ੍ਰਤਾਪ ਸਿੰਘ (ਗਿਆਨੀ), *ਸੰਸਾਰ ਦਾ ਧਾਰਮਿਕ ਇਤਿਹਾਸ,* ਜਵਾਹਰ ਸਿੰਘ ਕ੍ਰਿਪਾਲ ਸਿੰਘ, ਖਾਲਸਾ ਬ੍ਰਦਰਜ਼, ਅੰਮ੍ਰਿਤਸਰ, 1976
- Bhagat Singh Hira, Semitic Religious Thought and Sikhism, National Book Shop, Delhi, 1992
- Gurbachan Singh Talib, An Advanced Book of Religious Studies, Punjabi University Patiala, 1974
- Prof. Ervad maneck furdoonji kanga m.a., Khordeh avestā, transliterated and translated, The Trustees of the Parsi Panchayat Funds and Properties, Bombay, 2014
- John W. Waterhouse, Zoroastrianism, The Book Tree, San Diego, 2006
- Rulia Ram Kashyap, The Vedic Origins of Zoroastrianism, Lahore 1940
- Shapurji Kavasji Hodivala, Parsis of Ancient India, Bombay, 1920
- L. H. Mills, (Translated), VESTA: YASNA: Sacred Liturgy and Gathas/Hymns of Zarathushtra, (from Sacred Books of the East, American Edition, 1898), Digital edition prepared by Joseph H. Peterson. Last updated Oct 10, 2021.
- Prof. Ervad Maneck Furdoonji Kanga, MA, Transliterated and Translated, YASHT - BA - MAĀNI, The Trustees of the Parsi Punchayat Funds and Properties, Bombay, 2001.

## 7.9 ਅਭਿਆਸ ਲਈ ਪ੍ਰਸ਼ਨ

### ਵੱਡੇ ਪ੍ਰਸ਼ਨ

1. ਪਾਰਸੀ ਗ੍ਰੰਥਾਂ ਬਾਰੇ ਵਿਚਾਰ ਕਰੋ।

**2.** ਪਾਰਸੀ ਧਰਮ ਗ੍ਰੰਥ ਜੇਂਦ ਅਵੇਸਤਾ ਬਾਰੇ ਤੁਸੀਂ ਕੀ ਜਾਣਦੇ ਹੋ?

### ਛੋਟੇ ਪ੍ਰਸ਼ਨ

1. ਯਾਸਨਾ ਕੀ ਹੈ?
2. ਵਿਸਪਰਦ ਉੱਤੇ ਨੋਟ ਲਿਖੋ।
3. ਵੈਨਦੀਦਾਦ ਤੋਂ ਤੁਸੀਂ ਕੀ ਸਮਝਦੇ ਹੋ?
4. ਖੋਰਦ ਅਵੇਸਤਾ ਤੋਂ ਕੀ ਭਾਵ ਹੈ?

# ਯੂਨਿਟ-8 ਪੁਰਾਣਾ ਅਹਿਦਨਾਮਾ ਤੋਰਾਹ, ਨਬੀਮ ਅਤੇ ਕੈਥੂਬੀਮ


8.0 ਉਦੇਸ਼

8.1 ਜਾਣ-ਪਛਾਣ

8.2 ਯਹੂਦੀ ਧਰਮ ਦੇ ਧਾਰਮਿਕ ਗ੍ਰੰਥ

8.3 ਤੌਰਾ

8.4 ਨਬੀਮ

8.4.1 ਉੱਤਰ ਕਾਲੀਨ ਨਬੀ

8.5 ਕੈਥੂਬੀਮ

8.6 ਯਹੂਦੀ ਧਰਮ ਦੇ ਪ੍ਰਮੁੱਖ ਸਿਧਾਂਤ

8.6.1 ਪਰਮੇਸ਼ਰ

8.6.2 ਇਸਰਾਈਲ ਇਕ ਚੁਣੀ ਹੋਈ ਜਾਤੀ

8.6.3 ਅਹਿਦ

8.6.3.1 ਅਦਨ ਦਾ ਅਹਿਦ

8.6.3.2 ਆਦਮ ਦਾ ਅਹਿਦੀ

8.6.3.3 ਨੂਰ ਦਾ ਅਹਿਦ

8.6.3.4 ਅਬਰਾਹਮ ਦਾ ਅਹਿਦ

8.6.3.5 ਮੂਸਾ ਦਾ ਅਹਿਦ

8.6.3.6 ਫਲਿਸਤੀਨ ਦਾ ਅਹਿਦ

8.6.3.7 ਦਾਊਦਾ ਦਾ ਅਹਿਦ

8.6.4 ਨੈਤਿਕਤਾ

8.7 ਸਾਰ

8.8 ਪੜ੍ਹਣਯੋਗ ਪੁਸਤਕਾਂ

8.9 ਅਭਿਆਸ ਲਈ ਪ੍ਰਸ਼ਨ

8.0 ਉਦੇਸ਼- ਹੱਥਲੀ ਯੂਨਿਟ ਦਾ ਉਦੇਸ਼ ਸੰਸਾਰ ਦੇ ਪੁਰਾਤਨ ਧਰਮ ਯਹੂਦੀ ਧਰਮ ਦੇ ਧਰਮ ਗ੍ਰੰਥ ਬਾਰੇ ਜਾਣਕਾਰੀ ਮੁਹੱਈਆ ਕਰਵਾਉਣਾ ਹੈ। ਜਿਸ ਨੂੰ ਕਿ ਪੁਰਾਣਆ ਅਹਿਦਨਾਮਾ ਵੀ ਕਿਹਾ ਜਾਂਦਾ ਹੈ।

8.1 ਜਾਣ-ਪਛਾਣ- ਯਹੂਦੀ ਧਰਮ ਸੰਸਾਰ ਦਾ ਬਹੁਤ ਪੁਰਾਣਾ ਧਰਮ ਹੈ। ਈਸਾਈ ਅਤੇ ਇਸਲਾਮ ਧਰਮ ਯਹੂਦੀ ਧਾਰਮਿਕ ਪਰੰਪਰਾ ਵਿਚੋਂ ਹੀ ਪੈਦਾ ਹੋਏ ਹਨ। ਬਾਈਬਲ ਯਹੂਦੀ ਧਰਮ ਦਾ ਪਵਿੱਤਰ ਪੁਸਤਕ ਮੰਨੀ ਜਾਂਦੀ ਹੈ, ਇਸ ਨੂੰ ਪੁਰਾਣਾ ਅਹਿਦਨਾਮਾ (Old Testament) ਕਿਹਾ ਜਾਂਦਾ ਹੈ। ਓਲਡ ਟੈਸਟਾਮੈਂਟ ਦੀ ਮੂਲ ਭਾਸ਼ਾ ਹਿਬਰੂ ਹੈ। ਮਸੇਜ਼ (ਮੂਸਾ) ਸਾਹਿਬ ਯਹੂਦੀ ਪੈਗ਼ੰਬਰਾਂ ਵਿਚੋਂ ਸਭ ਤੋਂ ਮੁੱਢਲੇ ਪੈਗ਼ੰਬਰ ਹਨ। ਓਲਡ ਟੈਸਟਾਮੈਂਟ ਵਿੱਚ ਇਨ੍ਹਾਂ ਨੇ ਜੈਨਸਿਸ ਇਕਸੋਡਸ, ਸਾਮਜ਼ ਅਤੇ ਪ੍ਰੋਵਰਬਜ਼ ਨਾਮੀ ਗ੍ਰੰਥਾਂ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ :-

(1) ਜੈਨੇਸਿਸ (Genesis) :- ਇਹ ਓਲਡ ਟੈਸਟਾਮੈਂਟ ਦੀ ਪਹਿਲੀ ਪੁਸਤਕ ਹੈ। ਜਿਸ ਦੀ ਭਾਸ਼ਾ ਹਿਬਰੂ ਹੈ। ਜੈਨਸਿਸ ਦਾ ਅਰਥ ਹੈ - ਸ੍ਰਿਸ਼ਟੀ। ਇਸ ਪੁਸਤਕ ਵਿੱਚ ਈਸ਼ਵ ਦੀ ਰਚੀ ਸ੍ਰਿਸ਼ਟੀ ਦਾ ਵਰਣਨ ਇਸ ਤਰ੍ਹਾਂ ਹੈ :- "ਪਰਮਾਤਮਾ ਨੇ ਸਭ ਤੋਂ ਪਹਿਲਾਂ ਸ੍ਰਿਸ਼ਟੀ ਦਾ ਸਾਜਨਾ ਕੀਤੀ ਭਾਵ ਆਰੰਭ ਵਿੱਚ ਧਰਤੀ ਅਤੇ ਆਕਾਸ਼ ਪੈਦਾ ਕੀਤੇ। ਓਲਡ ਟੈਸਟਾਮੈਂਟ ਵਿੱਚ ਜੈਨੇਸਿਸ ਨਾਮੀ ਗ੍ਰੰਥ ਅਨੁਸਾਰ ਪਰਮਾਤਮਾ ਨੇ ਇਹ ਇੱਛਾ ਪ੍ਰਗਟ ਕੀਤੀ ਕਿ ਆਪਣ ਸਰੂਪ ਅਨੁਸਾਰ ਮਨੁੱਖ ਨੂੰ ਹੋਂਦ ਵਿੱਚ ਲਿਆਵੇ। ਫਿਰ ਉਸ ਨੇ ਇਹ ਇੱਛਾ ਵੀ ਪ੍ਰਗਟ ਕੀਤਾ ਕਿ ਉਸ ਮਨੁੱਖ ਦੀ ਸਾਰੇ ਜੀਵ-ਜੰਤੂਆਂ, ਭਾਵ ਸਮੁੰਦਰ ਵਿੱਚ ਰਹਿਣ ਵਾਲੇ ਜੀਵ ਜੰਤੂ, ਹਵ ਵਿਚ ਉਡਣ ਵਾਲੇ ਪੰਛੀ, ਧਰਤੀ 'ਤੇ ਰੈਂਗਣ ਵਾਲੇ ਜੀਵ ਜੰਤੂ ਤੇ ਜਾਨਵਰ ਉੱਪਰ ਸਰਦਾਰ ਕਾਇਮ ਰਹੇ। ਇਸ ਦੇ ਕਾਰਣ ਪਰਮਾਤਮਾ ਨੇ ਮਨੁੱਖ ਆਪਣੀ ਦੇਹ ਅਨੁਸਾਰ ਬਣਾਇਆ। ਮਰਦ ਤੇ ਇਸਤਰੀ ਦੋਹਾਂ ਨੂੰ ਆਪਣੇ ਵਰਗਾ ਹੀ ਸਾਜਿਆ।"

(2) ਇਕਸੋਡਸ (Exodus) :- ਇਹ ਓਲਡ ਟੈਸਟਾਮੈਂਟ ਦੀ ਦੂਜੀ ਪੁਸਤਕ ਹੈ, ਜਿਸ ਦੀ ਭਾਸ਼ਾ ਵੀ ਹਿਬਰੂ ਹੈ। ਇਸ ਪੁਸਤਕ ਵਿੱਚ ਦਸ ਆਦੇਸ਼ ਦਰਜ ਹਨ ਜਿਹੜੇ ਕਿ ਯਹੂਦੀ ਤੇ ਈਸਾਈ ਲੋਕਾਂ ਲਈ ਜ਼ਰੂਰੀ ਹਨ। ਇਨ੍ਹਾਂ ਦਾ ਵਰਣਨ ਇਸ ਤਰ੍ਹਾਂ ਹੈ :-

- ਮਨੁੱਖ ਦਾ ਸੁਆਮੀ ਪਰਮਾਤਮਾ ਹੈ, ਜਿਸ ਨੇ ਉਨ੍ਹਾਂ ਨੂੰ ਬੰਧਨ ਦੇ ਘਰੋਂ ਮੁਕਤ ਕਰਵਾ ਕੇ ਮਿਸਰ ਦੀ ਧਰਤੀ 'ਤੇ ਜਨਮ ਦਿੱਤਾ।
- ਪਰਮਾਤਮਾ ਦੀ ਉਪਾਸਨਾ ਕੀਤੀ ਜਾਵੇ, ਪਰਮਾਤਮਾ ਦੇ ਟਾਕਰੇ ਵਿੱਚ ਕਿਸੇ ਵੀ ਦੇਵ ਵੀਜਾਂ ਬੁੱਤ ਨੂੰ ਨਹੀਂ ਮੰਨੇਗੇ।
- ਪਰਮਾਤਮਾ ਜੋ ਮਨੁੱਖ ਦਾ ਮਾਲਕ ਹੈ ਉਹ ਸਭ ਕੁਝ ਜਾਣੀ-ਜਾਣ ਹੈ, ਉਹ ਮਨ ਦੁਆਰਾ ਕੀਤੇ ਨਿਆ ਜਾ ਜੋ ਉਸ ਨੂੰ ਘਿਣਾ ਕਰਦੇ ਹਨ, ਉਹਨਾਂ ਦਾ ਬਦਲਾ ਤੀਜੀ ਜਾਂ ਚੌਥੀ ਪੀੜ੍ਹੀ ਵਿਚ ਚੁਕਾ ਦਿੰਦਾ ਹੈ।
- ਪਰਮਾਤਮਾ ਉਹਨਾਂ ਨੂੰ ਸਦਾ ਲਈ ਪਿਆਰ ਦਿੰਦਾ ਹੈ ਜੇ ਉਸ ਦੀ ਰਜਾ ਵਿਚ ਰਹਿੰਦੇ ਹਨ ਜੋ ਉਸ ਨੂੰ ਪ੍ਰੇਮ ਕਰਦੇ ਹਨ।

- ਤੁਹਾਨੂੰ ਆਪਣੇ ਪ੍ਰਭੂ ਦਾ ਨਾਂ ਬਿਨਾ ਮਤਲਬ ਨਹੀਂ ਲੈਣਾ ਚਾਹੀਦਾ। ਪਰਮਾਤਮਾ ਉਸ ਮਨੁੱਖ ਨੂੰ ਬੇਕਸੂਰ ਨਹੀਂ ਸਮਝੇਗਾ ਜਿਹੜੇ ਉਸ ਦਾ ਨਾ ਬਿਨਾ ਲੋੜ ਦੇ ਲੈਂਦੇ ਹਨ।
- ਸਬਾਤ ਦਾ ਦਿਨ ਯਾਦ ਰੱਖੋ ਤੇ ਇਸ ਦੀ ਪਵਿੱਤਰਤਾ ਨੂੰ ਕਾਇਮ ਰੱਖੋ।
- ਆਪਣੇ ਮਾਤਾ-ਪਿਤਾ ਦਾ ਸਤਿਕਾਰ ਕਰੋ। ਉਹਨਾਂ ਦੀ ਆਗਿਆ ਦਾ ਪਾਲਣ ਕਰੋ।
- ਕਿਸੇ ਨੂੰ ਜਾਨੋ ਮਾਰਨਾ, ਵਿਭਚਾਰ ਕਰਨਾ, ਚੋਰੀ ਕਰਨਾ, ਪਰਮਾਤਮਾ ਦੇ ਅਸੂਲਾਂ ਤੇ ਉਲਟ ਹੈ। ਕਿਸੇ ਵਿਰੁੱਧ ਝੂਠੀ ਗਵਾਹੀ ਦੇਣਾ, ਗਵਾਢੀ ਦੇ ਘਰ ਮਾਲ ਨੂੰ ਲਾਲਚ ਦੀ ਦ੍ਰਿਸ਼ਟੀ ਨਾਲ ਵੇਖਣਾ, ਗਵਾਢੀ ਦੀ ਇਸਤਰੀ ਵੱਲ ਮੈਲੀ ਅੱਖ ਨਾਲ ਵੇਖਣਾ ਸਭ ਪਾਪ ਹੈ। ਪਰਮਾਤਮਾ ਦਾ ਕਾਨੂੰਨ ਬੜਾ ਪੂਰਨ ਤੇ ਮੁਕੰਮਲ ਹੈ, ਉਹ ਆਤਮਾ ਨੂੰ ਸੁਰਜੀਤ ਕਰਦਾ ਹੈ।
- ਜੇ ਪਰਮਾਤਮਾ ਦੀ ਰਜ਼ਾ ਵਿੱਚ ਚਲਦਾ ਹੈ ਉਹ ਮੂਰਖਾਂ ਨੂੰ ਵੀ ਅਕਲਮੰਦ ਬਣਾ ਦਿੰਦਾ ਹੈ।

(3) ਸਾਮਜ਼ (Salms) :- ਓਲਡ ਟੈਸਟਾਮੈਂਟ ਦੀ ਸਾਮਜ ਪੁਸਤਕ ਵਿੱਚ ਪਰਮਾਤਮਾ ਦੀ ਸ਼ਾਨ ਵਿੱਚ ਧਾਰਮਿਕ ਭਾਵਨਾ ਨਾਲ ਭਰਪੂਰ ਗੀਤਾ ਦਾ ਸੰਗ੍ਰਹਿ ਹੈ। ਇਸ ਪੁਸਤਕ ਵਿਚ ਪ੍ਰਭੂ ਦੀ ਸਿਫਤ, ਸੱਚਿਆਰਾ ਪੁਰਸ਼ ਬਣਨ ਦੀ ਸਿੱਖਿਆ ਦਿੱਤੀ ਗਈ ਹੈ।

ਪਰਮਾਤਮਾ ਦਾ ਹੁਕਮ (Attribute of God):- ਇਸ ਟੈਸਟਾਮੈਂਟ ਵਿਚ ਪਰਮਾਤਮਾ ਦੀ ਸਿਫਤ ਇਸ ਤਰ੍ਹਾਂ ਕੀਤੀ ਗਈ ਹੈ ਕਿ ਪਰਮਾਤਮਾ ਦੇ ਉਪਦੇਸ਼ ਸਹੀ ਹਨ। ਇਹ ਮਨੁੱਖ ਦੇ ਮਨ ਵਿੱਚ ਖੁਸ਼ੀ ਪੈਦਾ ਕਰਦੇ ਹਨ। ਪ੍ਰਭੂ ਦਾ ਹੁਕਮ ਪਵਿੱਤਰ ਹੈ ਜਿਸ ਨਾਲ ਮਨੁੱਖ ਨੂੰ ਗਿਆਨ ਦਾ ਚਾਣਨ ਹੁੰਦਾ ਹੈ। ਪਰਮਾਤਮਾ ਤੋਂ ਡਰਨਾ ਚਾਹੀਦਾ ਹੈ ਉਹ ਸਦਾ ਆਪਣੇ ਅਸੂਲਾਂ 'ਤੇ ਕਾਇਮ ਹੈ। ਪਰਮਾਤਮਾ ਦਾ ਹੁਕਮ ਸੱਚ ਸੋਨੇ ਤੋਂ ਵੀ ਕੀਮਤੀ ਅਤੇ ਸ਼ਹਿਦ ਤੋਂ ਵੀ ਮਿੱਠਾ ਹੈ। ਮਨੁੱਖ ਨੂੰ ਇਸ ਦੀ ਪਾਲਣਾ ਕਰਨੀ ਚਾਹੀਦੀ ਹੈ।

ਸੱਚਿਆਰਾ ਪੁਰਸ (Truthful Man) ਮਨੁੱਖ ਨੂੰ ਪਰਮਾਤਮਾ ਦੀ ਉਸਤਤ ਕਰਨੀ ਚਾਹੀਦੀ ਹੈ। ਜੋ ਮਨੁੱਖ ਰੱਬ ਦੀ ਰਜ਼ਾ ਵਿਚ ਰਹਿੰਦੇ ਹਨ ਅਤੇ ਉਸ ਤੋਂ ਡਰਦੇ ਹਨ, ਉਹ ਸੁੱਖ ਮਹਿਸੂਸ ਕਰਦੇ ਹਨ। ਅਜਿਹਾ ਸਚਿਆਰਾ ਪੁਰਸ਼ ਹੀ ਕਰ ਸਕਦਾ ਹੈ। ਪ੍ਰਭੂ ਦੀ ਕ੍ਰਿਪਾ ਨਾਲ ਸਚਿਆਰੇ ਪੁਰਸ਼ ਦੀ ਸੱਚਾਈ ਅਤੇ ਧਨ ਦੋਲਤ ਕਾਇਮ ਰਹਿੰਦੇ ਹਨ ਅਤੇ ਉਸ ਦੇ ਰਸਤੇ ਵਿੱਚ ਹਮੇਸ਼ਾ ਚਾਨਣ ਹੀ ਹੁੰਦਾ ਹੈ।

ਸਿੱਖਿਆ (Teaching) - ਮਨੁੱਖ ਨੂੰ ਆਪਣੇ ਤੋਂ ਸਿਆਣਿਆਂ ਦੀ ਸਿੱਖਿਆ ਗ੍ਰਹਿਣ ਕਰਨੀ ਚਾਹੀਦੀ ਹੈ। ਹਰ ਸਮੇਂ ਮਨੁੱਖ ਦੇ ਮਨ ਵਿੱਚ ਪ੍ਰਭੂ ਦਾ ਡਰ ਹੋਣਾ ਚਾਹੀਦਾ ਹੈ. ਪਰ ਮੂਰਖ ਲੋਕ ਸਿਆਣਪ ਤੇ ਸਿੱਖਿਆ ਤੋਂ ਘ੍ਰਿਣਾ ਕਰਦੇ ਹਨ।

(4) ਪ੍ਰੋਵਰਬਜ਼ (Proverbs) :- ਇਸ ਪੁਸਤਕ ਵਿੱਚ ਸ਼ਾਮਿਲ ਧਾਰਮਿਕ ਕਹਾਵਤਾਂ ਵੀ ਯਹੂਦੀ ਬਾਈਬਲ ਦਾ ਭਾਗ ਹਨ। ਇਨ੍ਹਾਂ ਦੇ ਵਿਸ਼ੇ ਤੋਂ ਵਿਵਹਾਰਕ ਤੇ ਨੈਤਿਕ ਸਿੱਖਿਆ ਮਿਲਦੀ ਹੈ।

ਸਿੱਖਿਆ (Teaching) :- ਇਸ ਵਿੱਚ ਕਿਹਾ ਗਿਆ ਹੈ ਕਿ ਪੁੱਤਰ ਆਪਣੇ ਮਾਤਾ-ਪਿਤਾ ਦੀ ਸਿੱਖਿਆ ਧਿਆਨ ਨਾਲ ਸੁਣ ਕੇ ਉਸ 'ਤੇ ਅਮਲ ਕਰੋ। ਅਜਿਹੀ ਸਿੱਖਿਆ. ਮਨੁੱਖ ਦੇ ਸਿਰ ਦਾ ਸਿਹਰਾ ਅਤੇ ਗਲ ਦੀ ਕੋਠੀ ਬਣਦੀ ਹੈ।

ਵਰਜਿਤ ਕਰਮ (Prohibited Aclions) :- ਪਰਮਾਤਮਾ ਸੱਤ ਚੀਜ਼ਾਂ ਤੋਂ ਬੜੀ ਘ੍ਰਿਣਾ ਕਰਦਾ ਹੈ ਅਤੇ ਮਨੁੱਖ ਨੂੰ ਵੀ ਇਹੀ ਕਹਿੰਦਾ ਹੈ ਕਿ ਇਹਨਾਂ ਨਾਮੁਰਾਦ ਚੀਜ਼ਾਂ ਤੋਂ ਬਚੋ। ਹੰਕਾਰ ਭਰੀਆਂ ਅੱਖਾਂ, ਝੂਠ ਬੋਲਣ ਵਾਲੀ ਜ਼ੁਬਾਨ, ਬੇਗੁਨਾਹਾਂ ਦਾ ਖ਼ੂਨ ਡੋਲ੍ਹਣ ਵਾਲੇ ਹੱਥ, ਦੂਜਿਆਂ ਲਈ ਭੇੜੀਆਂ ਵਿਉਂਤਾਂ ਸੋਚਣ ਵਾਲਾ ਹਿਰਦਾ, ਬੁਰਾਈ ਵੱਲ ਤੇਜ਼ੀ ਨਾਲ ਵੱਧਣ ਵਾਲੇ ਕਦਮ, ਝੂਠਾ ਗਵਾਹ ਜਿਹੜਾ ਲਗਾਤਾਰ ਕੂੜ ਬੋਲਦਾ ਹੈ ਤੇ ਉਹ ਪੁਰਸ਼ ਜਿਹੜਾ ਭਰਾਵਾਂ ਵਿੱਚ ਖਾਰ ਪਾਉਂਦਾ ਹੈ। ਪਰਮਾਤਮਾ ਮਨੁੱਖ ਨੂੰ ਇਨ੍ਹਾਂ ਨਾਮੁਰਾਦ ਚੀਜ਼ਾਂ ਦੀ ਮਨਾਹੀ ਕਰਦਾ ਹੈ।

ਮਿਹਨਤ ਦਾ ਮਹੱਤਵ (Significance of Hardwork) :- ਮਨੁੱਖ ਨੂੰ ਹੱਕ ਦਾ ਖਾਣਾ ਚਾਹੀਦਾ ਹੈ, ਉਸ ਨੂੰ ਮਿਹਨਤ ਕਰਕੇ ਖਾਣਾ ਚਾਹੀਦਾ ਹੈ ਜੋ ਮਨੁੱਖ ਕਿਰਤ ਕਰਕੇ ਖਾਦਾ ਹੈ, ਭਾਵੇਂ ਉਹ ਘੱਟ ਹੀ ਕਿਉਂ ਨਾ ਖਾਦਾ ਹੋਵੇ ਉਹ ਉਸ ਨਾਲੋਂ ਬਹੁਤ ਚੰਗਾ ਹੈ ਜੋ ਲੋਕਾਂ ਦੀ ਕਿਰਤ ਨੂੰ ਲੁੱਟ ਕੇ ਮੌਜਾ ਮਾਣਦੇ ਹਨ।

ਵਿਦਵਾਨਾਂ ਦੀ ਨਜ਼ਰ ਵਿਚ (Scholars Opinion) :- ਸ੍ਰੀ ਐਲ. ਐਮ. ਜੋਸ਼ੀ ਅਤੇ ਜੋਧ ਸਿੰਘ ਅਨੁਸਾਰ, ਇਹ ਸੰਸਾਰ ਦਾ ਬਹੁਤ ਪੁਰਾਣਾ ਧਰਮ ਹੈ। ਈਸਾਈ ਤੇ ਇਸਲਾਮ ਧਰਮ ਯਹੂਦੀ ਧਾਰਮਿਕ ਪਰੰਪਰਾ ਵਿਚੋਂ ਹੀ ਉਗਮੇ ਹੋਏ ਹਨ। ਯਹੂਦੀ ਧਰਮ ਦੀ ਪਵਿੱਤਰ ਪੁਸਤਕ ਬਾਈਬਲ ਮੰਨੀ ਜਾਂਦੀ ਹੈ। ਇਸ ਨੂੰ ਓਲਡ ਟੈਸਟਾਮੈਂਟ (Old Testament) ਵੀ ਕਹਿੰਦੇ ਹਨ। ਬਾਈਬਲ ਜਾਂ ਓਲਡ ਟੈਸਟਾਮੈਂਟ ਅਨੇਕ ਗ੍ਰੰਥਾ ਦੇ ਸੰਗ੍ਰਹਿ ਦਾ ਨਾਂ ਹੈ। ਇਸ ਵਿੱਚ ਸਭ ਤੋਂ ਪੁਰਾਣੇ ਗ੍ਰੰਥ ਮੋਜੇਜ ਹਜ਼ਰਤ ਮੂਸਾ) ਦੇ ਪੰਜ ਗ੍ਰੰਥ ਜੈਨੇਸਿਸ (Genesis), ਇਕਸੋਡਸ (Exodus), Levitics), (Numbers), (Deuteronomy) ਹਨ। ਯਹੂਦੀ ਧਰਮ ਗ੍ਰੰਥਾਂ ਦੀ ਮੂਲ ਭਾਸ਼ਾ ਹਿਬਰੂ ਹੈ। ਇਸ ਗ੍ਰੰਥ ਵਿਚ ਅਸੀਂ ਕੇਵਲ ਜੈਨਸਿਸ, ਇਕਸੋਡਸ ਦੇ ਕੁਝ ਸਾਮਜ਼ (Psalms) ਗਾਨ ਤੇ ਪ੍ਰੋਵਰਬਜ਼ (Proverbs) ਨਾਮੀ ਗ੍ਰੰਥ ਤੋਂ ਕੁਝ ਹਿੱਸੇ ਲਏ ਹਨ। ਮੇਸੇਜ (ਮੂਸਾ) ਸਾਹਿਬ ਯਹੂਦੀ ਪੈਗ਼ੰਬਰਾਂ ਵਿੱਚ ਸਭ ਤੋਂ ਮੁੱਢਲੇ ਪੈਗ਼ੰਬਰ ਹਨ।

8.2 ਯਹੂਦੀ ਧਰਮ ਦੇ ਧਾਰਮਿਕ ਗ੍ਰੰਥ

ਯਹੂਦੀਆਂ ਦਾ ਧਰਮ ਤਿੰਨ ਪੋਥੀਆ ਵਿਚ ਮਿਲਦਾ ਹੈ ਜਾਂ ਇਵੇਂ ਸਮਝਿਆ ਜਾ ਸਕਦਾ ਹੈ ਕਿ ਯਹੂਦੀਆਂ ਦੇ ਤਿੰਨ ਗ੍ਰੰਥ ਹਨ, ਜਿਨ੍ਹਾਂ ਦੇ ਯਹੂਦੀ ਨਾ ਇਸ ਤਰ੍ਹਾ ਹਨ

(1) ਤੌਰਾ (Tohra)

(2) ਨਬੀਮ (Nabim)

(3) ਕੈਥੂਬੀਮ (Kethubim)

ਈਸਾਈ ਲੋਕ ਇਹਨਾ ਤਿੰਨਾ ਗ੍ਰੰਥਾ ਦੇ ਸੰਕਲਪ ਨੂੰ ਪੁਰਾਣਾ ਨੇਮ (Old Testament ਦੇ ਨਾਂ ਨਾਲ ਜਾਣਦੇ ਹਨ ਅਤੇ ਇਹਨਾ ਨੂੰ ਆਪਣੀ ਬਾਈਬਲ (Bible) ਦਾ ਪਹਿਲਾ ਭਾਗ ਮੰਨਦੇ ਹਨ । ਈਸਾਈ ਪਰਿਭਾਸ਼ਾ ਵਿਚ ਇਹਨਾਂ ਤਿੰਨਾ ਗ੍ਰੰਥਾ ਦਾ ਨਾ (1) ਕਾਨੂੰਨ (The Law), (2) ਨਬੀ (The Prophet)ਅਤੇ (੩) ਲੇਖ (the Writings) ਹੈ। ਇਹਨਾਂ ਤਿੰਨਾਂ ਯਹੂਦੀ ਗ੍ਰੰਥਾਂ ਵਿਚ 24 ਪੁਸਤਕਾਂ ਹਨ, ਜੋ ਪੁਰਾਣੇ ਨੇਮ (Old Testament) ਵਿਚ 39 ਪੁਸਤਕਾਂ ਦੇ ਰੂਪ ਵਿਚ ਹਨ। ਯਹੂਦੀ ਆਪਣੇ ਗ੍ਰੰਥਾ ਨੂੰ ਪੁਰਾਣਾ ਨੇਮ ਨਹੀਂ ਕਹਿੰਦੇ।

8.3 ਤੌਰਾ (Tohra)

ਤੌਰਾ ਦਾ ਸ਼ਾਬਦਿਕ ਅਰਥ ਸਿੱਖਿਆਵਾ ਜਾ ਹਦਾਇਤਾ ਹੈ। ਇਸ ਗ੍ਰੰਥ ਵਿਚ ਪੰਜ ਪੁਸਤਕਾਂ ਹਨ ਉਤਪਤੀ (Gehesis), ਕੂਚ (Exodus), ਲੇਵੀਆ (Leviticus),ਗਿਣਤੀ(Number) ਅਤੇ ਵਿਵਸਾਥਾ ਸਾਰ (Deuternomy)। ਉਤਪੱਤੀ ਦੀ ਪੁਸਤਕ ਵਿਚ ਸ੍ਰਿਸਟੀ ਤੇ ਮਨੁੱਖ ਦੀ ਉਤਪਤੀ ਦਾ ਵਰਨਨ ਹੈ। ਇਨ੍ਹਾਂ ਵਿਚ ਯਹੂਦੀਆਂ ਦੇ ਵੱਡੇ ਵਡੇਰਿਆ, ਅਬਰਾਹਮ, ਇਸਹਾਕ ਅਤੇ ਯਕੂਬ ਦੀਆ ਜੀਵਨੀਆ ਅਤੇ ਯਹੂਦੀਆ ਦੇ ਇਤਿਹਾਸ ਦੇ ਆਰੰਭ ਦਾ ਪਤਾ ਲੱਗਦਾ ਹੈ । 'ਕੂਚ' ਨਾਮਕ ਪੁਸਤਕ ਵਿਚ ਇਸਰਾਈਲ ਜਾਤੀ ਦਾ ਮਿਸਰ ਦੀ ਗੁਲਾਮੀ ਤੋਂ ਛੁਡਾਏ ਜਾਣ ਦਾ ਵਰਨਨ ਹੈ। ਮੂਸਾ ਦੀ ਜੀਵਨੀ, ਪਰਮੇਸਵਰ ਦੇ ਅਹਿਦ ਅਤੇ ਦਸ ਹੁਕਮਾਂ ਦਾ ਉਲੇਖ ਹੈ। 'ਲੇਵੀਆ' ਵਿਚ ਯਹੂਦੀਆ ਦੇ ਧਾਰਮਿਕ ਅਤੇ ਸਮਾਜਿਕ ਵਿਧੀ ਵਿਧਾਨਾਂ ਦਾ ਵਰਨਨ ਮਿਲਦਾ ਹੈ। ਉਹਨਾਂ ਦੇ ਧਾਰਮਿਕ ਰੀਤੀ ਰਿਵਾਜ, ਪਰਮ ਉਤਸਵ ਅਤੇ ਪੁਰੋਹਿਤਾਂ ਦੇ ਵਿਸ਼ੇ ਵਿਚ ਜਾਣਕਾਰੀ ਮਿਲਦੀ ਹੈ। 'ਗਿਣਤੀ' ਦੀ ਪੁਸਤਕ ਵਿਚ ਸੰਨਾਈ ਪਰਬਤ (Mount Sinai) ਤੇ ਮੋਆਬ (Monab) ਦੇਸ ਤੱਕ ਇਸਰਾਇਲੀਆ ਦੇ ਭਰਮਣ ਦਾ ਵਰਨਨ ਹੈ 'ਵਿਵਸਥਾ ਸਾਰ' ਵਿਚ ਪਰਮੇਸ਼ਵਰ ਰਾਹੀਂ ਦਿੱਤੇ ਗਏ ਨਿਯਮ, ਅਹਦ (Convent) ਵਿਸਤਾਰ ਵਿਚ ਵਰਨਣ ਹੈ।

ਤੌਰਾ (Tohra) ਨੂੰ ਮੂਸਾ ਰਚਿਤ ਮੰਨਿਆ ਜਾਂਦਾ ਹੈ । ਮੂਸਾ ਦਾ ਜੀਵਨ ਕਾਲ ਲਗ- ਪਗ ਸੋਲ੍ਹਵੀਂ ਸ਼ਤਾਬਦੀ ਈ ਪੂ ਮੰਨਿਆ ਜਾਂਦਾ ਹੈ । ਇਹਨਾ ਪੁਸਤਕਾਂ ਦੇ ਰਚਨਾਵਾਂ ਦਾ ਸੰਕਲਨ ਇਕ ਗ੍ਰੰਥ ਦੇ ਰੂਪ ਵਿਚ ਲਗ-ਪਗ 400 ਈ ਪੂ. ਵਿਚ ਪੂਰਾ ਹੋਇਆ ਅਤੇ ਬਾਅਦ ਵਿਚ ਇਹਨਾ ਨੂੰ ਪ੍ਰਮਾਣੀਕ (Canonical) ਗ੍ਰੰਥ ਦੇ ਰੂਪ ਵਿਚ ਸਵੀਕਾਰ ਕਰ ਲਿਆ ਗਿਆ ।

8.4 ਨਬੀਮ (Nubim): ਪ੍ਰਮੇਸਵਰ ਦੇ ਦੂਤਾ ਪੈਡਬਰਾਂ ਨੂੰ ਨਮੀ ਕਿਹਾ ਜਾਂਦਾ ਹੈ। ਇਸ ਕਰਕੇ ਨਬੀਆਂ ਦੀਆਂ ਰਚਨਾਵਾਂ ਨੂੰ ਨਜ਼ੀਮ (Nabim) ਕਿਹਾ ਜਾਂਦਾ ਹੈ । ਯਹੂਦੀਆਂ ਦੇ ਦੂਸਰੇ ਗ੍ਰੰਥ ਦਾ ਨਾਂ ਨਬੀਮ (Nabim) ਜਾਂ ਨਪੀ (The Prophets) ਕਿਹਾ ਜਾਂਦਾ ਹੈ । ਇਹ ਨਾ ਨਬੀ (Prophets) ਸਬਦ ਤੋਂ ਬਣਿਆ ਹੈ ਜਿਸ ਦਾ ਅਰਥ ਪੈਗੰਬਰ ਜਾਂ ਦੂਤ ਸੁਨੇਹਾ ਦੇਣ ਵਾਲਾ ਹੈ। ਯਹੂਦੀ ਧਰਮ ਵਿਚ ਹੋਰ ਨਸ਼ੀ ਹੋਏ ਜਿਹਨਾਂ ਦੀ ਬਾਣੀ ਤੇ ਪ੍ਰਚਾਰ ਨੂੰ ਲੇਖ ਬੱਧ ਕੀਤਾ ਗਿਆ। ਸ਼ੁਰੂ ਵਿਚ ਇਨ੍ਹਾਂ ਦੀਆਂ ਰਚਨਾਵਾਂ ਨੂੰ ਧਰਮ ਗ੍ਰੰਥ ਨਹੀਂ ਮੰਨਿਆ ਗਿਆ । ਪਰ ਹੌਲੀ- ਹੌਲੀ ਇਹਨਾਂ

ਰਚਨਾਵਾਂ ਨੂੰ ਯਹੂਦੀ ਧਰਮ ਗ੍ਰੰਥਾ ਵਿਚ ਸਥਾਨ ਤੇ ਮਾਨਤਾ ਮਿਲ ਗਈ। ਇਸ ਧਰਮ ਗ੍ਰੰਥ ਵਿਚ 8 ਪੁਸਤਕਾਂ ਹਨ, ਜੋ ਪੁਰਾਣੇ ਨੇਮ (Old Testament) ਵਿਚ 21 ਪੁਸਤਕਾਂ ਦੇ ਰੂਪ ਵਿਚ ਮਿਲਦੀਆਂ ਹਨ। ਨਜ਼ੀਮ (Nabim) ਗ੍ਰੰਥ ਦੇ ਦੋ ਭਾਗ ਹਨ (1) ਪੂਰਬ ਨਬੀ (Former Prophets) ਜਿਸ ਵਿਚ ਚਾਰ ਪੁਸਤਕਾਂ ਹਨ । ਯਸੂਆ (Joshua), ਨਿਆਈਆ (Judges), ਦੋਵੇਂ ਸੈਮੂਅਲ (1st and 2nd Samuel) ਅਤੇ ਦੋਵੇ ਰਾਜਿਆ (1st and 2nd Kings) ਜੋ ਪੁਰਾਣੇ ਨੇਮ ਵਿਚ 6 ਪੁਸਤਕਾਂ ਦੇ ਰੂਪ ਵਿਚ ਹਨ।

8.4.1 ਉੱਤਰ-ਕਾਲੀਨ ਨਬੀ (Later Prophets) ਜਿਸ ਵਿਚ ਚਾਰ ਪੁਸਤਕਾਂ ਹਨ ਈਸਾਈਆਹ, ਜਰਖੀਆ, ਇਜਕੀਕੇਲ। ਫਿਰ ਇਕ ਪੁਸਤਕ ਵਿਚ ਹੋਸੀਆ, ਯਏਲ, ਆਸ, ਉਬਦਯਾਹ, ਯੂਨਾਹ ਮੀਕਾਹ, ਸਫਨਯਾਹ, ਹੋਜਈ, ਜ਼ਕਰੀਆ ਅਤੇ ਮਲਾਕੀ ਹਨ, ਜੋ ਪੁਰਾਣੇ ਨੇਮ ਵਿਚ 15 ਪੁਸਤਕਾਂ ਦੇ ਰੂਪ ਵਿਚ ਹਨ। ਇਹਨਾ ਪੁਸਤਕ ਸੰਗ੍ਰਿਹਾਂ ਨੂੰ ਲਗਭਗ 200 ਈ ਪੂ ਦੇ ਆਸ-ਪਾਸ ਧਾਰਮਿਕ ਗ੍ਰੰਥ ਦੇ ਰੂਪ ਵਿਚ ਮਾਨਤਾ ਪ੍ਰਾਪਤ ਹੋਈ ।

ਜੋਸੂਆ ਦੀ ਪੁਸਤਰ ਵਿਚ ਜੋਸ਼ੂਆ (Joshua) ਦੀ ਅਗਵਾਈ ਵਿਚ ਇਸਰਾਇਲੀਆਂ ਦੀ ਕਨਾਨ (Cannan) ਦੇਸ਼ 'ਤੇ ਜਿੱਤ ਅਤੇ ਇਸ ਦੇਸ ਦਾ ਬਾਰਾ ਕਬੀਲਿਆਂ ਵਿਚ ਵੰਡੇ ਜਾਣ ਦਾ ਵਰਨਨ ਮਿਲਦਾ ਹੈ। ਨਿਆਈਆ ਦੀ ਪੁਸਤਕ ਵਿਚ ਯੋਸ਼ੁਆ ਦੀ ਮੌਤ ਦੇ ਬਾਅਦ ਸੈਮੂਏਲ (Samuel) ਦੇ ਜਨਮ ਤੱਕ ਇਸਰਾਇਲੀਆਂ ਦੇ ਇਤਿਹਾਸ ਅਤੇ ਕਾਜੀਆਂ ਦੀ ਸਾਸਨ ਪ੍ਰਣਾਲੀ ਦਾ ਵਰਨਨ ਮਿਲਦਾ ਹੈ। ਦੋਹਾਂ ਬੇਮੁਏਲਾ ਦੀਆਂ ਪੁਸਤਕਾਂ ਵਿਚ ਯਹੂਦੀਆਂ ਦੇ ਰਾਜ (Monarchy) ਦਾ ਅਤੇ ਸਾਉਲ (Saul) ਤੇ ਦਾਊਦ (David) ਨਾਂ ਦੇ ਦੋ ਰਾਜਿਆ ਦਾ ਵਰਨਨ ਹੈ। ਦੋਹਾਂ ਰਾਜਿਆਂ (1st and 2nd Kings) ਵਿਚ ਯਹੂਦੀਆਂ ਦੇ ਤੀਸਰੇ ਰਾਜੇ ਸੁਲੇਮਾਨ (Solomon) ਅਤੇ ਉਸ ਦੇ ਰਾਜ, ਮੰਦਰ ਦਾ ਨਿਰਮਾਣ ਰਾਜ ਦੀ ਵੰਡ ਦਾ ਬਿਊਰਾ ਮਿਲਦਾ ਹੈ। ਉੱਤਰ ਰਾਜ (Northern Kingdom) ਅਤੇ ਦੱਖਣੀ ਰਾਜ ਜਾਂ ਯਹੂਦਾ ਦਾ ਰਾਜ (Southern Kingdom or Kingdom Judea) ਦੀਆਂ ਬਰਬਾਦੀਆਂ ਦਾ ਅਤੇ ਬਾਬੁਲ (Babylon) ਵਿਚ ਗੁਲਾਮ ਬਣਾ ਕੇ ਲੈ ਜਾਣ ਦਾ ਵਰਨਣ ਮਿਲਦਾ ਹੈ ।

ਈਸਾਈਆ ਦੀ ਪੁਸਤਕ ਵਿਚ ਈਸਾਈਆ ਦੀ ਬਾਣੀ ਲੇਖਬੱਧ ਹੈ ਜਿਸ ਵਿਚ ਯਹੂਦੀਆਂ ਦੇ ਇਤਿਹਾਸ ਦਾ ਪਤਾ ਲੱਗਦਾ ਹੈ, ਜੋ ਯਹੂਦਾ (Judea), ਬਾਬੁਲ (Babylon) ਅਤੇ ਫਲਿਸਤੀਨ (Palestine) ਵਿਚ ਵੱਸੇ ਹੋਏ ਸਨ । ਈਸਾਈ ਨਬੀ ਦਾ ਕਾਲ ਲੱਗ-ਪੱਗ 8ਵੀਂ ਸ਼ਤਾਬਦੀ ਈ. ਪੂ ਹੈ। ਇਸ ਪੁਸਤਕ ਵਿਚ ਯਹੂਦੀਆਂ ਦੀਆ ਸਿੱਖਿਆਵਾਂ ਅਤੇ ਧਾਰਮਿਕ ਵਿਚਾਰਾ ਦਾ ਪਤਾ ਲੱਗਦਾ ਹੈ।

ਬਾਕੀ ਬਾਰਾਂ ਨਬੀਆਂ ਦੀਆਂ ਪੁਸਤਕਾਂ ਵਿਚ ਬਾਰਾ ਨਬੀਆਂ ਦੀ ਬਾਣੀ ਲੇਖ ਬੱਧ ਹੈ। ਇਹਨਾਂ ਨਬੀਆ ਦਾ ਸਮਾਂ 8ਵੀਂ ਤੋ ਛੇਵੀਂ ਸਦੀ ਈ ਪੂ ਹੈ। ਇਹਨਾਂ ਦੀਆ ਰਚਨਾਵਾਂ ਤੋਂ ਯਹੂਦੀਆ ਦੇ ਧਾਰਮਿਕ ਅਤੇ ਸਮਾਜਿਕ ਜੀਵਨ ਦਾ ਪਤਾ ਲੱਗਦਾ ਹੈ ਅਤੇ ਇਨ੍ਹਾਂ ਵਿਸਿਆਂ ਤੇ ਨਬੀਆਂ ਦੇ ਵਿਚਾਰ ਅਤੇ ਸਿੱਖਿਆਵਾ ਮਿਲਦੀਆ ਹਨ। ਪਰਮੇਸ਼ਵਰ ਸਬੰਧੀ

ਸਿੱਖਿਆਵਾ ਇਹਨਾ ਬਾਣੀਆ ਦਾ ਮੁੱਖ ਵਿਸ਼ਾ ਹੈ। ਇਹਨਾਂ ਪੁਸਤਕਾ ਵਿਚ ਯਹੂਦੀ ਧਰਮ ਵਿਚ ਨਬੀਆਂ ਦੀਆਂ ਭਵਿੱਖ ਬਾਣੀਆ ਦਰਜ ਹਨ ਜੋ ਮੁੱਖ ਤੌਰ 'ਤੇ ਆਉਣ ਵਾਲੇ ਮਸੀਹ ਵੱਲ ਸੰਕੇਤ ਕਰਦੀਆਂ ਹਨ।

85 ਕੈਥੂਬੀਮ (Kethubim) ਇਸ ਗ੍ਰੰਥ ਵਿਚ ॥ ਪੁਸਤਕਾਂ ਹਨ । ਇਹਨਾਂ ਦੇ ਨਾ ਹਨ ਭਾਜਨਾਵਲੀ, ਕਹਾਉਤਾ, ਅਯੂਬ, ਉਪਦੇਸ਼ਕ, ਸਰੇਸਟ ਗੀਤ, ਰੂਬ, ਵਿਰਲਾਪ, ਅਸਤਰ, ਦਾਨੀਏਲ, ਅਜਰਾ, ਨਰਮਯਾਹ ਅਤੇ ਦੋਵੇਂ ਇਤਿਹਾਸ ਪੁਰਾਣੇ ਨੇਮ ਵਿਚ ਇਹ 13 ਪੁਸਤਕਾਂ ਦੇ ਰੂਪ ਵਿਚ ਹੈ ਕਿਉਂਕਿ ਪੁਰਾਣੇ ਨੇਮ ਵਿਚ ਅਜ਼ਰਾ ਅਤੇ ਨਰਮਯਾਹ ਅਤੇ ਪਹਿਲਾ ਤੇ ਦੂਜਾ ਇਤਿਹਾਸ ਨੂੰ ਅੱਡ-ਅੱਡ ਪੁਸਤਕਾ ਮੰਨਿਆ। ਇਹਨਾਂ ਪੁਸਤਕਾਂ ਨੂੰ ਲਗਭਗ 100 ਈ. ਪੂ. ਵਿਚ ਧਾਰਮਿਕ ਮਾਨਤਾ (Canonisation) ਪ੍ਰਾਪਤ ਹੋਈ।

ਭਜਨਾਵਲੀ ਨਾਮਕ ਪੁਸਤਕ ਵਿਚ 150 ਭਗਤੀ ਗੀਤ (Songs of Praises) ਜਾ ਜਬੂਰਾਂ ਦਾ ਸੰਗ੍ਰਹਿ ਹੈ ਜਿਹਨਾਂ ਵਿਚ ਪ੍ਰਮੇਸਵਰ ਦੇ ਸਬੰਧ ਵਿਚ ਵੱਖ-ਵੱਖ ਭਾਵਾਂ ਨੂੰ ਪ੍ਰਗਟ ਕੀਤਾ ਹੈ। ਇਹਨਾਂ ਵਿਚੋਂ ਵਧੇਰੇ ਜ਼ਬੂਰ ਦਾਊਦ (David) ਦੇ ਲਿਖੇ ਹੋਏ ਹਨ। ਕਹਾਉਤਾ ਵਿਚ ਕਵਿਤਾਵਾਂ ਅਤੇ ਕਹਾਉਤਾ ਦਾ ਸੰਕਲਨ ਹੈ, ਜੋ ਬਹੁਤ ਸਿੱਖਿਆਦਾਇਕ ਹਨ, ਜਿਹਨਾ ਵਿਚ ਨੈਤਿਕ ਆਚਰਣ 'ਤੇ ਜ਼ੋਰ ਦਿੱਤਾ ਗਿਆ । ਅਯੂਬ ਦੀ ਪੁਸਤਕ ਵਿਚ ਨਾਟ ਕਥਾ ਹੈ, ਜਿਸ ਵਿਚ ਅਯੂਬ (Jacob) ਨੂੰ ਈਸਵਰ ਦੇ ਸੱਚੇ ਭਗਤ ਦੇ ਰੂਪ ਵਿਚ ਤੇ ਇਕ ਆਦਰਸ਼ ਵਿਅਕਤੀ ਦੇ ਰੂਪ ਵਿਚ ਪ੍ਰਗਟ ਕੀਤਾ ਗਿਆ ਹੈ ਜੋ ਅਨੇਕਾ ਸੰਕਟਾਂ ਅਤੇ ਇਮਤਿਹਾਨਾਂ ਵਿਚ ਵੀ ਆਪਣੇ ਧਾਰਮਿਕ ਸੱਚੇ ਭਗਤੀ ਜੀਵਨ ਤੋਂ ਨਹੀਂ ਡਿਗਦਾ। ਇਸ ਪੁਸਤਕ ਵਿਚ ਦੁੱਖ ਦੇ ਮਸਲੇ (Problem of Suffering) ਦੇ ਵਿਸ਼ੇ ਵਿਚ ਦਾਰਸ਼ਨਿਕ ਵਿਵੇਚਨ ਮਿਲਦਾ ਹੈ। ਸਰੇਸ਼ਟ ਗੀਤ ਇਕ ਪ੍ਰੇਮ ਗੀਤ ਮਾਲਾ ਹੈ, ਜਿਸ ਵਿਚ ਪ੍ਰੇਮੀ ਤੇ ਪ੍ਰੀਤਮ ਦੇ ਪ੍ਰੇਮ ਦਾ ਵਰਨਨ ਹੈ, ਜਿਸ ਨੂੰ ਅਭੌਤਿਕ ਅਤੇ ਅਧਿਆਤਮਕ ਅਰਥਾਂ ਵਿਚ ਸਮਝਿਆ ਜਾ ਸਕਦਾ ਹੈ । ਉਪਦੇਸ਼ਕ ਇਕ ਦਾਰਸ਼ਨਿਕ ਪੁਸਤਕ ਹੈ ਜਿਸ ਵਿਚ ਸੰਸਾਰ, ਈਸਵਰ ਅਤੇ ਮਨੁੱਖ ਆਦਿ ਵਿਸਿਆ ਤੇ ਗੂੜਾ ਦਾਰਸਨਿਕ ਵਿਵੇਚਨ ਮਿਲਦਾ ਹੈ। ਅਸਤਰ ਇਕ ਯਹੂਦੀ ਇਸਤਰੀ ਦੀ ਕਹਾਣੀ ਹੈ, ਜੋ ਕਿ ਇਕ ਗ਼ੈਰ-ਯਹੂਦੀ ਰਾਜੇ ਦੀ ਪਟਰਾਣੀ ਸੀ ਅਤੇ ਆਪਣੀ ਚੰਗੀ ਬੁੱਧੀ ਅਤੇ ਕੁਸਲਤਾ ਨਾਲ ਉਸਨੇ ਆਪਣੀ ਯਹੂਦੀ ਜਾਤੀ ਦੇ ਲੋਕਾਂ ਨੂੰ ਨਸਟ ਹੋਣ ਤੋਂ ਬਚਾ ਲਿਆ ਸੀ । ਦਾਨੀਏਲ ਦੀ ਪੁਸਤਕ ਵਿਚ ਦਾਨੀਏਲ ਨਬੀ ਅਤੇ ਉਸਦੇ ਤਿੰਨ ਮਿੱਤਰਾਂ ਦੀ ਕਥਾ ਹੈ। ਉਹ ਬਾਬੁਲ ਵਿਚ ਦਾਸ ਸਨ ਅਤੇ ਆਪਣੇ ਵਿਸਵਾਸ ਵਿਚ ਪੱਕੇ ਸਨ। ਅਜ਼ਰਾ-ਨਰਮਯਾਹ ਵਿਚ ਉਨ੍ਹਾਂ ਨਬੀਆਂ ਦੀ ਅਗਵਾਈ ਦਾ ਵਰਨਨ ਹੈ ਜਿਹਨਾਂ ਨੇ ਯਹੂਦੀ ਲੋਕਾਂ ਦੀ ਬਾਬੁਲ ਤੋਂ ਵਾਪਸ ਆਉਣ ਵਿਚ ਮਦਦ ਪ੍ਰਦਾਨ ਕੀਤੀ ਅਤੇ ਯੇਰੂਸਲਮ ਵਿਚ ਮੰਦਰ ਦੀ ਸਥਾਪਨਾ ਵਿਚ ਸਹਾਇਤਾ ਕੀਤੀ । ਇਤਿਹਾਸ ਦੀਆਂ ਦੋਵੇਂ ਪੁਸਤਕਾਂ ਵਿਚ ਯਹੂਦੀਆਂ ਦਾ ਇਤਿਹਾਸ ਮਿਲਦਾ ਹੈ ਕਿ ਕਿਸ ਤਰ੍ਹਾਂ ਯਹੂਦੀ ਜਾਤੀ ਈਸਵਰ ਦੀ ਚੁਣੀ ਹੋਈ ਕੰਮ ਬਣੀ।

8.6 ਯਹੂਦੀ ਧਰਮ ਦੇ ਪ੍ਰਮੁੱਖ ਧਰਮ ਸਿਧਾਂਤ

8.6.1 ਪਰਮੇਸ਼ਰ

ਯਹੂਦੀ ਧਰਮ ਵਿਚ ਪਰਮੇਸਰ ਦਾ ਸੰਕਲਪ ਜਾਂ ਸਿੱਖਿਆ ਸਭ ਤੋਂ ਮਹੱਤਵਪੂਰਨ ਹੈ। ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਯਹੂਦੀ ਧਰਮ ਵਿਚ ਈਸ਼ਵਰ ਦਾ ਸੰਕਲਪ ਕੋਈ ਦਾਰਸਨਿਕ ਚਿੰਤਨ ਦਾ ਨਤੀਜਾ ਨਹੀਂ ਹੈ। ਸਗੋਂ ਈਸਵਰ ਲਈ ਜੋ ਵਿਚਾਰ ਪ੍ਰਚਲਿਤ ਹੋਇਆ, ਉਸ ਦਾ ਪ੍ਰਮੁੱਖ ਆਧਾਰ ਸੀ । ਯਹੂਦੀ ਜਾਤੀ ਦਾ ਈਸਵਰ ਦੇ ਨਾਲ ਵਿਅਕਤੀਗਤ ਅਨੁਭਵ ਅਤੇ ਈਸਵਰ ਦੇ ਅਨੁਭਵ (Revelation) ਵਿਚ ਉਨ੍ਹਾਂ ਦਾ ਵਿਸਵਾਸ। ਯਹੂਦੀ ਧਰਮ ਵਿਚ ਈਸਵਰ ਨੂੰ ਯਹੋਵਾ (Jehovah Yehweh) ਕਿਹਾ ਗਿਆ ਹੈ।

ਯਹੂਦੀ ਧਰਮ ਵਿਚ ਈਸਵਰ ਦੇ ਸੰਕਲਪ ਜਾ ਵਿਚਾਰ ਦਾ ਹੌਲੀ-ਹੌਲੀ ਵਿਕਾਸ ਹੋਇਆ। ਯਹੂਦੀਆਂ ਦੇ ਪਹਿਲੇ ਪੂਰਵਕ ਅਬਰਾਹਮ ਦੀ ਪਿੱਠ ਭੂਮੀ (Background) ਮੂਰਤ ਪੂਜਕ ਅਤੇ ਬਹਈਵਰਵਾਦ (Polytheism) ਸੀ।

ਯਹੂਦੀ ਧਰਮ ਵਿਚ ਈਸਵਰ ਦੇ ਸੰਕਲਪ ਦਾ ਵਿਕਾਸ ਅਸੀਂ ਤਿੰਨ ਚਰਣਾ (Stages) ਵਿਚ ਵੇਖਦੇ ਹਾਂ । ਪਹਿਲਾ ਚਰਣ ਅਬਰਾਹਮ ਤੋਂ ਲੈ ਕੇ ਨਬੀਆਂ ਦੇ ਸਮੇਂ ਤੱਕ ਦਾ ਹੈ ਜਿਸ ਵਿਚ ਈਸਵਰ ਨੂੰ ਅਹਿਦ-ਦ-ਈਸਵਰ (God of Covenent) ਮੰਨਿਆ ਗਿਆ ਹੈ। ਉਹ ਇਜਰਾਇਲ ਜਾਤੀ ਦਾ ਈਸ਼ਵਰ (God of Israel) ਹੈ, ਜੋ ਈਸਵਰ ਦੀ ਚੁਣੀ ਹੋਈ ਜਾਤੀ ਹੈ। ਈਸਵਰ ਨੂੰ ਕਬੀਲੇ ਦੇ ਈਸਵਰ (Tribal God) ਦੇ ਰੂਪ ਵਿਚ ਮੰਨਿਆ ਹੈ। ਉਹ ਪੱਖਪਾਤੀ ਈਸਵਰ ਸਮਝਿਆ ਜਾਦਾ ਸੀ । ਇਹ ਬਹੁਤ ਸੰਕੀਰਣ ਵਿਚਾਰ ਸੀ ਕਿ ਉਹ ਇਕ ਕੰਮ ਜਾਤੀ ਵੰਸ (Tribe) ਦਾ ਹੀ ਈਸਵਰ ਹੈ। ਇਹ ਵਾਸ ਸਥਾਨ ਦੇ ਲਿਹਾਜ਼ ਨਾਲ ਵੀ ਸੀਮਤ ਵਿਚਾਰ ਸੀ ਕਿ ਉਹ ਝਾੜੀ, ਬੱਦਲ, ਅੱਗ, ਧੂੰਏ, ਚੱਟਾਨ ਤੇ ਪਹਾੜ ਵਿਚ ਵਾਸ ਕਰਨ ਵਾਲਾ ਈਸਵਰ ਸਮਝਿਆ ਜਾਂਦਾ ਸੀ । ਉਹ ਬਹੁਤ ਕ੍ਰੋਧ ਕਰਨ ਵਾਲਾ ਅਤੇ ਬਦਲਾ ਲੈਣ ਵਾਲਾ ਈਸਵਰ ਸਮਝਿਆ ਜਾਦਾ ਸੀ । ਉਹ ਸੋਰ ਅਤੇ ਬੜੀ ਆਵਾਜ਼ ਨਾਲ ਗੱਲ ਕਰਨ ਵਾਲਾ ਅਤੇ ਪ੍ਰਗਟ ਹੋਣ ਵਾਲਾ ਈਸ਼ਵਰ ਸਮਝਿਆ ਜਾਂਦਾ ਹੈ । ਉਹ ਲੜਾਈ ਅਤੇ ਸੈਨਾਵਾ ਦਾ ਈਸਵਰ (God of Wars and Armies) ਸਮਝਿਆ ਜਾਂਦਾ ਸੀ ਜੋ ਸਦਾ ਯਹੂਦੀਆਂ ਦੀ ਤਰਫ ਤੋਂ ਲੜਦਾ ਸੀ । ਉਹ ਅਹਿਮਦ ਦਾ ਈਸਵਰ ਅਤੇ ਕਾਨੂੰਨ ਅਤੇ ਵਿਧਾਨ ਅਤੇ ਆਦੇਸ਼ਾਂ (Law and Commandments) ਦੇ ਦੇਣ ਵਾਲਾ ਈਸ਼ਵਰ ਹੈ ਜੋ ਇਹ ਵੀ ਚਾਹੁੰਦਾ ਹੈ ਕਿ ਮਨੁੱਖ ਉਨ੍ਹਾਂ ਹੁਕਮਾਂ ਅਤੇ ਕਾਨੂੰਨਾਂ ਦਾ ਵਿਉਹਾਰਕ ਰੂਪ ਵਿਚ ਪਾਲਣ ਕਰੇ। ਜੋ ਹੁਕਮਾਂ ਨੂੰ ਤੋੜਨ ਅਤੇ ਉਸ ਦੇ ਆਦੇਸ਼ਾਂ ਦੀ ਅਵਹੇਲਨਾ ਕਰਨ ਤਾਂ ਕ੍ਰੋਧਿਤ ਹੋ ਕੇ ਦੰਡ ਦੇਵੇਗਾ। ਈਸਵਰ ਨੂੰ ਕਾਨੂੰਨੀ ਈਸਵਰ (Justice God) ਸਮਝਿਆ ਜਾਂਦਾ ਸੀ ।

ਦੂਸਰਾ ਚਰਣ ਨਬੀਆਂ ਦਾ ਸਮਾ ਸੀ, ਜਿਸ ਵਿਚ ਈਸਵਰ ਦੇ ਸਬੰਧ ਵਿਚ ਯਹੂਦੀ ਧਰਮ ਵਿਚ ਬਹੁਤ ਵਿਕਾਸ ਅਤੇ ਉੱਨਤੀ ਹੋਈ। ਇਕੇਸਵਰਵਾਦ (Monotheism) ਇਸੇ ਕਾਲ ਦੀ ਮਹਾਨ ਦੇਣ ਹੈ। ਨਬੀਆਂ ਨੇ ਨਾ ਕੇਵਲ ਸ਼ੁੱਧ ਇਕੇਸਵਰਵਾਦ (Absolute Monotheism) ਦਾ ਪ੍ਰਚਾਰ ਕੀਤਾ ਸਗੋਂ ਨੈਤਿਕ ਇਕੇਸ਼ਵਰਵਾਦ (Ethical Monoheism) ਦਾ ਨਿਸਚਿਤ ਸੰਕਲਪ ਪੇਸ਼ ਕੀਤਾ ਕਿ ਈਸਵਰ ਨਾ ਕੇਵਲ ਇਕ ਹੈ ਬਲਕਿ ਸੱਚ, ਪਵਿੱਤਰ,

ਨਿਆਂਕਾਰੀ ਧਾਰਮਿਕ (Righteous) ਬੁਰੇ ਕੰਮਾਂ ਦਾ ਦੰਡ ਦੇਣ ਵਾਲਾ ਅਤੇ ਅੱਛੇ ਕੰਮਾਂ ਤੇ ਆਗਿਆਕਾਰਿਤਾ (Obedience) ਲਈ ਅਸੀਸ ਅਤੇ ਇਨਾਮ (Reward) ਵੀ ਦੇਣ ਵਾਲਾ ਈਸਵਰ ਹੈ। ਈਸਵਰ ਪਵਿੱਤਰ ਹੈ ਅਤੇ ਮਨੁੱਖ ਤੇ ਵੀ ਪਵਿੱਤਰਤਾ ਤੇ ਧਾਰਮਿਕਤਾ ਦੀ ਉਮੀਦ ਰੱਖਣ ਵਾਲਾ ਈਸਵਰ ਹੈ। ਈਸਵਰ ਪ੍ਰੇਮ ਹੈ, ਉਹ ਮਨੁੱਖ ਨਾਲ ਪ੍ਰੇਮ ਕਰਦਾ ਹੈ ਅਤੇ ਚਾਹੁੰਦਾ ਹੈ ਕਿ ਮਨੁੱਖ ਆਪਸ ਵਿਚ ਪ੍ਰੇਮ ਕਰਨ ।

ਤੀਸਰਾ ਚਰਣ ਉਹ ਸਮਾਂ ਜਾ ਕੰਮ ਹੈ ਜਦੋਂ ਯਹੂਦੀ ਜਾਤੀ 586 ਈ. ਪੂ ਵਿਚ ਬਾਬੁਲ (Babylon) ਦੀ ਗੁਲਾਮੀ ਤੋਂ ਘੱਟ ਕੇ ਵਿਦੇਸ਼ ਵਾਪਸ ਆ ਗਈ ਸੀ। ਇਹ ਸਮਾਂ ਯਹੂਦੀ ਇਤਿਹਾਸ ਵਿਚ ਧਾਰਮਿਕ ਨਿਰਮਾਣ (Religious Formation) ਦਾ ਸਮਾਂ ਕਿਹਾ ਜਾਂਦਾ ਹੈ ਜਿਸ ਵਿਚ ਯਹੂਦੀ ਜਾਤੀ ਨੇ ਆਪਣੇ ਧਰਮ ਗ੍ਰੰਥਾਂ ਦਾ ਸੰਕਲਪ ਕੀਤਾ, ਆਪਣੇ ਧਰਮ ਵਿਸਵਾਸ ਅਤੇ ਸੰਮਤ ਨੂੰ ਸੰਗਠਿਤ ਰੂਪ ਦਿੱਤਾ। ਇਸ ਕਾਲ ਵਿਚ ਈਸ਼ਵਰ ਦੇ ਸੰਕਲਪ ਦਾ ਪੂਰਨ ਵਿਕਾਸ ਹੋਇਆ। ਈਸਵਰ ਨੂੰ ਸਰਿਸਟੀ ਸਾਰੇ ਸੰਸਾਰ ਜਾਂ ਜਗਤ ਦਾ ਈਸ਼ਵਰ (Universal God) ਸਮਝਿਆ ਜਾਣ ਲੱਗਿਆ । ਸਾਰੀ ਮਾਨਵ ਜਾਤੀ ਦਾ ਈਸਵਰ ਤੇ ਪਿਤਾ ਸਮਝਿਆ ਜਾਣ ਲੱਗਾ ।

ਸਾਰੰਸ ਇਹ ਹੈ ਕਿ ਯਹੂਦੀ ਧਰਮ ਦੇ ਅਨੁਸਾਰ ਈਸਵਰ ਨੂੰ ਇਕ ਵਿਅਕਤਿੱਤਵ ਸੰਪੰਨ (Personal God), ਸ੍ਰਿਸ਼ਟੀਕਰਤਾ(Creator), ਸਰਵ ਸ਼ਕਤੀਮਾਨ (Almighty. Omniscent), ਸਰਵ-ਵਿਆਪਕ (Eternal), ਸਰਵ-ਗਿਆਨੀ(Omniscent), ਸਰਵ ਵਿਆਪਕ (Omnipresent), ਧਰਮੀ (Righteous), ਪਵਿੱਤਰ (Holy), ਸਵਾਮੀ (Lord and Sovereign), ਸੱਚਾ (True), ਨਿਆਂਕਾਰੀ (Just), ਚੇਤੰਨ ਸ਼ਕਤੀ (Conscious Being), ਜੋ ਮਨੁੱਖ ਦੀ ਤਰ੍ਹਾਂ ਸੁਣਦਾ, ਵੇਖਦਾ, ਚਲਦਾ, ਬੋਲਦਾ ਆਦਿ ਹੈ, (Anthor Pomorphism) ਉਹ ਇਕੱਲਾ ਹੀ ਉਸਤਤੀ ਅਤੇ ਭੋਜਨ ਦੇ ਯੋਗ (Monolatory God), ਉਹ ਇਤਿਹਾਸ ਦਾ ਈਸਵਰ ਹੈ (God of History) ਅਤੇ ਲੋਕਾਂ ਦਾ ਜੀਵਨ ਵਿਚ ਅਤੇ ਇਤਿਹਾਸ ਵਿਚ ਦਖਲ (Intervention) ਦਿੰਦਾ ਹੈ ਆਪਣੇ ਆਪ ਨੂੰ ਪ੍ਰਗਟ ਕਰਨ ਵਾਲਾ ਈਸ਼ਵਰ ਹੈ (God of Revelation) |

86.2 ਇਸਰਾਇਲ ਇਕ ਚੁਣੀ ਹੋਈ ਜਾਤੀ (Israel as Chosen People)

ਯਹੂਦੀ ਧਰਮ ਦਾ ਇਕ ਬਹੁਤ ਪ੍ਰਬਲ ਵਿਸ਼ਵਾਸ ਹੈ ਕਿ ਉਹ ਈਸ਼ਵਰਵਾਦ ਦੀ ਚੁਣੀ ਹੋਈ ਜਾਤੀ (Chosen People) ਹੈ ਕਿ ਈਸਵਰ ਨੇ ਸੰਸਾਰ ਵਿਚੋਂ ਯਹੂਦੀ ਜਾਤੀ ਨੂੰ ਚੁਣਿਆ ਹੈ ਜਿਸ ਦੁਆਰਾ ਉਹ ਸੰਸਾਰ ਨਾਲ ਗੱਲ ਕਰੇਗਾ, ਆਪਣਾ ਸੁਨੇਹਾ ਦੇਵੇਗਾ ਤੇ ਵਕਤੀ ਦਾ ਕੰਮ ਕਰੇਗਾ। ਯਹੂਦੀਆਂ ਦੇ ਧਰਮ ਗ੍ਰੰਥ ਤੋਂ ਸਪੱਸ਼ਟ ਹੁੰਦਾ ਹੈ ਕਿ ਈਸਵਰ ਨੇ ਅਬਰਾਹਮ ਨੂੰ ਹੋਰ ਪੂਰਵਜਾਂ ਨੂੰ ਤੇ ਇਸਰਾਇਲ ਨੂੰ ਚੁਣ ਲਿਆ ਕਿ ਸਭ ਜਾਤੀਆਂ ਦਾ ਉਧਾਰ ਹੋਵੇ ਅਤੇ ਉਹਨਾਂ ਨੂੰ ਪਾਪ ਦੇ ਦੰਡ ਤੋਂ ਛੁਡਾਏ। ਯਹੂਦੀ ਧਰਮ ਸ਼ਾਸਤਰ ਵਿਚ ਇਹ ਵਾਰ- ਵਾਰ ਦਰਸਾਇਆ ਗਿਆ ਹੈ ਕਿ ਯਹੂਦੀ ਕੌਮ ਈਸ਼ਵਰ ਦੀ ਵਿਸ਼ੇਸ਼ ਚੁਣੀ ਹੋਈ ਕੌਮ ਹੈ (Chosen Nation) ਭਡੇ ਸ ਰੇ ਭਕਿਸ ਹਿਚ ਘੰਠੀ ਟਿਕ

ਜਾਤੀ ਵੇ (Convented People) ਧਰਮ ਗ੍ਰੰਥ ਵਿਚ ਕਈ ਥਾਵਾਂ 'ਤੇ ਦੱਸਿਆ ਗਿਆ ਹੈ ਕਿ ਈਸ਼ਵਰ ਨੇ ਇਸਰਾਇਲ ਨੂੰ 'ਮੇਰਾ ਸੇਵਕ' ਮੇਰਾ ਚੁਣਿਆ ਹੋਇਆ ਕਿਹਾ।

8.6.3 ਅਹਿਦ (Covenent)

ਯਹੂਦੀ ਧਰਮ ਦਾ ਇਕ ਹੋਰ ਮਹੱਤਵਪੂਰਨ ਧਰਮ ਸਿਧਾਤ ਜਾ ਸਿੱਖਿਆ ਹੈ ਅਹਿਦ (Covenent) ਯਹੂਦੀ ਜਾਤੀ ਦਾ ਇਹ ਵਿਸ਼ਵਾਸ ਹੈ ਕਿ ਈਸਵਰ ਨੇ ਜਾਤੀ ਨਾਲ ਇਸਰਾਇਲ ਦੁਆਰਾ ਅਹਿਦ ਬੰਨ੍ਹਿਆ, ਯਹੂਦੀ ਧਰਮ ਗ੍ਰੰਥ ਦਾ ਪੂਰਾ ਈਸਵਰ ਦੇ ਅਹਿਦ ਦਾ ਇਤਿਹਾਸ ਤੇ ਸਾਕਸੀ ਈਸਵਰ ਨੇ ਮਨੁੱਖ ਨਾਲ ਆਰੰਭ ਕਾਲ ਤੋਂ ਸਮੇ-ਸਮੇਂ 'ਤੇ ਬੰਨ੍ਹੇ ।

ਯਹੂਦੀ ਧਰਮ ਗ੍ਰੰਥ ਵਿਚ ਸੱਤ ਤਰ੍ਹਾਂ ਦੇ ਅਹਿਦਾਂ ਦਾ ਵਰਨਨ ਹੈ

8.6.3.1 ਅਦਨ ਦਾ ਅਹਿਦ (Edenic Covenent) ਉਤਪਤੀ 26-28 ਜੋ ਸ੍ਰਿਸਟੀ ਦੇ ਆਰੰਭ ਤੇ ਈਸਵਰ ਨੇ ਅਦਨ ਦੇ ਬਾਗ (Garden of Eden) ਵਿਚ ਮਨੁੱਖ ਨਾਲ (ਆਦਮ Adam) ਉਸ ਵੇਲੇ ਬੰਨ੍ਹਿਆ ਜਦ ਆਦਮ ਨੇ ਪਾਪੂ ਨਹੀਂ ਕੀਤਾ ਸੀ, ਈਸਵਰ ਦੀ ਆਗਿਆ ਨੂੰ ਨਹੀਂ ਤੋੜਿਆ ਸੀ । ਅਹਿਦ ਈਸਵਰ ਨੇ ਮਨੁੱਖ ਨੂੰ ਸ੍ਰਿਸਟੀ ਦੀ ਹਰ ਚੀਜ਼ 'ਤੇ ਅਧਿਕਾਰ ਦਿੱਤਾ।

8.6.3.2 ਆਦਮ ਦਾ ਅਹਿਦੀ (Adamic Covenent) ਉਤਪਤੀ 3 14-19, ਉਸ ਸਮੇਂ ਈਸਵਰ ਨੇ ਆਦਮ (Adam ਸ੍ਰਿਸ਼ਟੀ ਦਾ ਪਹਿਲਾ ਵਿਅਕਤੀ) ਨਾਲ ਕੀਤਾ ਜਦੋਂ ਆਦਮ ਨੇ ਪਾਪ ਕੀਤਾ। ਇਸ ਅਹਿਦ ਦੁਆਰਾ ਈਸਵਰ ਨੇ ਮਨੁੱਖ ਦੇ ਉਧਾਰ ਦਾ ਵਚਨ ਦਿੱਤਾ ।

8.6.3.3 ਨੂਹ ਦਾ ਅਹਿਦ (Nohic Covenent) ਉਤਪਤੀ 9 9-19. ਇਸ ਅਹਿਦ ਵਿਚ ਈਸਵਰ ਨੇ ਨੂਹ (Noah) ਨੂੰ ਵਾਅਦਾ ਦਿੱਤਾ ਕਿ ਉਹ ਸ੍ਰਿਸਟੀ ਨੂੰ ਦੁਬਾਰਾ ਪਾਣੀ ਨਾਲ ਨਸਟ ਨਹੀਂ ਕਰੇਗਾ ਜਿਸਦਾ ਨਿਸ਼ਾਨ ਬੱਦਲ ਵਿਚ ਦਿੱਸਣ ਵਾਲੇ ਧਨਸ (Rainbow) ਨੂੰ ਠਹਿਰਾਇਆ। ਇਹ ਅਹਿਦ ਨੂਹ ਦੁਆਰਾ ਸਮੁੱਚੀ ਮਨੁੱਖ ਜਾਤੀ ਨਾਲ ਸੀ।

8.6.3.4 ਅਬਰਾਹਮ ਦਾ ਅਹਿਦ (Abrahamic Covenent): ਉਤਪਤੀ 15 18, 12 6-8, ਇਸ ਅਹਿਦ ਦੁਆਰਾ ਈਸਵਰ ਨੇ ਅਬਰਾਹਮ ਅਤੇ ਉਸ ਦੇ ਵੰਸ ਯਾਨੀ ਯਹੂਦੀ ਜਾਤੀ ਨੂੰ ਚੁਣਿਆ ਕਿ ਸੰਸਾਰ ਵਿਚ ਇਸ ਯਹੂਦੀ ਜਾਤੀ ਦੁਆਰਾ ਮਨੁੱਖ ਦੇ ਉਧਾਰ ਦਾ ਕੰਮ ਕਰੇ। ਇਸ ਅਹਿਦ ਰਾਹੀਂ ਤਮਾਮ ਯਹੂਦੀ ਜਾਤੀ ਈਸਵਰ ਦੀ ਚੁਣੀ ਹੋਈ ਕੌਮ ਬਣ ਗਈ।

8.6.3.5 ਮੂਸਾ ਦਾ ਅਹਿਦ ਭੁਸਾ ਰਾ ਭਕਿਰ (Mosaic Covenent) ਕੂਚ 19 5-6, 24 7-8, 34. 10, ਯਹੂਦੀ ਧਰਮ ਵਿਚ ਸਭ ਤੋਂ ਮਹੱਤਵਪੂਰਨ ਅਹਿਦ ਮੂਸਾ ਦੇ ਨਾਲ ਬੰਨ੍ਹਿਆ ਗਿਆ। ਅਹਿਦ ਸਮਝਿਆ ਜਾਂਦਾ ਹੈ ਜਿਸ ਦੇ ਰਾਹੀਂ ਈਸ਼ਵਰ ਨੇ ਯਹੂਦੀ ਜਾਤੀ ਨੂੰ ਕਾਨੂੰਨ, ਵਿਧਾਨ, ਧਰਮ ਇਤਿਆਦਿ ਪ੍ਰਦਾਨ ਕੀਤੇ ਦਸ ਹੁਕਮ (Ten Commandments) ਲਿਖ ਕੇ ਦਿੱਤੇ ਜਿਹਨਾਂ ਨੂੰ ਮੂਸਾ ਨੇ ਸਾਰੇ ਇਸਰਾਇਲੀਆਂ ਨੂੰ ਪੜ੍ਹ ਕੇ ਸੁਣਾਇਆ ਤਾਂ ਉਹਨਾਂ ਦੀ ਪਾਲਣਾ ਲਈ ਉਹਨਾਂ ਨੂੰ ਵਚਨਬੱਧ ਕੀਤਾ ਕਿ ਜੇ ਯਹੂਦੀ ਜਾਤੀ ਇਨ੍ਹਾਂ ਦਾ ਪਾਲਣ ਕਰੇਗੀ ਤਾਂ ਈਸਵਰ ਉਹਨਾਂ ਨੂੰ ਅਸੀਸ ਦੇਵੇਗਾ।

8.6.3.6 ਫਲਿਸਤੀਨ ਦਾ ਅਹਿਦ (Palestinian Covenent) ਦਿਦ੍ਧਸਾ ਸਾਤ 29 11, ਇਸ ਅਹਿਦ ਵਿਚ ਈਸਵਰ ਨੇ ਆਪਣੇ ਵਾਇਦੇ ਨੂੰ ਦੁਹਰਾਇਆ ਕਿ ਉਹ ਇਸ ਇਸਰਾਇਲ ਜਾਤੀ ਨੂੰ ਵਾਇਦੇ ਦੇ ਦੇਸ਼ ਵਿਚ ਬਹਾਲ ਕਰੇਗਾ।

8.6.3.7 ਦਾਊਦਾ ਦਾ ਅਹਿਦ (Davidic Covenent): 2 ਸੈਮੂਏਲ 7 8-17, ਇਸ ਅਹਿਦ ਵਿਚ ਈਸਵਰ ਨੇ ਵਾਇਦਾ ਕੀਤਾ ਕਿ ਉਹ ਦਾਊਦ (David) ਦੇ ਪਰਿਵਾਰ ਨੂੰ ਬਹਾਲ ਕਰੇਗਾ ਤੇ ਉਸ ਨੂੰ ਇਸਰਾਇਲ ਤੇ ਰਾਜਾ ਸਥਾਪਤ ਕਰੇਗਾ।

ਇਸ ਤਰ੍ਹਾਂ ਯਹੂਦੀ ਧਰਮ 'ਅਹਿਦ ਦਾ ਧਰਮ' (Religion of Covenent) ਕਿਹਾ ਜਾ ਸਕਦਾ ਹੈ ਜੋ ਈਸਵਰ ਨਾਲ ਅਟੁੱਟ ਸਬੰਧ ਵਿਚ ਜੁੜਿਆ ਹੋਇਆ ਹੈ ਅਤੇ ਸੰਸਾਰ ਦੇ ਪ੍ਰਤੀ ਅਤੇ ਮਨੁੱਖ ਜਾਤੀ ਦੇ ਪ੍ਰਤੀ ਉੱਤਰਦਾਈ ਹੈ ਕਿ ਈਸਵਰ ਦੇ ਸੁਨੇਹੇ ਨੂੰ ਹਰ ਮਨੁੱਖ ਤੱਕ ਪਹੁੰਚਾਏ ।

8.6.4 ਨੈਤਿਕਤਾ (Ethics)

ਯਹੂਦੀ ਧਰਮ ਵਿਚ ਨੈਤਿਕ ਆਚਰਣ 'ਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਮਨੁੱਖ ਨਾ ਕੇਵਲ ਈਸਵਰ ਦੇ ਪ੍ਰਤੀ ਉੱਤਰਦਾਈ ਹੈ, ਬਲਕਿ ਦੂਸਰੇ ਮਨੁੱਖਾ ਦੇ ਪ੍ਰਤੀ ਵੀ ਜਿਨ੍ਹਾਂ ਦੇ ਨਾਲ ਉਹ ਪ੍ਰਤੀ ਦਿਨ ਵਿਉਹਾਰ ਕਰਦਾ ਅਤੇ ਸਬੰਧ ਵਿਚ ਜੁੜਿਆ ਹੋਇਆ ਹੈ ।

ਨੈਤਿਕਤਾ ਦਾ ਸਾਰਾ ਆਦਰਸ ਤੇਰਾ (Tohra) ਵਿਚ ਪ੍ਰਸਤੁਤ ਹੈ (ਦੇਖੋ ਕੂਚ 20 -24 ) ਸੀਨਾਈ (Sinai) ਦੇ ਅਹਿਦ ਵਿਚ ਯਹੋਵਾ (Jehovah) ਨੇ ਜੋ ਨਿਯਮ ਦਿੱਤੇ ਉਹ ਮੂਸਾ ਦੇ ਨਿਯਮ-ਸਹਿੰਤਾ (Law of Moses) ਕਹਾਏ। ਇਹ ਦਸ ਹੁਕਮ ਕੂਚ (Exodus) ਦੀ ਪੁਸਤਕ 20 1-17 ਅਤੇ ਵਿਵਸਥਾ ਸਾਰ 5 1-21 ਵਿਚ ਦਰਜ ਹਨ ਜਿਹਨਾਂ ਵਿਚੋਂ ਪਹਿਲੇ ਚਾਰ ਨਿਯਮ ਮਨੁੱਖ ਦਾ ਈਸ਼ਵਰ ਪ੍ਰਤੀ ਕਰਤਵ ਅਤੇ ਬਾਕੀ ਦੂਸਰੇ ਛੇ ਨਿਯਮ ਮਨੁੱਖਾਂ ਪ੍ਰਤੀ ਕਰਤਵ ਅਤੇ ਜੁੰਮੇਵਾਰੀ ਦਰਸਾਉਂਦੇ ਹਨ।

ਈਸ਼ਵਰ ਨਾਲ ਅਤੇ ਮਨੁੱਖਾਂ ਨਾਲ ਪ੍ਰੇਮ ਕਰਨਾ ਸਾਰੀ ਨੈਤਿਕਤਾ ਅਤੇ ਨਿਯਮਾਂ ਦਾ ਨਿਚੋੜ ਕਿਹਾ ਗਿਆ ਹੈ ਜੋ ਵਿਵਸਥਾ ਸਾਰ 6 4-5 ਵਿਚ ਦਰਜ "ਇਸਰਾਇਲ ਕੌਮ ਇਸ ਗੱਲ ਨੂੰ ਧਿਆਨ ਨਾਲ ਸੁਣੇ ਪ੍ਰਭੂ ਸਾਡਾ ਪਰਮੇਸਵਰ ਕੇਵਲ ਇਕ ਹੀ ਪ੍ਰਭੂ ਹੈ। ਤੁਸੀਂ ਪ੍ਰਭੂ ਨੂੰ ਆਪਣੇ ਪਰਮੇਸਵਰ ਆਪਣੇ ਸਾਰੇ ਦਿਲ, ਸਾਰੇ ਪ੍ਰਣ ਅਤੇ ਸਾਰੀ ਸ਼ਕਤੀ ਨਾਲ ਪਿਆਰ ਕਰੋ।" ਅਤੇ ਲੇਵੀਆ 19 18 ਵਿਚ ਦਰਜ ਹੈ, "ਤੁਸੀਂ ਆਪਣੇ ਗੁਆਢੀ ਨੂੰ ਆਪਣੇ ਵਾਂਗ ਪਿਆਰ ਕਰਨਾ।"

8.7 ਸਾਰ- ਪੁਰਾਣਾ ਨੇਮ ਇਤਿਹਾਸਕ, ਧਾਰਮਿਕ ਅਤੇ ਸੱਭਿਆਚਾਰਕ ਮਹੱਤਤਾ ਵਾਲਾ, ਤਿੰਨ ਗ੍ਰੰਥਾਂ ਦਾ ਦਾ ਬਣਿਆ ਹੋਇਆ ਹੈ। ਇਸ ਵਿਚ ਪੂਰਬ ਦੇ ਪ੍ਰਾਚੀਨ ਸੰਸਾਰ ਅਤੇ ਇੱਕ ਈਸ਼ਵਰਵਾਦੀ ਵਿਸ਼ਵਾਸ ਦੀ ਸ਼ੁਰੂਆਤ ਬਾਰੇ ਵਰਣਨ ਮਿਲਦਾ ਹੈ। ਇਹ ਦਰਸ਼ਨ, ਸਾਹਿਤ ਕਲਾ ਅਤੇ ਰਾਜਨੀਤੀ ਨੂੰ ਪ੍ਰਭਾਵਿਤ ਕਰਦਾ ਹੈ। ਇਸਦੇ ਪ੍ਰਾਚੀਨ ਮੂਲ ਦੇ ਬਾਵਜੂਦ, ਪੁਰਾਣਾ ਨੇਮ ਦੁਨੀਆਂ ਭਰ ਦੇ ਲੱਖਾਂ ਲੋਕਾਂ ਲਈ ਇਕ ਜੀਵਤ ਪਰੰਪਰਾ ਬਣਿਆ ਹੋਇਆ ਹੈ।

ਪੜ੍ਹਣਯੋਗ ਪੁਸਤਕਾਂ


- ਸਰਬਜਿੰਦਰ ਸਿੰਘ, ਡਾ. (ਸੰਪਾ.), ਵਿਸ਼ਵ ਧਰਮ ਬਾਨੀ, ਗ੍ਰੰਥ ਸੰਪ੍ਰਦਾਇ ਅਤੇ ਚਿੰਤਕ (ਚਾਰ ਭਾਗ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.
  - ਤੇਜਿੰਦਰ ਕੌਰ ਧਾਲੀਵਾਲ, ਯਹੂਦੀ ਅਤੇ ਈਸਾਈ ਧਰਮ: ਇਕ ਸੰਖੇਪ ਜਾਣਕਾਰੀ, ਗ੍ਰੇਸੀਅਸ ਬੁੱਕਸ, ਪਟਿਆਲਾ, 2017
- ਪ੍ਰਤਾਪ ਸਿੰਘ (ਗਿਆਨੀ), *ਸੰਸਾਰ ਦਾ ਧਾਰਮਿਕ ਇਤਿਹਾਸ*, ਜਵਾਹਰ ਸਿੰਘ ਕ੍ਰਿਪਾਲ ਸਿੰਘ, ਖਾਲਸਾ ਬ੍ਰਦਰਜ਼, ਅੰਮ੍ਰਿਤਸਰ, 1976
- Bhagat Singh Hira, Semitic Religious Thought and Sikhism, National Book Shop, Delhi, 1992
- Gurbachan Singh Talib, An Advanced Book of Religious Studies, Punjabi University Patiala, 1974
- Leora Batnitzky, How Judaism Became a Religion: An Introduction to Modern Jewish Thought, Princeton University Press, New jersey, 2013
- Max I. Dimont, Jews, God, and History, Penguin USA, 2004
- M Friedlander, The Jewish Religion, Forgotten Books, London, 2018

- Milton Steinberg, Basic Judaism, Harcourt Publishers Group (Australia) Pty.Ltd, 1975


ਅਭਿਆਸ ਲਈ ਪ੍ਰਸ਼ਨ

ਵੱਡੇ ਪ੍ਰਸ਼ਨ

1. ਪੁਰਾਣੇ ਅਹਿਦਨਾਮੇ ਬਾਰੇ ਤੁਸੀਂ ਕੀ ਜਾਣਦੇ ਹੋ?
2. ਤੋਰਾਹ ਅਤੇ ਨਬੀਮ ਕੀ ਹਨ?
3. ਯਹੂਦੀ ਧਰਮ ਗ੍ਰੰਥਾਂ ਉੱਤੇ ਨੋਟ ਲਿਖੋ।

ਛੋਟੇ ਪ੍ਰਸ਼ਨ

1. ਤੋਰਾਹ
2. ਨਬੀਮ
3. ਕੈਥੂਬੀਮ

## 9. ਨਵਾਂ ਅਹਿਦਨਾਮਾ: ਇਤਿਹਾਸਕ ਵਖਿਆਨ, ਪੱਤਰ, ਪ੍ਰਕਾਸ਼ ਦੀ ਪੋਥੀ

9.0 ਉਦੇਸ਼

9.1 ਜਾਣ-ਪਛਾਣ

9.2 ਨਵੇਂ ਨੇਮ ਬਾਰੇ ਜਾਣਕਾਰੀ

9.3 ਇਤਿਹਾਸਕ ਵਖਾਨ

9.3.1 ਸੰਤ ਮਤੀ ਦੁਆਰਾ ਲਿਖਿਆ ਸ਼ੁਭ ਸਮਾਚਾਰ

9.3.2 ਸੰਤ ਲੁਕਾ ਦੁਆਰਾ ਲਿਖਿਆ ਸ਼ੁਭ ਸਮਾਚਾਰ

9.3.3 ਸੰਤ ਯਹੂੰਨਾ ਦੁਆਰਾ ਲਿਖਿਆ ਸ਼ੁੱਭ ਸਮਾਚਾਰ

9.3.4 ਚੇਲਿਆਂ ਦੇ ਕਰੱਤਵ

9.4 ਪੱਤਰ

9.4.1 ਸੰਤ ਪੋਲੁਸ ਦਾ ਕੁਰਿੰਥੁਸ ਦੀ ਵਿਸ਼ਵਾਸ ਸੰਗਤ ਨੂੰ ਪਹਿਲਾ ਪੱਤਰ

9.4.2 ਸੰਤ ਪੋਲੁਸ ਦਾ ਮਲਾਤੀਆਂ ਦੀ ਵਿਸ਼ਵਾਸ ਸੰਗਤ ਨੂੰ ਪੱਤਰ

9.4.3 ਸੰਤ ਪੋਲੁਸ ਦਾ ਫਿਲਪੀਆ ਦੀ ਵਿਸ਼ਵਾਸ ਸੰਗਤ ਨੂੰ ਪੱਤਰ

9.4.4 ਥੱਸਲਕੁਕੀਆ ਦੀ ਸੰਗਤ ਨੂੰ ਪਹਿਲਾ ਤੇ ਦੂਜਾ ਪੱਤਰ

9.4.5 ਸੰਤ ਪੋਲੁਸ ਦਾ ਤਿਮੋਥਿਉਸ ਨੂੰ ਪਹਿਲਾ ਤੇ ਦੂਜਾ ਪੱਤਰ

9.4.6 ਇਬਰਾਨੀਆ ਨੂੰ ਪੱਤਰ

9.4.7 ਸੰਤ ਯਾਕੂਬ ਦਾ ਪੱਤਰ

9.4.8 ਸੰਤ ਪਤਰਸ ਦਾ ਪਹਿਲਾ ਤੇ ਦੂਜਾ ਪੱਤਰ

9.4.9 ਯਹੂੰਨਾ ਦਾ ਪਹਿਲਾ, ਦੂਜਾ ਅਤੇ ਤੀਜਾ ਪੱਤਰ

9.4.10 ਸੰਤ ਯਹੂਦਾ ਦਾ ਪੱਤਰ

9.5 ਪ੍ਰਕਾਸ਼ ਦੀ ਪੋਥੀ

9.5.1 ਸੱਤਾਂ ਵਿਸ਼ਵਾਸ ਸੰਗਤਾਂ ਨੂੰ ਨਮਸਕਾਰ

9.5.2 ਅਫਸੁਸ ਦੀ ਵਿਸ਼ਵਾਸ ਸੰਗਤ ਨੂੰ ਸੰਦੇਸ਼

9.5.3 ਸੁਮਰਨੇ ਦੀ ਵਿਸ਼ਵਾਸ ਸੰਗਤ ਨੂੰ ਸੰਦੇਸ਼

9.5.4 ਸਾਰਦੀਸ ਵਿਸ਼ਵਾਸ ਸੰਗਤ ਨੂੰ ਸੰਦੇਸ਼

9.6 ਕਥਾ ਵਿਧੀਆਂ ਦੀ ਵਰਤੋਂ

9.7 ਨਵਾਂ ਨਿਯਮ ਅਨੁਸਾਰ ਈਸ਼ਵਰ ਦਾ ਰਾਜ ਅਤੇ ਪ੍ਰੇਮ ਤੇ ਭਾਈਚਾਰਾ

9.7.1 ਈਸ਼ਵਰ ਦਾ ਰਾਜ

9.7.2 ਅੰਜੀਲ ਅਨੁਸਾਰ

9.7.3 ਪ੍ਰੇਮ ਦੀ ਮਹੱਤਤਾ

9.7.4 ਆਪਸੀ ਪ੍ਰੇਮ

9.7.5 ਗੁਆਂਢੀ ਨਾਲ ਪ੍ਰੇਮ

9.7.6 ਪਰਾਇਆਂ ਨਾਲ ਪ੍ਰੇਮ

9.7.7 ਸਰਬੱਤ ਦਾ ਭਲਾ

9.7.8 ਆਪਸੀ ਸਹਾਇਤਾ ਅਤੇ ਮੇਲ-ਜੋਲ

9.8 ਸਾਰ

9.9 ਪੜ੍ਹਣਯੋਗ ਪੁਸਤਕਾਂ

9.10 ਅਭਿਆਸ ਲਈ ਪ੍ਰਸ਼ਨ

9.0 ਉਦੇਸ਼

9.1 ਜਾਣ-ਪਛਾਣ

9.2 ਨਵੇਂ ਨੇਮ ਬਾਰੇ ਜਾਣਕਾਰੀ (Introduction to New Testament)

ਈਸਾਈ ਧਰਮ ਦਾ ਆਰੰਭ ਭਗਵਾਨ ਈਸਾ ਦੇ ਉਪਦੇਸ਼ਾਂ ਨਾਲ ਈਸਵੀ ਸਨ ਦੇ ਆਰੰਭ ਵਿਚ ਹੋਇਆ। ਆਪ ਨੇ ਯਹੂਦੀ ਧਰਮ ਦੀ ਨਵੀਂ ਵਿਆਖਿਆ ਕੀਤੀ ਅਤੇ ਇਕ ਸਰਲ ਅਤੇ ਵਿਸ਼ਵ-ਵਿਆਪੀ ਧਰਮ ਦਾ ਪ੍ਰਚਾਰ ਕੀਤਾ। ਬਾਈਬਲ ਦੇ ਦੋ ਪ੍ਰਮੁੱਖ ਭਾਗ ਹਨ- ਪਹਿਲੇ ਭਾਗ ਨੂੰ ਯਹੂਦੀ ਬਾਈਬਲ ਜਾਂ ਪੁਰਾਣਾ ਅਹਿਦਨਾਮਾ (Old Testament) ਕਿਹਾ ਜਾਂਦਾ ਹੈ। ਬਾਈਬਲ ਦੇ ਦੂਜੇ ਭਾਗ ਨੂੰ 'ਨਵਾਂ ਨੇਮ' (New Testament) ਕਿਹਾ ਜਾਂਦਾ ਹੈ। ਇਸ ਵਿਚ 27 ਪੁਸਤਕਾਂ ਸ਼ਾਮਿਲ ਹਨ। ਇਨ੍ਹਾਂ ਸਤਾਈ ਪੁਸਤਕਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ:-

1. ਇਤਿਹਾਸਕ ਵਖਾਨ।
2. 21 ਪੱਤਰ।
3 ਪ੍ਰਕਾਸ਼ ਦੀ ਪੋਥੀ।

ਇਹਨਾਂ ਤਿੰਨ ਭਾਗਾਂ ਦਾ ਸੰਖੇਪ ਵਰਣਨ ਇਸ ਤਰ੍ਹਾਂ ਹੈ ਜਿਨ੍ਹਾਂ ਦਾ ਵਰਣਨ ਇਸ ਪ੍ਰਕਾਰ ਹੈ: -

9.3 ਇਤਿਹਾਸਕ ਵਖਾਨ:- ਇਸ ਭਾਗ ਵਿਚ ਪਹਿਲੀਆਂ ਪੰਜ ਪੋਥੀਆਂ ਸ਼ਾਮਿਲ ਹਨ।

ੳ) ਸੰਤ ਮਤੀ ਦੁਆਰਾ ਲਿਖਿਆ ਸ਼ੁਭ ਸਮਾਚਾਰ।
ਅ) ਸੰਤ ਮਰਕੁਸ ਦੁਆਰਾ ਲਿਖਿਆ ਗੁਰ ਸਮਾਚਾਰ।

ੲ) ਸੰਤ ਲੁਕਾ ਦੁਆਰਾ ਲਿਖਿਆ ਸਭ ਸਮਾਚਾਰ।

ਸ) ਸੈਡ ਯੂਹੰਨਾ ਦੁਆਰਾ ਲਿਖਿਆ ਸੂਤ ਸਮਾਚਾਰ।

ਹ) ਚੇਲਿਆਂ ਦੇ ਕਰਤਵ

ਇਨ੍ਹਾਂ ਸਾਰੀਆਂ ਪੁਸਤਕਾਂ ਵਿਚ ਈਸਾ ਮਸੀਹ ਦਾ ਜੀਵਨ ਬਿਆਨ ਕੀਤਾ ਗਿਆ ਹੈ –

9.3.1 ਸੰਤ ਮਤੀ ਦੁਆਰਾ ਲਿਖਿਆ ਸ਼ੁਭ ਸਮਾਚਾਰ:- ਇਸ ਪੁਸਤਕ ਦੇ 28 ਅਧਿਆਇ ਹਨ। ਇਸ ਪੁਸਤਕ ਦੇ ਆਰੰਭ ਵਿਚ ਯਸੂ ਮਸੀਹ ਦੇ ਵੰਸ਼ ਦਾ ਵਰਣਨ ਕੀਤਾ ਗਿਆ ਹੈ। ਲਿਖਿਆ ਹੈ, ਯਸੂ ਮਸੀਹ ਦੇ ਵੰਸ਼ ਦਾ ਲੇਖਾ ਇਸ ਤਰ੍ਹਾਂ ਹੈ ਉਹ ਦਾਊਦ ਦੇ ਵੰਸ਼ ਵਿਚੋਂ ਸਨ. ਜੋ ਅਬਰਾਹਮ ਦੇ ਵੰਸ਼ ਵਿਚੋਂ ਸੀ। ਅਬਰਾਹਮ ਇਸਹਾਕ ਦਾ ਪਿਤਾ ਸੀ। ਇਸਹਾਕ ਯਾਕੂਬ ਦਾ ਅਤੇ ਯਾਕੂਬ, ਯਹੂਦਾ ਅਤੇ ਉਸ ਦੇ ਭਰਾਵਾਂ ਦਾ ਪਿਤਾ ਸੀ। ਅੱਗੇ ਜਾ ਕੇ ਦੱਸਿਆ ਗਿਆ ਹੈ ਕਿ ਯਸੂ ਦੇ ਜਨਮ ਤੋਂ ਕੁਝ ਚਿਰ ਪਿੱਛੋਂ ਪੂਰਬ ਦੇ ਤਾਰਿਆ ਦਾ ਗਿਆਨ ਰੱਖਣ ਵਾਲ ਕੁਝ ਪੰਡਿਤ ਯਰੂਸਲਮ ਵਿਚ ਆਏ। ਇਸ ਤੋਂ ਇਲਾਵਾ ਇਸ ਪੁਸਤਕ ਵਿਚੋਂ ਪ੍ਰਭੂ ਯਸੂ ਦਾ ਪਰਤਿਆ ਜਾਣਾ, ਮਲੀਕ ਦੇ ਇਲਾਕੇ ਵਿਚ ਸੇਵਾ ਦਾ ਆਰੰਭ, ਪਹਾੜੀ ਉਪਦੇਸ਼, ਲੂਣ ਚੱਟਾਨ, ਵੱਖ-ਵੱਖ ਸਿੱਖਿਆਵਾਂ, ਇਕ ਅਧਰੋਗੀ ਨੂੰ ਠੀਕ ਕਰਨਾ, ਫਲ ਤੋਂ ਰੁੱਖ ਦੀ ਪਛਾਣ, ਪੰਜ ਹਜ਼ਾਰ ਨੂੰ ਰਜਾਉਣਾ। ਬੱਚਿਆਂ ਨੂੰ ਅਸ਼ੀਰਵਾਦ ਦੇਣਾ, ਦਸ ਕੁਆਰੀਆਂ ਦੀ ਰੂਪ ਕਥਾ, ਚੇਲਿਆ ਨਾਲ ਆਖਰੀ ਭੇਜ, ਭੂ ਯਸੂ ਨੂੰ ਮੌਤ ਦੀ ਰਜ਼ਾ ਆਦਿ ਸਿਰਲੇਖਾਂ ਅਧੀਨ ਪ੍ਰਭੂ ਯਸੂ ਮਸੀਹ ਦੇ ਜੀਵਨ ਬਿਰਤਾਂਤ ਨੂੰ ਬਿਆਨ ਕੀਤਾ ਗਿਆ ਹੈ।

9.3.2 ਸੰਤ ਮਰਕੁਸ ਦੁਆਰਾ ਲਿਖਿਆ ਸ਼ੁੱਭ ਸਮਾਚਾਰ:- ਇਸ ਪੁਸਤਕ ਦੇ 16 ਅਧਿਆਇ ਹਨ। ਇਸ ਵਿਚ ਯਸੂ ਮਸੀਹ ਦੇ ਜੀਵਨ ਸਮਾਚਾਰ ਨੂੰ ਸੰਤ ਮਰਕੁਸ ਨੇ ਆਪਣੇ ਢੰਗ ਨਾਲ ਪੇਸ਼ ਕੀਤਾ ਹੈ। ਇਸ ਪੁਸਤਕ ਦੇ ਪ੍ਰਮੁੱਖ ਸਿਰਲੇਖ ਹਨ-ਪ੍ਰਭੂ ਯਸੂ ਦਾ ਬਪਤਿਸਮਾ, ਵਿ ਸੇਵਾ ਦਾ ਆਰੰਭ, ਪਹਿਲੇ ਚਾਰ ਚੇਲਿਆਂ ਨੂੰ ਸੱਦਿਆ ਜਾਣਾ, ਪਤਰਸ ਦੀ ਸੱਸ ਨੂੰ ਚੰਗਾ ਕਰਨਾ, ਇਕ ਕੋੜ੍ਹੀ ਨੂੰ ਕੋੜ੍ਹ ਤੋਂ ਛੁਟਕਾਰਾ, ਇਕ ਅਧਰੰਗੀ ਨੂੰ ਠੀਕ ਕਰਨਾ, ਬਾਰਾਂ ਰਸੂਲਾਂ ਦੀ ਦੇਣ, ਹਨੇਰੀ ਦਾ ਬੰਦ ਕਰਨਾ, ਇਕ ਆਦਮੀ ਵਿਚੋਂ ਅਸ਼ੁੱਧ ਆਤਮਾ ਨੂੰ ਕੱਢਣਾ, ਬਾਰਾ ਚਲਿਆਂ ਨੂੰ ਪ੍ਰਚਾਰ ਲਈ ਘਲਣਾ, ਪੰਜ ਹਜ਼ਾਰ ਨੂੰ ਰਜਾਉਣਾ, ਇਕ ਬੋਲੇ ਅਤੇ ਗੂੰਗੇ ਨੂੰ ਠੀਕ ਕਰਨਾ, ਦੁੱਖਾਂ ਅਤੇ ਜੁਲਮਾਂ ਬਾਰੇ ਅੰਗਮੀ ਵਾਕ, ਪ੍ਰਭੂ ਯਸ਼ੂ ਦੀ ਮਾਰਨ ਦੀ ਵਿਉਂਤ, ਮਤਸਮਨੀ 2 ਬਾਗ ਵਿਚ ਪ੍ਰਾਰਥਨਾ, ਸਭਾ ਦੇ ਸਾਹਮਣੇ ਪੇਸ਼ੀ, ਪ੍ਰਭੂ ਯਸੂ ਦੀ ਮੋਤ।

9.3.3 ਸੰਤ ਲੁਕਾ ਦੁਆਰਾ ਲਿਖਿਆ ਸ਼ੁੱਭ ਸਮਾਚਾਰ:- ਇਸ ਦੇ 24 ਅਧਿਆਇ ਹਨ। ਇਸ ਵਿੱਚ ਵੀ ਵੱਖ-ਵੱਖ ਸਿਰਲੇਖਾਂ ਅਧੀਨ ਪ੍ਰਭੂ ਯਸੂ ਮਸੀਹ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਨੂੰ ਬਿਆਨਿਆ ਗਿਆ ਹੈ। ਇੱਥੇ ਅਸੀਂ ਡਾ. ਗੁਰਬਚਨ ਸਿੰਘ ਤਾਲਿਬ ਦੀ ਪੁਸਤਕ ਸੰਸਾਰ ਦੇ ਕੁਝ ਮੁੱਖ ਧਰਮ ਦੇ ਆਧਾਰ 'ਤੇ ਅਸੀਂ ਇਸ ਪੁਸਤਕ ਵਿਚ ਦਰਜ ਈਸਾ ਮਸੀਹ ਦੇ ਜਨਮ ਬਾਰੇ ਜਾਣਕਾਰੀ ਦੇ ਰਹੇ ਹਾਂ- "ਉਹਨਾਂ ਦਿਨਾਂ ਵਿਚ ਸ਼ਹਿਨਸ਼ਾਹ ਅੰਗੂਸਤੁਸ L ਨੇ ਸਮੁੱਚੇ ਰੋਮਨ ਜਗਤ ਵਿਚ ਆਮ ਲੋਕਾਂ ਲਈ ਨਾਮ ਦਰਜ ਕਰਾਉਣ ਲਈ ਇਕ ਹੁਕਮ ਜਾਰੀ ਕਰ ਦਿੱਤਾ ਸੀ। ਇਹ ਆਪਣੀ ਕਿਸਮ ਦਾ ਪਹਿਲਾ ਹੁਕਮ ਸੀ। ਇਹ ਉਦੋਂ ਕੀਤਾ। ਗਿਆ ਜਦੋਂ ਸੀਰੀਆ ਦਾ ਗਵਰਨਰ ਕੁਰਨਿਯੁਸ ਸੀ। ਇਸ ਉਦੇਸ਼

ਲਈ ਹਰ ਕੋਈ ਆਪੋ- ਆਪਣੇ ਨਗਰ ਨੂੰ ਚਲ ਪਿਆ। ਸੋ ਯੂਸਫ ਵੀ ਨਾਂ ਦਰਜ ਕਰਾਉਣ ਲਈ ਗਲੀਲ ਦੇ ਨਜਰਬ ਲਗਰ ਤੋਂ ਯਹੂਦੀਆਂ ਵਿਚ ਦਾਊਦ ਦੇ ਨਗਰ ਬੈਥਲਹਮ ਗਿਆ, ਕਿਉਂਕਿ ਉਹ ਦਾਊਦ ਹੈ। ਘਰਾਣੇ ਅਤੇ ਔਲਾਦ ਵਿਚੋਂ ਸੀ। ਉਸ ਦੇ ਨਾਲ ਉਸ ਦੀ ਮੰਗੇਤਰ ਮਰੀਅਮ ਵੀ ਗਈ। ਉਹ ਉਸ ਨੂੰ ਬੱਚੇ ਦੇ ਪੈਦਾ ਹੋਣ ਦੀ ਆਸ ਲੱਗ ਪਈ ਅਤੇ ਜਦੋਂ ਹਾਲੇ ਉਹ ਉੱਥੇ ਹੀ ਸਨ ਕਿ ਉਂਤੇ ਦੇ ਬੱਚੇ ਦੀ ਪੈਦਾਇਸ਼ ਦਾ ਸਮਾਂ ਆ ਪਹੁੰਚਿਆ ਅਤੇ ਉਸ ਨੇ ਇਕ ਪੁੱਤਰ ਨੂੰ ਜਨਮ ਦਿੱਤਾ। ਇਹ ਉਸ ਦਾ ਜੇਠਾ ਪੁੱਤਰ ਸੀ । ਉਸ ਨੇ ਉਸ ਨੂੰ ਪੋਤੜਿਆਂ ਵਿਚ ਵਲ੍ਹਟ ਕੇ ਇਕ ਖੁਰਲੀ ਵਿਚ ਰੱਖਿਆ। ਕਿਉਂਕਿ ਉਨ੍ਹਾਂ ਨੂੰ ਰਿਹਾਇਸ ਲਈ ਸਰਾ ਵਿਚ ਕਮਰਾ ਨਹੀਂ ਸੀ ਮਿਲ ਸਕਿਆ।"

9.3.4 ਸੰਤ ਯਹੂੰਨਾ ਦੁਆਰਾ ਲਿਖਿਆ ਸ਼ੁੱਭ ਸਮਾਚਾਰ:- ਸੰਤ ਯਹੂੰਨਾ ਦੁਆਰਾ ਲਿਖੀ ਇਸ ਪੁਸਤਕ ਵਿਚ 21 ਅਧਿਆਇ ਹਨ। ਇਸ ਪੁਸਤਕ ਵਿਚ ਵੀ ਪ੍ਰਭੂ ਯਿਸੂ ਦੇ ਜੀਵਨ ਸਮਾਚਾਰਾਂ ਨੂੰ ਆਪਣੇ ਢੰਗ ਨਾਲ ਅਤੇ ਵੱਖ-ਵੱਖ ਸਿਰਲੇਖਾਂ ਅਧੀਨ ਬਿਆਨ ਕੀਤਾ ਹੈ। ਪ੍ਰਮੁੱਖ ਸਿਰਲੇਖ ਹਨ-ਸ੍ਰਿਸ਼ਟੀ ਦੀ ਰਚਨਾ ਸ਼ਬਦ ਤੋਂ, ਉਹ ਜਿਹੜਾ ਸਵਰਗ ਤੋਂ ਆਇਆ, ਬੈਤਮੰਦਾ ਦੇ ਤਲਾ ਉੱਤੇ ਇਕ ਆਦਮੀ ਨੂੰ ਚੰਗਾ ਕਰਨਾ, ਵਿਭਚਾਰਨ ਔਰਤ ਦਾ ਛੁਟਕਾਰਾ, ਇਕ ਜਨਮ ਦੇ ਅੰਨ੍ਹੇ ਨੂੰ ਸੁਜਾਖਾ ਕਰਨਾ, ਯਹੂਦੀਆਂ ਦੁਆਰਾ ਰੱਦ ਜਾਣਾ, ਆਪਣੇ ਵਿਸ਼ਵਾਸਘਾਤੀ ਬਾਰੇ ਦੱਸਣਾ, ਪ੍ਰਭੂ ਯਸੂ ਦਾ ਪਕੜਿਆ ਜਾਣਾ ਅਤੇ ਪੁਰੋਹਿਤ ਅੱਗ ਪੇਸ਼ੀ, ਪ੍ਰਤੂ ਯਸੂ ਦਾ ਚੱਲਿਆ ਨੂੰ ਦਰਸ਼ਨ ਦੇਣਾ ਆਦਿ। ਇਸ ਪੋਥੀ ਦੇ ਵਿਦਾਇਗੀ ਦੇ ਸ਼ਬਦਾਂ ਸਿਰਲੇਖ ਅਧੀਨ ਘਟਨਾ ਵਿਚ ਕੀ ਦਿੱਤਾ ਹੈ ਇਸ ਨੂੰ ਪ੍ਰੋ. ਤਾਲਿਬ ਇਨ੍ਹਾਂ ਸ਼ਬਦਾਂ ਵਿਚ ਉਲੀਕਦੇ ਹਨ। ਆਪਣੇ ਭਟਕਦੇ ਮਨ ਨੂੰ ਸ਼ਾਂਤ ਕਰੋ, ਹਮੇਸ਼ਾ ਪਰਮਾਤਮਾ ਵਿਚ ਵਿਸ਼ਵਾਸ ਕਰੋ। ਮੇਰੇ ਪਿਤਾ ਦੇ ਘਰ ਵਿਚ ਬਹੁਤ ਸਾਰੇ ਨਿਵਾਸ ਸਥਾਨ ਹਨ। ਜੇ ਇਹ ਨਾ ਹੁੰਦੇ ਤਾਂ ਮੈਂ ਤੁਹਾਨੂੰ ਅਵੱਸ਼ ਹੀ ਕਹਿ ਦਿੰਦਾ: ਮੈਂ ਤੁਹਾਡੇ ਲਈ ਉੱਥੇ ਥਾਂ ਬਣਾਉਣ ਲਈ ਜਾ ਰਿਹਾ ਹਾਂ ਅਤੇ ਜੇ ਮੈਂ ਉੱਥੇ ਜਾ ਕੇ ਤੁਹਾਡੇ ਲਈ ਥਾਂ ਬਣਾਵਾਂਗਾ ਤਾਂ ਹੀ ਮੈਂ ਮੁੜ ਆ ਕੇ ਤੁਹਾਨੂੰ ਉੱਥੇ ਲਿਜਾ ਸਕਾਂਗਾ ਤਾਂ ਜੋ ਜਿੱਥੇ ਮੈਂ ਹੋਵਾਂ ਤੁਸੀਂ ਵੀ ਉੱਥੇ ਹੀ ਹੋਵੋ। ਮੇਰੇ ਰਾਹ ਦਾ ਤਾਂ ਤੁਹਾਨੂੰ ਪਤਾ ਹੀ ਹੈ। ਬੋਮਸ ਨੇ ਕਿਹਾ ਹੈ, "ਹੇ ਪ੍ਰਭੂ ਸਾਨੂੰ ਨਹੀਂ ਪਤਾ ਕਿ ਤੁਸੀਂ ਕਿੱਥੇ ਜਾ ਰਹੇ ਹੋ ਇਸ ਲਈ ਅਸੀਂ ਉਸ ਰਸਤੇ ਨੂੰ ਕਿਵੇਂ ਜਾਣ ਸਕਦੇ ਹਾਂ ?" ਯਸੂਹ ਨੇ ਉੱਤਰ ਦਿੱਤਾ, "ਮੈਂ ਹੀ ਰਸਤਾ ਹਾਂ, ਮੈਂ ਹੀ ਸੱਚ ਹਾਂ = ਅਤੇ ਮੈਂ ਹੀ ਜੀਵਨ ਹਾਂ, ਮੇਰੇ ਵਸੀਲੇ ਬਿਨਾ ਕੋਈ ਵੀ ਪਰਮ ਪਿਤਾ ਪਰਮਾਤਮਾ ਪਾਸ ਨਹੀਂ ਆ ਸਕਦਾ।"

9.3.5 ਚੇਲਿਆਂ ਦੇ ਕਰੱਤਵ:- ਇਹ ਪੁਸਤਕ ਨਵੇਂ ਨੇਮ ਦੀ ਪੰਜਵੀਂ ਪੋਥੀ ਹੈ। ਇਸ ਦੇ - 28 ਅਧਿਆਇ ਹਨ। ਇਸ ਪੁਸਤਕ ਬਾਰੇ ਡਾ. ਮਨਮੋਹਨ ਸਿੰਘ ਨੇ ਲਿਖਿਆ ਹੈ ਕਿ ਇਹ ਪੁਸਤਕ ਸੰਤ ਲੁਕਾ ਦੁਆਰਾ ਲਿਖੀ ਗਈ ਇਕ ਇਤਿਹਾਸਕ ਪੁਸਤਕ ਹੈ ਜਿਸ ਵਿਚ ਈਸਾ - ਮਸੀਹ ਦੇ ਪ੍ਰਮੁੱਖ ਚੇਲਿਆਂ ਦੇ ਕੰਮਾਂ ਦਾ ਵਰਣਨ ਕੀਤਾ ਗਿਆ ਹੈ। ਇਸ ਵਿਚਲੇ ਸਮਾਚਾਰ ਨੂੰ - ਅੱਗੋਂ ਉਪ-ਸਿਰਲੇਖਾਂ ਅਧੀਨ ਬਿਆਨਿਆ ਗਿਆ ਹੈ। ਕੁਝ ਪ੍ਰਮੁੱਖ ਉਪ-ਸਿਰਲੇਖ ਹਨ- = ਮਾਨਯੋਗ ਬਿਓਫਿਲੁਸ ਯਹੂਦਾ ਦੇ ਉੱਤਰਾਧਿਕਾਰੀ ਦੀ ਚੋਣ, ਪਤਰਸ ਦਾ ਉਪਦੇਸ਼, ਗਾਨਿਯਾ - ਅਤੇ ਸਫੀਰ, ਪ੍ਰਮੁੱਖ ਚੇਲਿਆਂ 'ਤੇ ਅੱਤਿਆਚਾਰ, ਪਤਰਸ ਦਾ ਤਬੀਬਾ ਨੂੰ ਜਿੰਦਾ ਕਰਨਾ, 1 ਪਤਰਸ ਦੁਆਰਾ ਆਪਣੇ ਕੰਮ ਦੀ ਰਿਪੋਰਟ ਯਰੂਸ਼ਲਮ ਵਿਚ ਦੇਣਾ, ਹੇਰੋਦੇਸ਼ ਰਾਜਾ ਦੀ ਮੌਤ, ਯਰੂਸ਼ਲਮ ਵਿਚ ਵਿਸ਼ਵਾਸ ਸੰਗਤ ਦੀ ਸਭਾ ਪੋਲਸ ਦੀ ਮਕਦੂਨੀਆ

ਅਤੇ ਯੂਨਾਨ ਦੀ ਯਾਤਰਾ, ਪੋਲੂਸ ਦੀ ਮੰਦਰ ਵਿਚ ਗ੍ਰਿਫ਼ਤਾਰੀ, ਪੋਲੂਸ ਦੀ ਕੈਸਰ (ਸਮਰਾਟ) ਅੱਗੇ ਅਪੀਲ, ਪੋਲੂਸ ਦੀ ਰੋਮ ਯਾਤਰਾ ਦਾ ਸ਼ੁਰੂ ਆਦਿ।

9.4 21 ਪੱਤਰ (21 Epistites):- ਨਵਾਂ ਨੇਮ ਦੇ ਦੂਜੇ ਭਾਗ ਨੂੰ ਅਸੀਂ 21 ਪੱਤਰ - ਆਖਦੇ ਹਾਂ ਕਿਉਂਕਿ ਇਸ ਭਾਗ ਵਿਚ ਵੱਖ-ਵੱਖ ਲੋਕਾਂ (ਸੰਗਤਾਂ) ਦੇ ਨਾਮ ਲਿਖੇ ਪੱਤਰ ਹਨ। ਇਹ ਭਾਗ ਛੇਵੀਂ ਪੁਸਤਕ ਤੋਂ ਆਰੰਭ ਹੁੰਦਾ ਹੈ ਅਤੇ 'ਨਵਾਂ ਨੇਮ' ਵਿਚ ਇਨ੍ਹਾਂ ਪੁਸਤਕਾਂ ਸੰਬੰਧੀ ਵੱਖ-ਵੱਖ ਸਿਰਲੇਖ ਮਿਲਦੇ ਹਨ। ਹੇਠਾਂ ਅਸੀਂ ਪ੍ਰਮੁੱਖ ਪੱਤਰਾਂ ਦਾ ਸੰਖੇਪ ਵਰਣਨ ਦੇ ਰਹੇ ਹਾਂ-

9.4.1 ਸੰਤ ਪੋਲਸ ਦਾ ਰੋਮ ਦੀ ਵਿਸ਼ਵਾਸ ਸੰਗਤ ਨੂੰ ਪੱਤਰ:- ਇਸ ਦੇ 16 ਅਧਿਆਇ ਹਨ ਜਿਨ੍ਹਾਂ ਦੀ ਪਦ ਸੰਖਿਆ 14 ਤੋਂ 39 ਤੱਕ ਹੈ। ਇਸ ਪਤਰ ਵਿਚ ਸੰਤ ਪੋਲੁਸ ਨੇ ਰੋਮ ਨਿਵਾਸੀਆਂ ਨੂੰ ਉਪਦੇਸ਼ ਦਿੱਤਾ ਹੈ ਕਿ ਉਹ ਈਸਾ ਮਸੀਹ ਉੱਤੇ ਵਿਸ਼ਵਾਸ ਕਰਨ। ਇਸ ਨਾਲ ਉਹਨਾਂ ਨੂੰ ਪਾਪਾ ਦੀ ਗੁਲਾਮੀ ਤੋਂ ਛੁਟਕਾਰਾ ਮਿਲੇਗਾ। ਇਸ ਵਿਚ ਮਨੁੱਖ ਨੂੰ ਧੀਰਜ ਰੱਖਣ ਦੀ ਪ੍ਰਰਨਾ ਅਤੇ ਮਤਲੱਧੀ ਨਾ ਬਣਨ ਦੀ ਪ੍ਰੇਰਨਾ ਦਿੱਤੀ ਹੈ। ਲਿਖਿਆ ਹੈ। ਜਿਹੜੇ ਲੋਕੀ ਧੀਰਜ ਨਾਲ ਕਲ ਕੰਮ ਕਰਦੇ ਹੋਏ ਵਡਿਆਈ। ਆਦਰ ਅਤੇ ਸਦੀਵਤਾ ਦੀ ਖੋਜ ਵਿਚ ਹਨ। ਉਹਨਾਂ ਨੂੰ ਉਹ ਅਨੰਤ ਜੀਵਨ ਪ੍ਰਦਾਨ ਕਰੇਗਾ ਪਰ ਜਿਹੜੇ ਆਪਣਾ ਮਤਲਬ ਕੱਢਦ ਅਤੇ ਸਤ ਨੂੰ ਨਾ ਮੰਨਦੇ ਹੋਏ ਬੁਰਾਈ ਦੇ ਪਿੱਛੇ ਚਲਦੇ ਹਨ। ਉਹਨਾਂ 'ਤੇ ਪਰਮੇਸ਼ਵਰ ਦੀ ਦੇਵੀ ਸਜ਼ਾ ਅਤੇ ਗੁੱਸਾ ਪ੍ਰਗਟ ਹੋਵੇਗਾ।

9.4.2 ਸੰਤ ਪੋਲਸ ਦਾ ਕੁਰਿੰਥੁਸ ਦੀ ਵਿਸ਼ਵਾਸ-ਸੰਗਤ ਨੂੰ ਪਹਿਲਾ ਪੱਤਰ - ਇਸ ਦੇ 16 ਅਧਿਆਇ ਹਨ। ਇਸ ਵਿਚ ਪਰਮਾਤਮਾ ਦੇ ਗੁਪਤ ਗਿਆਨ ਦੀ ਗੱਲ ਕੀਤੀ ਹੈ। ਮਨੁੱਖੀ ਗਿਆਨ ਨਾਲੇ ਆਤਮਿਕ ਗਿਆਨ ਨੂੰ ਉੱਚ ਦਰਸਾਇਆ ਹੈ। ਇਸ ਤੋਂ ਇਲਾਵਾ ਇਸ ਵਿਚ ਉਸ ਯੁੱਗ ਦੇ ਬਹੁਤ ਸਾਰੇ ਧਾਰਮਿਕ ਅਤੇ ਸਮਾਜਿਕ ਪ੍ਰਸ਼ਨਾਂ ਦੇ ਉੱਤਰ ਵੀ ਦਿੱਤੇ ਗਏ ਹਨ।

9.4.3 ਸੰਤ ਪੋਲਸ ਦਾ ਮਲਾਤੀਆਂ ਦੀ ਵਿਸ਼ਵਾਸ ਸੰਗਤ ਨੂੰ ਪੱਤਰ:- ਇਸ ਦੇ 6 ਅਧਿਆਇ ਹਨ ਜਿਹਨਾਂ ਦੀ ਕ੍ਰਮਵਾਰ ਪਦ-ਸੰਖਿਆ ਤਿੰਨ-ਡਿਨ ਹੈ। ਇਸ ਵਿੱਚ ਸੇਵਾ ਆਪਸੀ ਸਹਾਇਤਾ, ਦੇਵੀ ਗੁਣਾ, ਰੂਪ ਸਪਤੀ ਆਦਿ ਨੂੰ ਗ੍ਰਹਿਣ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ।

9.4.4 ਸੰਤ ਪੋਲੁਸ ਦਾ ਫਿਲਪੀਆ ਦੀ ਵਿਸ਼ਵਾਸ ਸੰਗਤ ਨੂੰ ਪੱਤਰ:- ਇਸ ਪੁਸਤਕ ਦੇ ਵੀ 6 ਅਧਿਆਇ ਹਨ। ਇਸ ਵਿਚ ਮਨੁੱਖ ਨੂੰ ਆਪਣੇ ਅੰਗੁਣ ਤਿਆਗ ਕੇ ਈਸਵਰੀ ਗੁਣਾ ਰੂਪੀ ਹਥਿਆਰ ਨਾਲ ਲੈਸ ਹੋਣ ਦੀ ਪ੍ਰੇਰਨਾ ਮਿਲਦੀ ਹੈ।

9.4.5 ਥੱਸਲਕੁਕੀਆ ਦੀ ਸੰਗਤ ਨੂੰ ਪਹਿਲਾ ਤੇ ਦੂਜਾ ਪੱਤਰ- ਪਹਿਲੇ ਪੱਤਰ ਵਾਲੀ ਪੁਸਤਕ ਦੇ 5 ਅਧਿਆਇ ਹਨ ਅਤੇ ਦੂਜੀ ਦੇ ਤਿੰਨ ਅਧਿਆਇ ਹਨ। ਦੋਹਾਂ ਪੁਸਤਕਾਂ ਵਿਚ ਕੁਝ ਸਥਾਨਿਕ ਧਾਰਮਿਕ ਸਮੱਸਿਆਵਾਂ ਅਤੇ ਈਸਾ ਮਸੀਹ ਦੇ ਮੁੜ ਆਉਣ ਸੰਬੰਧੀ ਵਰਣਨ ਮਿਲਦਾ ਹੈ। ਇਸ ਦੇ ਨਾਲ ਹੀ ਮਨੁੱਖ ਨੂੰ ਵਿਹਲੇ ਰਹਿ ਕੇ ਦੂਜਿਆ ਉੱਪਰ ਭਾਰ ਬਣਨ ਤੇ ਰਰਿਆ ਹੈ।

9.4.6 ਸੰਤ ਪੈਲਸ ਦਾ ਤਿਮੋਥਿਉਸ ਨੂੰ ਪਹਿਲਾ ਤੇ ਦੂਜਾ ਪੱਤਰ - ਪਹਿਲੇ ਪੱਤਰ ਦੇ ਏ ਅਧਿਆਇ ਹਨ ਅਤੇ ਦੂਜੇ ਦੇ ਚਾਰ ਪਦਾਂ ਦੀ ਸੰਖਿਆ ਤਿੰਨ-ਭਿੰਨ ਹੈ। ਇਨ੍ਹਾਂ ਵਿਚ ਮਨੁੱਖ ਨੂੰ ਆਤਮਿਕ ਰੱਖਿਅਕ ਬਣਨ ਦੀ ਪ੍ਰੇਰਨਾ ਦਿੱਤੀ ਗਈ ਹੈ। ਪਹਿਲੇ ਪੱਤਰ ਵਿਚ ਲਿਖਿਆ ਹੈ। "ਜੇਕਰ ਕੋਈ ਮਨੁੱਖ ਆਤਮਿਕ ਰੱਖਿਅਕ ਬਣਨ ਦੀ ਚਾਹ ਕਰਦਾ ਹੈ, ਤਾਂ ਉਹ ਨੇਕ ਕੰਮ ਕਰਨ ਦੀ ਸੋਚਦਾ ਹੈ। ਇਸ ਲਈ ਆਤਮਿਕ ਰੱਖਿਅਕ ਨਿੰਦਾ ਰਹਿਤ, ਇਕ ਪਤਨੀ ਦਾ ਪਤੀ ਸੂਝਵਾਨ, ਆਤਮ ਸੰਜਮੀ, ਨਿਮਰ, ਮਹਿਮਾਨ-ਨਿਵਾਜ ਅਤੇ ਇਕ ਚੰਗਾ ਸਿੱਖਿਅਕ ਹੋਵੇ।"

9.4.7 ਇਬਰਾਨੀਆਂ ਨੂੰ ਪੱਤਰ:- ਇਸ ਵਿਚ 11 ਅਧਿਆਇ ਹਨ ਅਤੇ ਇਸ ਦੇ ਲੇਖੀ ਦਾ ਨਾਮ ਪਤਾ ਨਹੀਂ ਲੱਗਦਾ। ਇਸ ਪੱਤਰ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਯਹੂਦੀ ਧਰਮ ਅਤੇ ਈਸਾਈ ਧਰਮ ਦੇ ਅੰਤਰ ਨੂੰ ਸਮਝਾਇਆ ਗਿਆ ਹੈ ਅਤੇ ਨਾਲ ਹੀ ਦੱਸ ਧਰਮ ਅਨੁਸਾਰ ਵਿਸ਼ਵਾਸ ਨੂੰ ਸਭ ਤੋਂ ਉੱਤਮ ਅਤੇ ਵਧੇਰੇ ਮਹੱਤਵਪੂਰਨ ਦਰਸਾਇਆ ਗਿਆ ਹੈ।

9.4.8 ਸੰਤ ਯਾਕੂਬ ਦਾ ਪੱਤਰ-ਇਹ ਨਵੇਂ ਨੇਮ' ਦੀ ਵੀਰਵੀ ਪੁਸਤਕ ਹੈ। ਇਸ ਦੇ ਦੋ ਅਧਿਆਇ ਹਨ। ਇਸ ਪੱਤਰ ਵਿੱਚ ਇਸ ਗੱਲ ਨੂੰ ਦ੍ਰਿੜਾਇਆ ਗਿਆ ਹੈ ਕਿ ਪਰਮਸਰ ਵਚਨ ਨੂੰ ਸੁਣਨ ਵਾਲੇ ਹੀ ਨਾ ਬਣੇ, ਸਮੇਂ ਉਸ ਉੱਪਰ ਅਮਲ ਕਰਨ ਦੇ ਲਿਖਿਆ ਹੈ, " ਜੰਗਲ ਕਿੰਨਾ ਵੱਡਾ ਹੁੰਦਾ ਹੈ, ਪਰ ਛੋਟੀ ਜਿਹੀ ਅੱਗ ਦੀ ਚਿੰਗਾਰੀ ਉਸ ਨੂੰ ਸਾੜ ਦਿੰਦੀ ਹੈ। ਜੀਭ ਵੀ ਅੱਗ ਦੀ ਤਰ੍ਹਾਂ ਹੈ।

9.4.9 ਸੰਤ ਪਤਰਸ ਦਾ ਪਹਿਲਾ ਤੇ ਦੂਜਾ ਪੱਤਰ:- ਸੰਤ ਪਤਰਸ ਦੇ ਪਹਿਲੇ ਪੱਤਰ ਦੇ ਪੰਜ ਅਧਿਆਇ ਹਨ ਅਤੇ ਦੂਜੇ ਦੇ ਤਿੰਨ ਅਧਿਆਇ ਹਨ। ਇਨ੍ਹਾਂ ਦੋਹਾਂ ਪੱਤਰਾਂ ਵਿੱਚ ਰੋਜ਼ਾਨਾ ਜੀਵਨ ਬਾਰੇ ਅਤੇ ਧਾਰਮਿਕ ਆਗੂਆਂ ਦੇ ਕੰਮਾਂ ਬਾਰੇ ਸਿੱਖਿਆਵਾਂ ਦਿੱਤੀਆਂ ਗਈਆਂ ਹਨ। ਪਹਿਲੇ ਪੱਤਰ ਵਿੱਚ ਮਨੁੱਖ ਨੂੰ ਬੱਚਿਆਂ ਵਾਂਗ ਆਗਿਆਕਾਰ ਬਣਨ ਦੀ ਪ੍ਰੇਰਨਾ ਦਿੱਤੀ ਗਈ ਹੈ। ਯਹੂੰਨਾ ਦਾ ਪਹਿਲਾ, ਦੂਜਾ ਅਤੇ ਤੀਜਾ ਪੱਤਰ- 'ਨਵੇਂ ਨੇਮ' ਦੀ ਤੇਈਵੀਂ. ਚੌਵੀਵੀਂ ਅਤੇ ਪੱਚੀਵੀਂ ਪੋਰੀ ਵਿਚ ਯਹੂੰਨਾ ਦਾ ਪਹਿਲਾ, ਦੂਜਾ ਅਤੇ ਤੀਜਾ ਪੱਤਰ ਕ੍ਰਮਵਾਰ ਦਿੱਤੇ ਗਏ ਹਨ। ਤਿੰਨਾਂ ਪੱਤਰਾਂ ਦਾ ਇਕ-ਇਕ ਅਧਿਆਇ ਹੈ। ਇਨ੍ਹਾਂ ਪੱਤਰਾਂ ਵਿਚ ਈਸਾ ਮਸੀਹ ਦੇ ਪਿਆਰ ਅਤੇ ਵਿਸ਼ਵਾਸ ਦਾ ਵਰਣਨ ਕੀਤਾ ਮਿਲਦਾ ਹੈ। ਦੂਜੇ ਪੱਤਰ ਵਿਚ ਪਰਮੇਸ਼ਰ ਦੀਆਂ ਆਗਿਆਵਾਂ ਦੀ ਪਾਲਣਾ ਕਰਨ ਦੀ ਪ੍ਰੇਰਨਾ ਦਿੰਦਿਆਂ ਲਿਖਿਆ ਹੈ, ਜੇਕਰ ਅਸੀਂ ਪਰਮੇਸ਼ਰ ਦੀਆਂ ਆਗਿਆਵਾਂ ਦੀ ਪਾਲਣਾ ਕਰਦੇ ਹਾਂ ਤਾਂ ਸਮਝੋ ਕਿ ਅਸੀਂ ਉਸ ਨੂੰ ਜਾਣਦੇ ਵੀ ਹਾਂ। ਉਹ ਆਦਮੀ ਜੋ ਕਹਿੰਦਾ ਹੈ, "ਮੈਂ ਉਸ ਨੂੰ ਜਾਣਦਾ ਹਾਂ, ਪਰ ਉਹ ਉਸ ਦੀਆਂ ਆਗਿਆਵਾਂ ਨੂੰ ਨਹੀਂ ਮੰਨਦਾ ਹੈ ਅਤੇ ਵਚਨਾਂ 'ਤੇ ਨਹੀਂ ਚੱਲਦਾ ਉਹ ਝੂਠਾ ਹੈ ਅਤੇ ਸੱਚਾਈ ਰਹਿਤ ਹੈ।"

9.4.10 ਸੰਤ ਯਹੂਦਾ ਦਾ ਪਤਰ:- ਇਹ ਪੱਤਰ 'ਨਵੇਂ ਨੇਮ' ਦੀ ਛੱਬੀਵੀਂ ਪੋਥੀ ਹੈ। ਇਸ ਦਾ ਇਕੋ ਅਧਿਆਇ ਹੈ। ਵਿਦਵਾਨਾਂ ਅਨੁਸਾਰ, ਇਸ ਪੱਤਰ ਵਿੱਚ ਸੰਤ ਯਹੂਦਾ ਨੇ ਮਸੀਹੀ ਵਿਸ਼ਵਾਸ ਦੀ ਪੈਰਵੀ ਉੱਤੇ ਜ਼ੋਰ ਦਿੱਤਾ ਹੈ। ਸੰਤ ਯਹੂਦਾ, ਯਾਕੂਬ ਦਾ ਭਰਾ ਸੀ ਅਤੇ ਇਹ ਪੱਤਰ ਉਸ ਦੁਆਰਾ ਉਹਨਾਂ ਦੇ ਨਾਂ ਲਿਖਿਆ ਗਿਆ ਜਿਨ੍ਹਾਂ ਨੂੰ ਪਰਮੇਸ਼ਰ

ਪਿਤਾ ਪਿਆਰ ਕਰਦਾ ਹੈ ਜਿਨ੍ਹਾਂ ਨੂੰ ਉਸ ਨੇ ਸੱਦਿਆ ਹੈ ਅਤੇ ਯਬੂ ਮਸੀਹ ਦੀ ਦੇਖ-ਭਾਲ ਵਿਚ ਜੀਵਨ ਗੁਜ਼ਾਰ ਰਹੇ ਹਨ।

9.5 ਪ੍ਰਕਾਸ਼ ਦੀ ਪੋਥੀ:- ਇਹ ਨਵੇਂ ਨੇਮ (ਬਾਈਬਲ) ਦੀ ਸਤਾਈਵੀ ਪੁਸਤਕ ਹੈ। ਇਸ ਦੇ 22 ਅਧਿਆਇ ਹਨ। ਇਸ ਨੂੰ ਅਗੰਮੀ ਵਾਕ ਦੀ ਪੋਥੀ ਵੀ ਕਿਹਾ ਜਾਂਦਾ ਹੈ। ਇਸ ਦੇ ਆਰੰਭ ਵਿਚ ਲਿਖਿਆ ਹੈ, ਇਹ ਯਸੂ ਮਸੀਹ ਦੇ ਪ੍ਰਕਾਸ਼ ਦਾ ਗਿਆਨ ਹੈ, ਜੋ ਉਨ੍ਹਾਂ ਨੂੰ ਪਰਮੇਸ਼ਰ ਨੇ ਆਪਣੇ ਦਾਸਾਂ 'ਤੇ ਪ੍ਰਗਟ ਕਰਨ ਲਈ ਦਿੱਤਾ। 'ਨਵੇਂ ਨੇਮ' ਵਿਚ ਲਿਖਿਆ ਹੈ, ਕਿ ਮਸੀਹ ਨੇ ਇਸ ਬਾਰੇ ਜੋ ਥੋੜ੍ਹੇ ਹੀ ਸਮੇਂ ਪਿੱਛੋਂ ਕੀ ਹੋਣ ਵਾਲਾ ਹੈ, ਆਪਣੇ ਸਵਰਗਦੂਤ ਨੂੰ ਭੇਜ ਕੇ ਆਪਣੇ ਦਾਸ ਯਹੂੰਨਾਂ 'ਤੇ ਪ੍ਰਗਟ ਕੀਤਾ। ਇਸ ਤਰ੍ਹਾਂ ਉਸ ਨੇ ਜੋ ਕੁਝ ਵੇਖਿਆ ਅਰਥਾਤ ਪਰਮੇਸ਼ਰ ਦੇ ਸੰਦੇਸ਼ ਅਤੇ ਯਸੂ ਮਸੀਹ ਦੀ ਗਵਾਹੀ ਬਾਰੇ ਸਾਖੀ ਭਰੀ।

9.5.1 ਸੱਤਾਂ ਵਿਸ਼ਵਾਸ ਸੰਗਤਾਂ ਨੂੰ ਨਮਸਕਾਰ:- ਇਸ ਪੋਥੀ ਵਿੱਚ ਸਭ ਤੋਂ ਪਹਿਲਾਂ ਸੱਤਾਂ ਵਿਸ਼ਵਾਸ ਵਾਲੀ ਸੰਗਤਾਂ ਨੂੰ ਨਮਸਕਾਰ ਕੀਤਾ ਗਿਆ ਹੈ। ਇਹ ਸੱਤ ਵਿਸ਼ਵਾਸ ਹਨ-

ਸਾਵਧਾਨ
ਉਹ ਬਦਲਾਂ 'ਤੇ ਆ ਰਿਹਾ ਹੈ।
ਸਭ ਅੱਖਾਂ ਉਸ ਨੂੰ ਦੇਖਣਗੀਆਂ।
ਇੱਥੋਂ ਤਕ ਕਿ ਜਿਨ੍ਹਾਂ ਨੇ ਉਸ ਨੂੰ ਵਿਨਿਆ ਸੀ, ਉਹ ਵੀ ਉਸ ਨੂੰ ਦੇਖਣਗੇ।
ਧਰਤੀ ਦੀਆਂ ਸਭ ਕੌਮਾਂ ਦੇ ਲੋਕ ਉਸ ਲਈ ਸੋਗ ਮਨਾਉਣਗੇ।
ਹਾਂ ਇਹ ਸੱਚ ਹੈ।

ਆਮੀਨ।

ਅੱਗੋਂ ਪ੍ਰਕਾਸ਼ ਦੀ ਪੋਥੀ ਨੂੰ ਕਈ ਸਿਰਲੇਖਾਂ ਵਿੱਚ ਵੰਡਿਆ ਗਿਆ ਹੈ ਹੇਠਾਂ ਅਸੀਂ ਪ੍ਰਮੁੱਖ ਸਿਰਲੇਖਾਂ 'ਤੇ ਵਿਚਾਰ ਕਰ ਰਹੇ ਹਾਂ-

9.5.2 ਅਵਸੂਸ ਦੀ ਵਿਸ਼ਵਾਸ ਸੰਗਤ ਨੂੰ ਸੰਦੇਸ਼- ਇਸ ਭਾਗ ਵਿਚ ਅਫਸੂਸ ਦੀ ਵਿਸ਼ਵਾਸ ਸੰਗਤ ਨੂੰ ਸੰਦੇਸ਼ ਹੈ। ਇਸ ਵਿਚ ਯਸੂ ਮਸੀਹ ਵੱਲੋਂ ਅਖਵਾਇਆ ਗਿਆ ਹੈ ਕਿ ਮਨੁੱਖ ਪਿਆਰ ਨੂੰ ਭੁੱਲ ਗਿਆ ਹੈ ਅਤੇ ਉਸ ਨੂੰ ਬੁਰੇ ਕੰਮ ਕਰਨ ਤੋਂ ਰੋਕਿਆ ਗਿਆ ਹੈ। ਇੱਥੇ ਲਿਖਿਆ ਹੈ, "ਜਿਸ ਦੇ ਕੰਨ ਹਨ, ਉਹ ਸੁਣੇ ਕਿ ਪਵਿੱਤਰ ਆਤਮਾ ਵਿਸ਼ਵਾਸ ਸੰਗਤਾਂ ਨੂੰ ਕੀ ਕਹਿੰਦੀ ਹੈ। ਉਹ ਜੋ ਜਿੱਤ ਪ੍ਰਾਪਤ ਕਰਦਾ ਹੈ, ਉਸ ਨੂੰ ਮੈਂ ਜੀਵਨ ਦੇ ਉਸ ਰੁੱਖ ਦਾ ਫਲ ਖਾਣ ਦਾ ਅਧਿਕਾਰ ਦੇਵਾਂਗਾ ਜੋ ਪਰਮੇਸ਼ਰ ਦੇ ਬਾਗ ਵਿਚ ਹੈ"।

9.5.3 ਸੁਮਰਨੇ ਦੀ ਵਿਸ਼ਵਾਸ ਸੰਗਤ ਨੂੰ ਸੰਦੇਸ਼:- ਇਸ ਭਾਗ ਵਿਚ ਮਨੁੱਖ ਨੂੰ ਆਉਣ ਵਾਲੇ ਦੁੱਖ ਤੋਂ ਨਾ ਡਰਨ ਦੀ ਪ੍ਰੇਰਨਾ ਦਿੱਤੀ ਹੈ। ਲਿਖਿਆ ਹੈ, " ਉਸ ਦੁੱਖ ਤੋਂ ਨਾ ਡਰ, ਜੋ ਤੇਰੇ 'ਤੇ ਆਉਣ ਵਾਲਾ ਹੈ। ਸ਼ੈਤਾਨ ਤੁਹਾਨੂੰ ਪਰਤਾਵੇਗਾ ਅਤੇ ਤੁਹਾਡੇ ਵਿਚੋਂ ਕੁਝ ਨੂੰ ਕੈਦ ਵਿਚ ਸੁੱਟ ਦੇਵੇਗਾ। ਤੁਹਾਡੇ 'ਤੇ ਇਹੋ ਜਿਹੇ ਦੁੱਖ ਦੱਸਾਂ ਦਿਨਾਂ ਤੱਕ ਰਹਿਣਗੇ, ਪਰ ਤੁਸੀਂ ਮੌਤ ਤੱਕ ਵੀ ਮੇਰੇ ਆਗਿਆਕਾਰ ਰਹਿਣਾ, ਤਾਂ ਮੈਂ ਤੁਹਾਨੂੰ ਜੀਵਨ ਤਾਜ ਦੇਵਾਂਗਾ।"

9.5.4 ਸਾਰਦੀਸ ਵਿਸ਼ਵਾਸ ਸੰਗਤ ਨੂੰ ਸੰਦੇਸ਼:- ਪੋਥੀ ਦੇ ਇਸ ਭਾਗ ਵਿਚ ਮਨੁੱਖ ਨੂੰ ਸੁਚੇਤ ਕੀਤਾ ਹੈ ਕਿ ਜੋ ਕੁਝ ਉਸ ਕੋਲ ਬਚਿਆ ਹੈ ਉਸ ਨੂੰ ਉਹ ਖ਼ਤਮ ਹੋਣ ਤੋਂ ਪਹਿਲਾਂ ਉਸ ਵਿੱਚ ਵਾਧਾ ਕਰਨ ਲਈ ਕਿਹਾ ਗਿਆ ਹੈ। ਸੰਬੋਧਨ ਕਰਦਿਆਂ ਲਿਖਿਆ ਹੈ, " ਤੂੰ ਆਖਣ ਨੂੰ ਤਾਂ ਜੀਉਂਦਾ ਹੈ, ਪਰ ਅਸਲ ਵਿਚ ਹੈ ਤੂੰ ਮੁਰਦਾ। ਇਸ ਲਈ ਜਾਗ ਅਤੇ ਜੋ ਕੁਝ ਤੇਰੇ ਕੋਲ ਬਚਿਆ ਹੈ, ਇਸ ਤੋਂ ਪਹਿਲਾਂ ਕਿ ਉਹ ਖ਼ਤਮ ਹੋ ਜਾਵੇ, ਉਸ ਵਿਚ ਹੋਰ ਵਾਧਾ ਕਰ। ਪਰ ਤੇਰੇ ਕੋਲ ਸਾਰਦੀਸ ਵਿਚ ਅਜੇ ਵੀ ਕੁਝ ਮਨੁੱਖ ਹਨ, ਜਿਨ੍ਹਾਂ ਨੇ ਆਪਣੇ ਕੱਪੜੇ ਅਸ਼ੁੱਧ ਨਹੀਂ ਕੀਤੇ ਹਨ, ਉਹ ਮੇਰੀ ਸੰਗਤ ਵਿਚ ਚਿੱਟੇ ਕੱਪੜੇ ਪਹਿਣੀ ਚਲਣਗੇ, ਕਿਉਂਕਿ ਉਹ ਇਸ ਯੋਗ ਹਨ।"

9.6 ਕਥਾ ਵਿਧੀਆਂ ਦੀ ਵਰਤੋਂ:- ਫਿਲਡੇਲਫੀਆਂ ਦੀ ਤੇ ਲਾਉਦੀਕੀਆ ਦੀ ਵਿਸ਼ਵਾਸ ਸੰਗਤ ਨੂੰ ਸੰਦੇਸ਼ ਪਿੱਛੋਂ ਪੋਥੀ ਦੇ ਬਾਕੀ ਦੇ ਭਾਗ ਵਿੱਚ ਕਥਾ ਵਿਧੀਆਂ ਦੀ ਵਰਤੋਂ ਕੀਤੀ ਗਈ ਹੈ। ਇਸ ਕਥਾ ਨੂੰ ਅੱਗੋਂ ਉਪ-ਸਿਰਲੇਖਾਂ ਜਿਵੇਂ ਸਵਰਗ ਵਿੱਚ ਅਰਾਧਨਾ, ਇਕ ਪੋਥੀ ਅਤੇ ਮੇਗਨਾ, ਮੁਹਰ ਕੀਤੇ. 144000 ਲੋਕ, ਇਕ ਵੱਡੀ ਭੀੜ, ਸੱਤਵੀਂ ਸੀਲ, ਬਿਗਲ, ਔਰਤ ਅਤੇ ਅਜਗਰ, ਪਵਿੱਤਰ ਲੋਕਾਂ ਦਾ ਗੀਤ, ਕ੍ਰੋਧ ਵਾਲੇ ਕਟੋਰੇ, ਵੱਡੀ ਵੇਸਵਾ ਦਾ ਫੈਸਲਾ. ਸ਼ੈਤਾਨ ਦੀ ਹਾਰ ਆਦਿ ਵਿਚ ਵੰਡਿਆ ਹੈ।

9.7 ਨਵਾਂ ਨਿਯਮ ਅਨੁਸਾਰ ਈਸ਼ਵਰ ਦਾ ਰਾਜ ਅਤੇ ਪ੍ਰੇਮ ਤੇ ਭਾਈਚਾਰਾ

ਈਸਾਈ ਮਤ ਦੀਆਂ ਧਰਮ ਪੁਸਤਕਾਂ ਬਾਈਬਲ ਵਿੱਚ ਸ਼ਾਮਿਲ ਹਨ। ਬਾਈਬਲ ਦੇ ਦੋ ਭਾਗ ਹਨ। ਇਨ੍ਹਾਂ ਦੇ ਨਾਂ ਹਨ - ਤੋਰੇਤ ਅਤੇ ਅੰਜੀਲ ਤੋਰਤ ਦੇ ਅਰਥ ਈਸਾਈਆਂ ਤੋਂ ਪਹਿਲਾਂ ਦਾ ਅਹਿਦਨਾਮਾ ਹੈ ਜੋ ਯਹੂਦੀਆਂ ਦੇ ਖ਼ੁਦਾ ਨੇ ਮਨੁੱਖ ਨਾਲ ਕੀਤਾ ਸੀ। ਇਸ ਕਾਰਣ ਤਰਤ ਵਿੱਚ ਜੋ ਗ੍ਰੰਥ ਸ਼ਾਮਿਲ ਹਨ, ਉਹ ਯਹੂਦੀਆਂ ਦੇ ਸਾਂਝੇ ਗ੍ਰੰਥ ਹਨ, ਪਰੰਤੂ ਬਾਈਬਲ ਦਾ ਜੋ ਭਾਗ ਸਪਸ਼ਟ ਰੂਪ ਵਿੱਚ ਈਸਾਈਆਂ ਨਾਲ ਸੰਬੰਧਿਤ ਹੈ, ਉਹ ਅਜੀਲ ਅਖਵਾਉਂਦਾ ਹੈ। ਇਸ ਮਹਾਨ ਗ੍ਰੰਥ ਵਿੱਚ ਪਹਿਲੇ ਪੈਰੋਕਾਰਾਂ ਦੇ ਅਨੁਭਵ ਅਤੇ ਵਿਚਾਰ ਸ਼ਾਮਿਲ ਹਨ। ਇਨ੍ਹਾਂ ਵਿਚਾਰਾਂ ਵਿੱਚ ਈਸ਼ਵਰ ਦੇ ਰਾਜਾ' ਸੰਬੰਧੀ ਵੀ ਵਿਚਾਰ ਸ਼ਾਮਿਲ ਹਨ।

9.7.1 ਈਸ਼ਵਰ ਦਾ ਰਾਜ (Rule of God):- ਈਸਾ ਮਸੀਹ ਨੇ ਪਰਮਾਤਮਾ ਦੇ ਸੰਬੰਧ ਵਿੱਚ ਫਰਮਾਇਆ ਹੈ ਕਿ ਪਰਮਾਤਮਾ ਸਵਰਗ ਵਿੱਚ ਰਹਿੰਦਾ ਹੈ ਉਹ ਸਾਡਾ ਪਿਤਾ ਹੈ ਜੋ ਸਾਨੂੰ ਪ੍ਰਰਨਾ ਦਿੰਦਾ ਹੈ ਕਿ ਅਸੀ ਧਰਤੀ ਉੱਪਰ ਚੱਲਦੇ ਹੋਏ ਵੀ ਉਸ ਦੇ ਰੱਬੀ ਜੀਵਨ ਵਿੱਚ ਰਾਗੀਦਾਰ ਬਣੀਏ। ਚਰਚ ਧਰਤੀ ਉੱਪਰ ਪਰਮਾਤਮਾ ਦੀ ਹਕੂਮਤ ਹੈ। ਈਸਾ ਮਸੀਹ ਇਹ ਸਾਰੀ ਗੱਲਬਾਤ ਕਹਾਣੀਆਂ ਰਾਹੀਂ ਸਮਝਾਉਂਦੇ ਹਨ।

9.7.2 ਅੰਜੀਲ ਅਨੁਸਾਰ (According to Angeel) - ਅੰਜੀਲ ਅਨੁਸਾਰ, "ਪਰਮਾਤਮਾ ਸਿਰਫ ਇਕ ਹੈ। ਉਸ ਤੋਂ ਬਿਨਾ ਹੋਰ ਕੋਈ ਈਸ਼ਵਰ ਨਹੀਂ। ਸੰਤ ਲੁਕਾ ਨੇ ਪਰਮੇਸ਼ਰ (ਈਸ਼ਵਰ ਦੇ ਰਾਜ ਬਾਰੇ ਵਿਸਥਾਰ ਸਹਿਤ ਲਿਖਿਆ ਹੈ। ਉਹ ਲਿਖਦੇ ਹਨ- "ਫਰੀਸੀ ਦਲ ਦੇ ਕੁਝ ਲੋਕਾਂ ਨੇ ਯਸੂ ਕੋਲੋਂ ਪੁੱਛਿਆ ਪਰਮੇਸ਼ਰ ਦਾ ਰਾਜ ਕਦੋਂ ਆਵੇਗਾ? ਯਸੂ ਨੇ ਉਹਨਾਂ ਨੂੰ ਉੱਤਰ ਦਿੱਤਾ. ਪਰਮੇਸ਼ਰ ਦਾ ਰਾਜ ਆਉਣਾ ਕੋਈ ਇਹੋ ਜਿਹੀ ਚੀਜ਼ ਨਹੀਂ ਜਿਸ ਨੂੰ ਤੁਸੀਂ ਅੱਖਾਂ ਦੇ ਨਾਲ ਦੇਖ ਸਕਦੇ ਹੋ। ਫਿਰ ਯਸੂ ਨੇ ਆਪਣੇ ਚੇਲਿਆਂ ਨੂੰ ਕਿਹਾ ਇਹੋ ਜਿਹਾ ਵੱਲਾ ਆਵੇਗਾ ਜਦੋਂ ਤੁਸੀਂ ਮਨੁੱਖ ਦੇ ਪੁੱਤਰ ਰ ਦੇ ਦਿਨਾਂ ਵਿਚੋਂ ਇਕ ਦਿਨ ਲਈ ਤਰਸੋਗੇ, ਪਰ ਦੇਖ ਨਾ ਸਕੋਗੇ। ਉਸ ਵੇਲੇ ਲੋਕੀ ਤੁਹਾਨੂੰ ਕਹਿਣਗੇ ਦੇਖੋ ਉਹ ਇੱਥੇ ਹੈ, ਉਹ ਉੱਥੇ ਹੈ, ਪਰ ਤੁਸੀਂ ਉਹਨਾਂ ਦੀ ਨਾ ਸੁਣਨਾ ਉਹਨਾ ਪਿੱਛੇ ਨਾ ਭੱਜਣਾ। ਜਿਸ ਤਰ੍ਹਾਂ ਬਿਜਲੀ ਆਕਾਸ਼ ਵਿੱਚ ਚਮਕਦੀ ਹੈ ਅਤੇ ਇਕ ਦਿਸ਼ਾ ਤੋਂ ਦੂਜੀ ਦਿਸ਼ਾ ਤੱਕ ਚਮਕਦੀ ਹੈ ਇਸੇ ਤਰ੍ਹਾਂ ਮਨੁੱਖ ਦਾ ਪੁੱਤਰ ਆਪਣੇ ਦਿਨ ਹੋਵੇਗਾ, ਪਰ ਸ ਤੋਂ ਪਹਿਲਾਂ ਉਸ ਨੂੰ ਬਹੁਤ ਦੁੱਖ ਸਹਿਣਾ ਪੈਣਾ ਹੈ ਅਤੇ ਇਸ ਪੀੜ੍ਹੀ ਦੇ ਲੋਕਾਂ ਕੋਲੋਂ ਰੱਦਿਆ ਜਾਣਾ ਹੈ। ਬਿਲਕੁਲ ਜਿਸ ਤਰ੍ਹਾਂ ਲੂਅ ਦੇ ਦਿਨਾਂ ਵਿੱਚ ਹੋਇਆ ਉਸ ਤਰ੍ਹਾਂ ਮਨੁੱਖ ਦ ਪੁੱਤਰ ਦੇ ਦਿਨਾਂ ਵਿੱਚ ਵੀ ਹੋਵੇਗਾ। "ਉਸ ਦਿਨ ਜੋ ਆਦਮੀ ਘਰ ਦੀ ਛੱਤ 'ਤੇ ਹੋਵੇ ਅਤੇ ਉਸ ਦਾ ਸਾਮਾਨ ਘਰ ਦੇ ਅੰਦਰ ' ਹੋਵੇ ਅਤੇ ਉਹ ਉਸ ਨੂੰ ਲੈ ਨਾ ਜਾਵੇ। ਇਸੇ ਤਰ੍ਹਾਂ ਜੋ ਕਿਸਾਨ ਪੈਲੀ ਵਿਚ ਹੋਵੇ ਉਹ ਘਰ ਨਾ ਜੇ ਆਦਮੀ ਆਪਣੀ ਜਾਨ ਬਚਾਉਣੀ ਚਾਹੇਗਾ ਉਹ ਉਸ ਨੂੰ ਗੁਆਏਗਾ। ਜੋ: ਆਦਮੀ ਆਪਣੀ ਜਾਨ ਗੁਆਏਗਾ ਉਹ ਉਸ ਨੂੰ ਬਚਾਏਗਾ।"

"ਮੈਂ ਤੁਹਾਨੂੰ ਕਹਿੰਦਾ ਹਾਂ ਉਸ ਰਾਤ ਇਕ ਮੰਜ ਉੱਤੇ ਦੇ ਆਦਮੀ ਸੁੱਤੇ ਪਏ ਹੋਣਗੇ। ਉਹਨਾਂ ਵਿਚੋਂ ਇਕ ਲੈ ਲਿਆ ਜਾਵੇਗਾ ਅਤੇ ਦੂਜਾ ਛੱਡ ਦਿੱਤਾ ਜਾਵੇਗਾ। ਦੇ ਔਰਤਾਂ ਚੱਕੀ ਪਹਿਦੀਆਂ ਹੋਣਗੀਆਂ ਉਹਨਾਂ ਵਿਚੋਂ ਇਕ ਲੈ ਲਈ ਜਾਵੇਗੀ ਤੇ ਦੂਜੀ ਨੂੰ ਛੱਡ ਦਿੱਤਾ ਜਾਵੇਗਾ।" ਇਸੇ ਤਰ੍ਹਾਂ ਪੋਲੁਸ ਪ੍ਰੇਰਤ ਦੇ ਪਹਿਲੇ ਪੱਤਰ ਵਿੱਚ ਲਿਖਿਆ ਹੈ:-

ਪ੍ਰਭੂ ਰਾਜਿਆ ਦਾ ਰਾਜਾ ਅਤੇ ਪ੍ਰਤੂਆਂ ਦਾ ਪ੍ਰਭੂ ਹੈ। ਅਮਰਤਾ ਕੇਵਲ ਉਸ ਦੀ ਹੈ। ਉਹ ਅਗੰਮੀ ਪ੍ਰਕਾਸ਼ ਵਿੱਚ ਰਹਿੰਦਾ ਹੈ। ਉਸ ਨੂੰ ਨਾ ਕਿਸੇ ਮਨੁੱਖ ਨੇ ਦੇਖਿਆ ਹੈ ਅਤੇ ਨਾ ਹੀ ਕਦੀ ਦੇਖ ਸਕਦਾ ਹੈ। ਉਸ ਦੀ ਮਾਨਤਾ ਅਤੇ ਰਾਜ ਜੁਗੋ-ਜੁਗ ਰਹੇਗਾ।

9.7.3 ਪ੍ਰੇਮ ਅਤੇ ਭਾਈਚਾਰਾ (Love and Brotherhood) :- ਤਦੇ ਤੇਭ ਦਿੰਚ ਸਾ-ਏ ਉੱਤੇ ਪ੍ਰੇਮ ਅਤੇ ਆਪਸੀ ਭਾਈਚਾਰਾ ਕਾਇਮ ਕਰਨ ਦੀ ਪ੍ਰਰਨਾ ਦਿੱਤੀ ਗਈ ਹੈ। ਥਾਂ-ਥਾਂ ਉੱਤ ਯਸੂ ਮਸੀਹ ਕੋਲੋਂ ਪ੍ਰੇਮ ਦੀ ਪਰਿਭਾਸ਼ਾ ਅਤੇ ਪ੍ਰੇਮ ਅਤੇ ਭਾਈਚਾਰੇ ਦੀ ਮਹਤਤਾ ਨੂੰ ਦਰਸਾਇਆ ਗਿਆ ਹੈ। ਪ੍ਰੇਮ ਦੀ ਪਰਿਭਾਸ਼ਾ ਦਿੰਦਿਆਂ ਪੋਲੁਸ ਪ੍ਰੇਰਤ ਦੇ ਪਹਿਲੇ ਪੱਤਰ ਵਿੱਚ ਲਿਖਿਆ ਹੈ। ਕਿ, "ਪ੍ਰੇਮ ਸਹਿਨਸ਼ੀਲ ਹੈ। ਪ੍ਰੇਮ ਈਰਖਾ ਨਹੀਂ ਕਰਦਾ। ਪ੍ਰੇਮ ਆਪਣੀ ਵਡਿਆਈ ਕਰਕੇ ਨਹੀਂ ਫੁੱਲਦਾ ਉਹ ਕੁਚਾਲ ਨਹੀਂ ਚਲਦਾ। ਸਵਾਰਥੀ ਨਹੀਂ ਹੁੰਦਾ, ਗੁੰਝਲਾਉਂਦਾ ਨਹੀਂ ਅਤੇ ਬੁਰਾ ਨਹੀ ਸੋਚਦਾ ਉਹ

ਸਭ ਗੱਲਾਂ ਸਹਿ ਲੈਂਦਾ ਹੈ ਤੇ ਸਭ ਗੱਲਾਂ ਦਾ ਵਿਸ਼ਵਾਸ ਕਰਦਾ ਹੈ। ਸਭ ਗੱਲਾਂ ਦੀ ਆਸ਼ਾ ਰੱਖਦਾ ਹੈ। ਸਭ ਗੱਲਾਂ ਵਿੱਚ ਧੀਰਜ ਧਰਦਾ ਹੈ।"

9.7.4 ਪ੍ਰੇਮ ਦੀ ਮਹਤਤਾ (Significance of Love):- ਉਪਰੋਕਤ ਪੱਤਰ ਵਿੱਚ ਹੀ ਪ੍ਰੇਮ ਦੀ ਮਹਤਤਾ ਨੂੰ ਥਾਂ-ਥਾਂ ਦਰਸਾਇਆ ਗਿਆ ਹੈ, ਇਸ ਪੱਤਰ ਵਿੱਚ ਇਕ ਥਾਂ ਯਸੂ ਮਸੀਹ ਤੋਂ ਅਖਵਾਇਆ ਗਿਆ ਹੈ :-

(1) "ਜੇਕਰ ਮੈਂ ਮਨੁੱਖਾਂ ਅਤੇ ਦੇਵਤਿਆਂ ਦੀ ਭਾਸ਼ਾ ਬੋਲਾਂ, ਪਰ ਪ੍ਰੇਮ ਨਾ ਕਰਾਂ ਤਾਂ ਮੈਂ ਖੜਕਦਾ ਹੋਇਆ ਪਿੱਤਲ ਅਤੇ ਛਣਕਦੀ ਹੋਈ ਝਾਂਜਰ ਹਾਂ।"

2. ਜੇਕਰ ਮੈਂ ਸੰਦੇਸ਼ ਦੇ ਸਕਾਂ ਸਭ ਰਹੱਸਾਂ ਅਤੇ ਸਭ ਤਰ੍ਹਾਂ ਦੇ ਗਿਆਨ ਨੂੰ ਸਮਝਾਂ ਅਤੇ ਇੱਥੋਂ ਤੱਕ ਮੇਰੀ ਸ਼ਰਧਾ ਹੋਵੇ ਕਿ ਮੈਂ ਪਹਾੜ ਨੂੰ ਵੀ ਆਪਣੇ ਸਥਾਨ ਤੋਂ ਹਿਲਾ ਸਕਾ ਪਰ ਜੇ ਪ੍ਰੇਮ ਨਾ ਕਰਾਂ ਤਾਂ ਮੈਂ ਕੁਝ ਵੀ ਨਹੀਂ।

3) ਜੇਕਰ ਮੈਂ ਆਪਣੀ ਸਾਰੀ ਧਨ ਸੰਪਤੀ ਗਰੀਬਾਂ ਨੂੰ ਖੁਆ ਦਿਆ ਅਤੇ ਆਪਣਾ ਸਰੀਰ ਵੀ ਜਲਾਣ ਲਈ ਦੇ ਦਿਆ, ਪਰ ਜੇ ਪ੍ਰੇਮ ਨਾ ਕਰਾਂ ਤਾਂ ਮੈਨੂੰ ਕੋਈ ਲਾਭ ਨਹੀਂ।

9.7.5 ਆਪਸੀ ਪ੍ਰੇਮ (Mutual Love) - ਨਵੇਂ ਨੇਮ ਵਿੱਚ ਥਾਂ-ਥਾਂ ਆਪਸੀ ਪ੍ਰੇਮ ਕਰਨ ਦੀ ਪ੍ਰੇਰਨਾ ਦਿੱਤੀ ਹੈ। ਯੂਹੰਨਾ ਦੀ ਪਹਿਲੀ ਚਿੱਠੀ ਵਿੱਚ ਲਿਖਿਆ ਹੈ, "ਅਸੀਂ ਆਪਸ ਵਿੱਚ ਪ੍ਰੇ। ਕਰੀਏ ਕਿਉਂਕਿ ਪ੍ਰੇਮ ਈਸ਼ਵਰ ਤੋਂ ਉਤਪੰਨ ਹੈ ਅਤੇ ਜੇਕਰ ਕੋਈ ਪ੍ਰੇਮ ਕਰਦਾ ਹੈ ਉਹ ਈਸ਼ਵਾ ਤੋਂ ਜਨਮਿਆ ਹੋਇਆ ਅਤੇ ਈਸ਼ਵਰ ਨੂੰ ਜਾਣਦਾ ਹੈ ਜੋ ਪ੍ਰੇਮ ਨਹੀਂ ਕਰਦਾ, ਉਹ ਈਸ਼ਵਰ ਨੂੰ ਨਹੀਂ ਜਾਣਦਾ।" ਈਸਵਰ ਨੂੰ ਕਦੇ ਕਿਸੇ ਨੇ ਨਹੀਂ ਤੱਕਿਆ, ਪਰ ਜੇ ਅਸੀਂ ਆਪਸ ਵਿੱਚ ਪ੍ਰੇਮ ਕਰੀਏ ਹੈ। ਈਸ਼ਵਰ ਸਾਡੇ ਅੰਦਰ ਵਾਸ ਕਰੇਗਾ ਅਤੇ ਉਸ ਦਾ ਪ੍ਰੇਮ ਸਾਡੇ ਅੰਦਰ ਪੂਰਣ ਹੋ ਜਾਏਗਾ।

ਜੋ ਪ੍ਰੇਮ ਈਸ਼ਵਰ ਸਾਡੇ ਨਾਲ ਕਰਦਾ ਹੈ, ਉਸ ਨੂੰ ਅਸੀਂ ਜਾਣ ਗਏ ਹਾਂ ਅਤੇ ਉਸ ਵਿੱਚ ਸਾਡੀ ਸ਼ਰਧਾ ਹੈ। ਈਸ਼ਵਰ ਪ੍ਰੇਮ ਹੈ, ਜੋ ਪ੍ਰੇਮ ਵਿੱਚ ਟਿੱਕਿਆ ਰਹਿੰਦਾ ਹੈ. ਉਹ ਈਸ਼ਵਰ ਵਿਚ ਟਿੱਕਿਆ ਰਹਿੰਦਾ ਹੈ ਅਤੇ ਈਸ਼ਵਰ ਉਸ ਵਿੱਚ ਟਿੱਕਿਆ ਰਹਿੰਦਾ ਹੈ। ਜੇ ਕੋਈ ਇਹ ਕਹਿੰਦਾ ਹੈ ਕਿ ਮੈਂ ਈਸ਼ਵਰ ਨਾਲ ਪ੍ਰੇਮ ਕਰਦਾ ਹਾਂ, ਪਰ ਉਹ ਆਪਣੇ ਸਾਥੀਆਂ ਨਾਲ ਪ੍ਰੇਮ ਨਹੀਂ ਕਰਦਾ ਤਾਂ ਉਹ ਝੂਠਾ ਹੈ, ਕਿਉਂਕਿ ਜੋ ਆਪਣੇ ਸਾਥੀਆਂ ਨੂੰ ਜਿਹਨਾਂ ਨੂੰ ਕਿ ਉਸ ਨੇ ਦੇਖਿਆ ਹੈ, ਪ੍ਰੇਮ ਨਹੀਂ ਕਰਦਾ ਤਾਂ ਉਹ ਈਸ਼ਵਰ ਨੂੰ, ਜਿਸ ਨੂੰ ਕਿ ਉਸ ਨੇ ਦੇਖਿਆ ਵੀ ਨਹੀਂ ਕਿਵੇਂ ਪ੍ਰੇਮ ਕਰ ਸਕਦਾ ਹੈ।

9.7.6 ਗੁਆਂਢੀ ਨਾਲ ਪ੍ਰੇਮ (Love with Neighbour) :- ਨਵਾਂ ਨੇਮ ਵਿੱਚ ਗੁਆਂਢੀ ਨਾਲ ਪ੍ਰੇਮ ਕਰਨ ਦਾ ਉਪਦੇਸ਼ ਵੀ ਦਿੱਤਾ ਗਿਆ ਹੈ। ਯਸੂ ਦਾ ਕਹਿਣਾ ਹੈ, " ਆਪਣੇ ਪ੍ਰਭੂ ਨਾਲ ਆਪਣੇ ਸੰਪੂਰਨ ਮਨ ਅਤੇ ਸਮਸਤ ਪ੍ਰਾਣ, ਸਾਰੀ ਬੁੱਧੀ ਦੇ ਨਾਲ ਪ੍ਰੇਮ ਕਰੋ ਅਤੇ ਆਪਣੇ ਗਵਾਂਢੀ ਨਾਲ ਸਮਾਨ ਪ੍ਰੇਮ ਕਰੋ।

9.7.7 ਪਰਾਇਆਂ ਨਾਲ ਪ੍ਰੇਮ (Love with Strangers) :- ਇਸ ਮਹਾਨ ਗ੍ਰੰਥ ਵਿੱਚ ਸਿਰਫ਼ ਆਪਣਿਆਂ ਨਾਲ ਹੀ ਪ੍ਰੇਮ ਕਰਨ ਦੀ ਜਾਚ ਨਹੀਂ ਸਿਖਾਈ, ਸਗੋਂ ਪਰਾਇਆਂ ਨਾਲ ਵੀ ਪ੍ਰੇਮ ਕਰਨ ਦੀ ਪ੍ਰੇਰਨਾ ਦਿੱਤੀ ਹੈ। ਮਤੀ ਦਾ ਕਥਨ

ਹੈ ਕਿ, " ਤੁਸੀਂ ਸੁਣ ਚੁੱਕੇ ਹੋ ਕਿ ਪ੍ਰਾਚੀਨ ਕਾਲ ਵਿੱਚ ਕਿਹਾ ਗਿਆ ਸੀ ਕਿ ਆਪਣੇ ਗੁਆਂਢੀਆਂ ਨਾਲ ਪ੍ਰੇਮ ਕਰੋ ਅਤੇ ਵੇਰੀਆਂ ਨਾਲ ਵੈਰ ਰੱਖੋ, ਪਰ ਨਹੀਂ, ਤੁਸੀਂ ਆਪਣੇ ਵੈਰੀਆਂ ਨਾਲ ਵੀ ਪ੍ਰੇਮ ਕਰੋ। ਜੋ ਤੁਹਾਨੂੰ ਸ਼ਰਾਪ ਦਿੰਦੇ ਹਨ, ਉਹਨਾਂ ਨੂੰ ਵਰਦਾਨ ਦਿਉ। ਜੋ ਤੁਹਾਡੇ ਨਾਲ ਘ੍ਰਿਣਾ ਕਰਦੇ ਹਨ, ਉਹਨਾਂ ਪ੍ਰਤੀ ਉਪਕਾਰ ਕਰੋ, ਜੋ ਤੁਹਾਨੂੰ ਦੁਰਕਾਰਦੇ ਹਨ ਅਤੇ ਸਤਾਉਂਦੇ ਹਨ, ਉਹਨਾਂ ਲਈ ਪ੍ਰਾਰਥਨਾ ਕਰੋ ਤਾਂ ਜੇ ਤੁਸੀਂ ਉਸ ਪਰਮ ਪਿਤਾ ਦੀ ਸੰਤਾਨ ਅਖਵਾਓ ਜੋ ਭਲਿਆਂ ਅਤੇ ਬੁਰਿਆ ਦੋਹਾ ਉੱਪਰ ਇਕੋ ਜਿਹਾ ਸੂਰਜ ਉਦੈ ਕਰਦਾ ਹੈ"।

ਇਸੇ ਤਰ੍ਹਾਂ ਯੂਹੰਨਾ ਵੀ ਇਕ ਥਾਂ ਯਸੂ ਮਸੀਹ ਕੋਲੋਂ ਅਖਵਾਉਂਦੇ ਹਨ " ਮੇਰੀ ਆਗਿਆ ਹੈ ਕਿ ਜਿਹੋ ਜਿਹਾ ਮੈਂ ਤੁਹਾਡੇ ਨਾਲ ਪ੍ਰੇਮ ਕੀਤਾ ਹੈ ਉਹੋ ਜਿਹਾ ਤੁਸੀਂ ਵੀ ਦੂਜੇ ਨਾਲ ਕਰੋ।"

9.7.8 ਸਰਬੱਤ ਦਾ ਭਲਾ (Welfare of All):- ਸਿੱਖ ਧਰਮ ਵਾਂਗ ਈਸਾਈ ਮਤ ਵਿੱਚ ਵੀ ਸਰਬੱਤ ਦੇ ਭਲੇ ਦਾ ਸੰਕਲਪ ਮਿਲਦਾ ਹੈ। ਪੋਲਸ ਪ੍ਰੇਰਤ ਦੇ ਪਹਿਲੇ ਪੱਤਰ ਵਿਚ ਇਸ ਗੱਲ ਦੀ ਗਵਾਹੀ ਕਾਇਮ ਹੈ।

9.7.9 ਆਪਸੀ ਸਹਾਇਤਾ ਅਤੇ ਮੇਲ-ਜੋਲ (Mutual Help and Co-ordination) :- ਈਸਾਈ ਧਰਮ ਦੇ ਗ੍ਰੰਥਾਂ ਵਿਚ ਆਪਸੀ ਸਹਾਇਤਾ ਅਤੇ ਮੇਲ-ਜੋਲ ਉੱਤੇ ਜ਼ੋਰ ਦਿੱਤਾ ਗਿਆ ਹੈ। ਮਲਾਤੀਆਂ ਦੇ ਨਾਮ ਪੋਲਸ ਪ੍ਰੇਰਤ ਦੇ ਪੱਤਰ ਵਿੱਚ ਲਿਖਿਆ ਹੈ, "ਜੋ ਕੋਈ ਮਨੁੱਖ ਕਿਸੇ ਅਪਰਾਧ ਵਿੱਚ ਪਕੜਿਆ ਜਾਵੇ ਤਾਂ ਤੁਸੀਂ, ਜੋ ਕਿ ਅਧਿਆਤਮਕ ਬਿਰਤੀ ਵਾਲੇ ਲੋਕ ਹੋ, ਨਿਮਰਤਾ ਨਾਲ ਅਜਿਹੇ ਮਨੁੱਖ ਨੂੰ ਸੰਭਾਲੋ ਅਤੇ ਆਪਣੇ ਲਈ ਵੀ ਅਜਿਹੀ ਸਾਵਧਾਨੀ ਰੱਖੋ ਕਿ ਕਿਤੇ ਤੁਸੀਂ ਵੀ ਲੋਭ ਵਿੱਚ ਨਾ ਜਕੜੇ ਜਾਓ।" ਇਵੇਂ ਹੀ ਇਬਰਾਨੀਆਂ ਦੇ ਨਾਮ ਪੋਲਸ ਪ੍ਰੇਰਤ ਦੇ ਪੱਤਰ ਵਿੱਚ ਆਖਿਆ ਗਿਆ ਹੈ ਅਸੀਂ ਇਕ ਦੂਜੇ ਦਾ ਵਿਚਾਰ ਕਰੀਏ ਅਤੇ ਪਰਸਪਰ ਪ੍ਰੇਮ ਤੇ ਸਦਕਰਮਾਂ ਲਈ ਇਕ ਦੂਜੇ ਨੂੰ ਪ੍ਰੇਰਿਤ ਕਰਦੇ ਰਹੀਏ।

ਇਸੇ ਪੱਤਰ ਵਿੱਚ ਇਕ ਹੋਰ ਥਾਂ ਮਨੁੱਖ ਮਾਤਰ ਨੂੰ ਆਪਸੀ ਮੇਲ-ਜੋਲ ਵਧਾਉਣ ਦੀ ਪ੍ਰੇਰਨਾ ਦਿੰਦਿਆਂ ਕਿਹਾ ਗਿਆ ਹੈ ਕਿ "ਸਭ ਦੇ ਨਾਲ ਸ਼ਾਂਤੀ-ਪੂਰਵਕ ਰਹੋ ਅਤੇ ਪਵਿੱਤਰ ਜੀਵਨ ਬਿਤਾਉਣ ਦਾ ਯਤਨ ਕਰੋ, ਕਿਉਂਕਿ ਇਸ ਤੋਂ ਬਿਨਾ ਕਿਸੇ ਨੂੰ ਪ੍ਰਭੂ ਦੇ ਦਰਸ਼ਨ ਨਹੀਂ ਹੁੰਦੇ।"

9.8 ਸਾਰ :- 'ਨਵਾਂ ਨੇਮ' ਬਾਈਬਲ ਦਾ ਦੂਜਾ ਭਾਗ ਹੈ। ਇਸ ਦੇ ਤਿੰਨ ਭਾਗ ਹਨ - (ੳ) ਇਤਿਹਾਸਕ ਵਖਾਨ, (ਅ) 21 ਪੱਤਰ ਅਤੇ (ੲ) ਪ੍ਰਕਾਸ਼ ਦੀ ਪੋਥੀ ਇਹ ਧਾਰਮਿਕ ਪੁਸਤਕ ਈਸਾਈਆਂ ਲਈ ਬਹੁਤ ਮਹੱਤਵਪੂਰਨ ਅਤੇ ਸ਼ਰਧਾਮਈ ਗ੍ਰੰਥ ਹੈ। ਇਸੇ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਅਜੀਲ ਵਿੱਚ ਈਸ਼ਵਰ ਦੇ ਰਾਜ, ਪ੍ਰੇਮ ਅਤੇ ਭਾਈਚਾਰੇ ਦਾ ਇਕ ਅਨੋਖਾ ਸੰਕਲਪ ਮਿਲਦਾ ਹੈ। ਪਰਮਾਤਮਾ ਸਵਰਗ ਵਿੱਚ ਰਹਿੰਦਾ ਹੈ ਅਤੇ ਸਾਨੂੰ ਪ੍ਰੇਰਨਾ ਦਿੰਦਾ ਹੈ। ਇਸ ਤਰ੍ਹਾਂ ਮਨੁੱਖ ਨੂੰ ਆਪਸੀ ਪ੍ਰੇਮ ਅਤੇ ਭਾਈਚਾਰ ਨੂੰ ਵਧਾਉਣਾ ਚਾਹੀਦਾ ਹੈ ਅਤੇ ਸਰਬੱਤ ਦੇ ਭਲੇ ਦੇ ਰਾਹ ਉੱਤੇ ਚੱਲਣਾ ਚਾਹੀਦਾ ਹੈ।

9.9 ਪੜ੍ਹਣਯੋਗ ਪੁਸਤਕਾਂ


- ਸਰਬਜਿੰਦਰ ਸਿੰਘ ,(.ਡਾ) *ਵਿਸ਼ਵ ਧਰਮ ਬਾਨੀ ਗ੍ਰੰਥਤਕਸੰਪ੍ਰਦਾਇ ਅਤੇ ਚਿੰ ,,* ਭਾਗ ਦੂਜਾਪਬਲੀਕੇਸ਼ਨ , ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
- ਸਰਬਜਿੰਦਰ ਸਿੰਘ, ਡਾ(.ਸੰਪਾ) ., ਵਿਸ਼ਵ ਧਰਮ ਬਾਨੀ, ਗ੍ਰੰਥ ਸੰਪ੍ਰਦਾਇ ਅਤੇ ਚਿੰਤਕ (ਚਾਰ ਭਾਗ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, .2012
- ਧਾਲੀਵਾਲ, ਤੇਜਿੰਦਰ ਕੌਰ, *ਸਿੱਖ ਅਤੇ ਇਸਾਈ ਨੈਤਿਕ ਨਿਯਮ (ਇੱਕ ਤੁਲਨਾਤਮਕ ਅਧਿਐਨ),* ਗਰੇਸ਼ੀਅਸ ਬੁਕਸ, ਪਟਿਆਲਾ
- *ਪਵਿੱਤਰ ਬਾਈਬਲ*, ਬਾਈਬਲ ਸੋਸਾਇਟੀ ਆਫ ਇੰਡੀਆ, ਬੰਗਲੋਰ, .1981
- ਪਵਿੱਤਰ ਬਾਈਬਲਨਵਾਂ ਨੇਮਸ ਮਾਰਕ 12 ,:29-30, ਬੰਗਲੌਰ ਸੋਸਾਇਟੀ ਆਫ ਇੰਡੀਆ2008 ,
- Bhagat Singh Hira, Semitic Religious Thought and Sikhism, National Book Shop, Delhi, 1992
- Gurbachan Singh Talib, An Advanced Book of Religious Studies, Punjabi University Patiala, 1974


9.10 ਅਭਿਆਸ ਲਈ ਪ੍ਰਸ਼ਨ

ਵੱਡੇ ਪ੍ਰਸ਼ਨ

1. ਈਸਾਈ ਧਰਮ ਦੇ ਸੰਕਲਪ 'ਈਸ਼ਵਰ ਦਾ ਰਾਜ' ਅਤੇ 'ਪ੍ਰੇਮ ਤੇ ਡਾਈਚਾਰੇ ਬਾਰੇ ਤੁਸੀਂ ਕੀ ਜਾਣਦੇ ਹੋ।
2. ਈਸਾਈ ਧਰਮ ਵਿੱਚ 'ਈਸ਼ਵਰ ਦਾ ਰਾਜ' ਅਤੇ 'ਪ੍ਰੇਮ ਤੇ ਭਾਈਚਾਰੇ' ਬਾਰੇ ਜੋ ਕਿਹਾ ਗਿਆ ਹੈ, ਸੰਖੇਪ ਵਿੱਚ ਚਰਚਾ ਕਰੋ।
3. ਪ੍ਰਕਾਸ਼ ਦੀ ਪੋਥੀ ਬਾਰੇ ਚਰਚਾ ਕਰੋ।
4. ਇਤਿਹਾਸਕ ਵਖਾਨ ਕੀ ਹਨ?

ਛੋਟੇ ਪ੍ਰਸ਼ਨ

1. ਸੰਤ ਪੋਲੁਸ ਦਾ ਮਲਾਤੀਆਂ ਦੀ ਵਿਸ਼ਵਾਸ ਸੰਗਤ ਨੂੰ ਪੱਤਰ
2. ਸੰਤ ਪੋਲੁਸ ਦਾ ਫਿਲਪੀਆ ਦੀ ਵਿਸ਼ਵਾਸ ਸੰਗਤ ਨੂੰ ਪੱਤਰ

3. ਥੱਸਲਕੁਕੀਆ ਦੀ ਸੰਗਤ ਨੂੰ ਪਹਿਲਾ ਤੇ ਦੂਜਾ ਪੱਤਰ
4. ਸੰਤ ਪੋਲੁਸ ਦਾ ਤਿਮੋਥਿਉਸ ਨੂੰ ਪਹਿਲਾ ਤੇ ਦੂਜਾ ਪੱਤਰ
5. ਇਬਰਾਨੀਆ ਨੂੰ ਪੱਤਰ
6. ਸੰਤ ਯਾਕੂਬ ਦਾ ਪੱਤਰ
7. ਸੰਤ ਪਤਰਸ ਦਾ ਪਹਿਲਾ ਤੇ ਦੂਜਾ ਪੱਤਰ
8. ਯਹੂੰਨਾ ਦਾ ਪਹਿਲਾ, ਦੂਜਾ ਅਤੇ ਤੀਜਾ ਪੱਤਰ
9. ਸੰਤ ਯਹੂਦਾ ਦਾ ਪੱਤਰ

# 10. ਪਵਿੱਤਰ ਕੁਰਾਨ-ਇਲਹਾਮੀ ਸੰਦੇਸ਼


10.0 ਉਦੇਸ਼

- 10.1 ਜਾਣ-ਪਛਾਣ
- 10.2 ਰੱਬੀ ਕਲਾਮ
- 10.3 ਕੁਰਾਨ ਸ਼ਬਦ ਦੀ ਵਿਉਂਤਪਤੀ
- 10.4 ਸੰਪਾਦਨਾ
- 10.5 ਵਿਸ਼ਾ-ਵਸਤੂ (ਸਮੱਗਰੀ)
- 10.6 ਈਮਾਨ
- 10.7 ਇਕ ਈਸ਼ਵਰਵਾਦ
- 10.8 ਅੱਲ੍ਹਾ ਦੀ ਰਜ਼ਾ
- 10.9 ਅੱਲ੍ਹਾ ਦੀ ਸਿਫਤ
- 10.10 ਮਨੁੱਖੀ ਫਰਜ਼
- 10.11 ਉੱਚ ਚਰਿੱਤਰ ਤੇ ਦਇਆ
- 10.12 ਮਾਪਿਆ ਦੀ ਸੇਵਾ
- 10.13 ਕੁਰਾਨ ਦੀਆਂ ਸਿੱਖਿਆਵਾਂ
- 10.14 ਅੱਲ੍ਹਾ ਦਾ ਸੰਕਲਪ
- 10.15 ਅੱਲ੍ਹਾ ਅਤੇ ਉਸਦਾ ਕਾਨੂੰਨ
- 10.16 ਸਾਰ
- 10.17 ਪੜ੍ਹਣਯੋਗ ਪੁਸਤਕਾਂ
- 10.18 ਅਭਿਆਸ ਲਈ ਪ੍ਰਸ਼ਨ


10.0 ਉਦੇਸ਼- ਇਸ ਯੂਨਿਟ ਵਿਚ ਇਸਲਾਮ ਦੇ ਮਹੱਤਵਪੂਰਨ ਗ੍ਰੰਥ ਕੁਰਾਨ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।

10.1 ਜਾਣ-ਪਛਾਣ- 'ਕੁਰਾਨ' ਇਸਲਾਮ ਦਾ ਸਭ ਤੋਂ ਵੱਧ ਪਵਿੱਤਰ ਗ੍ਰੰਥ ਮੰਨਿਆ ਜਾਂਦਾ ਹੈ। ਡਾ. ਜੋਸ਼ੀ ਅਤੇ ਪ੍ਰੋ. ਜੋਧ ਸਿੰਘ ਦਾ ਮਤ ਹੈ, "ਕੁਰਾਨ ਇਕ ਇਲਰਾਮੀ ਪੁਸਤਕ ਹੈ ਜਿਹੜੀ ਪੈਗੰਬਰ ਹਜ਼ਰਤ ਮੁਹੰਮਦ 'ਤੇ ਨਾਜ਼ਿਲ ਹੋਈ। ਹਜ਼ਰਤ ਮੁਹੰਮਦ 570 ਈ. ਵਿੱਚ ਮੱਕੇ ਵਿਖੇ ਪੈਦਾ ਹੋਏ ਅਤੇ 630. ਈਸਵੀ ਵਿੱਚ ਮਦੀਨੇ ਵਿਖੇ ਸੁਰਗਵਾਸ ਹੋ ਗਏ।

ਉਨ੍ਹਾਂ ਨੇ ਇਕ ਵਧੀਆ ਜੀਵਨ ਭੋਗਿਆ। ਉਹ ਬਚਪਨ ਤੋਂ ਹੀ ਈਮਾਨਦਾਰੀ ਲਈ ਪ੍ਰਸਿੱਧ ਸਨ। ਉਨ੍ਹਾਂ ਦੀ ਈਮਾਨਦਾਰੀ ਕਠਿਨ ਘਾਲਣਾ ਤੇ ਦੂਜਿਆ ਲਈ ਹਮਦਰਦੀ ਨੇ ਲੋਕਾਂ ਨੂੰ ਮੋਹ ਲਿਆ। ਉਹ ਬੱਚਿਆਂ 'ਤੇ ਬੜੇ ਦਿਆਲੂ ਸਨ। ਚਾਲੀ ਸਾਲ ਦੀ ਆਯੂ ਪੂਰੀ ਹੋਣ ਉਪਰੰਤ ਉਨ੍ਹਾਂ ਨੇ ਦਾਅਵਾ ਕੀਤਾ ਕਿ ਖ਼ੁਦਾ ਇਕ ਫਰਿਸ਼ਤੇ ਰਾਹੀਂ ਆਪਣਾ ਕਲਾਮ ਉਨ੍ਹਾਂ 'ਤੇ ਉਤਾਰ ਰਿਹਾ ਹੈ। ਸਮੇਂ-ਸਮੇਂ ਸਿਰ ਵੀਹ ਸਾਲਾਂ ਵਿੱਚ ਪੁੱਜਾ ਖ਼ੁਦਾਈ ਕਲਾਮ ਕੁਰਾਨ ਦੀ ਸ਼ਕਲ ਵਿੱਚ ਇਕੱਠਾ ਕੀਤਾ ਗਿਆ। ਕੁਰਾਨ ਵਿੱਚ ਇਸਲਾਮ ਦੇ ਮਸਲੇ, ਸਵਰਗਾਂ ਤੇ ਨਰਕਾਂ ਦੇ ਵਿਸ਼ੇ ਸ਼ਾਮਿਲ ਹਨ। ਕੁਰਾਨ ਇਸਲਾਮੀ ਸਿੱਖਿਆ ਦਾ ਸੋਮਾ ਹੈ ਜਿਸ ਨੂੰ ਇਕ ਬਹੁਤ ਵੱਡੀ ਜਨ-ਸੰਖਿਆ ਪ੍ਰਵਾਨ ਕਰ ਚੁੱਕੀ ਹੈ।

10.2 ਰੱਬੀ ਕਲਾਮ:- ਗਿਆਨੀ ਪ੍ਰਤਾਪ ਸਿੰਘ ਅਨੁਸਾਰ, "ਕੁਰਾਨ ਦੇ ਅਰਥ ਹਨ - ਪੜ੍ਹਨਾ ਤੇ ਪੜ੍ਹੇ ਜਾਣਾ। ਕੁਰਾਨ ਪਹਿਲਾਂ ਇਕ ਹਿੱਸੇ ਦਾ ਨਾਂ ਸੀ । ਹੁਣ ਸਾਰੀ ਕਿਤਾਬ ਦਾ ਨਾਂ ਹੈ। ਇਸ ਨੂੰ ਕੁਰਾਨ ਮਜੀਦ, ਕੁਰਾਨ ਸ਼ਰੀਫ ਤੇ ਅਲਕਿਤਾਬ ਵੀ ਕਹਿੰਦੇ ਹਨ। ਮੁਸਲਮਾਨਾਂ ਦਾ ਵਿਸ਼ਵਾਸ ਹੈ ਕਿ ਇਹ ਮਨੁੱਖ ਦੀ ਰਚਿਤ ਨਹੀਂ, ਰੱਬੀ ਕਲਾਮ ਹੈ, ਜੋ ਸੰਸਾਰ ਦੇ ਰਚੇ ਜਾਣ ਤੋਂ ਪਹਿਲੇ 'ਲੋਹੇ ਮਹਫ਼ੂਜ' 'ਤੇ ਲਿਖੀ ਹੋਈ ਸੀ। ਪਿੱਛੋਂ ਮੁਹੰਮਦ ਸਾਹਿਬ ਉੱਤੇ ਜਬਰਾਈਲ ਫਰਿਸ਼ਤੇ ਰਾਹੀਂ ਉਤਾਰਿਆ ਗਿਆ।

10.3 'ਕੁਰਾਨ' ਸ਼ਬਦ ਦੀ ਵਿਉਂਤਪਤੀ:- 'ਕੁਰਾਨ' ਸ਼ਬਦ ਅਰਬੀ ਭਾਸ਼ਾ ਦੇ ਸ਼ਬਦ 'ਕਰਾਂ'' ਤੋਂ ਬਣਿਆ ਹੈ। ਕਰਾ ਦਾ ਕੋਸ਼ਗਤ ਅਰਥ ਹੈ - ਪੜ੍ਹਨਾ ਜਾਂ ਉਚਾਰਨਾ। ਕੁਰਾਨ ਵਿੱਚ ਇਕ ਆਇਤ ਵੀ ਆਉਂਦੀ ਹੈ ਜਿਸ ਦਾ ਅਰਥ ਵੀ ਇਹੋ ਸੰਕੇਤ ਕਰਦਾ ਹੈ। ਕੁਰਾਨ ਦੀ ਇਸ ਆਇਤ ਵਿੱਚ ਲਿਖਿਆ ਹੈ, ਸਾਡੇ ਸਾਹਮਣੇ ਪਵਿੱਤਰ ਪਾਠ ਕੁਰਾਨ ਹੈ ਜੋ ਅਸੀਂ ਪੜ੍ਹਨਾ ਹੈ। ਜਦੋਂ ਇਸ ਨੂੰ ਪੜ੍ਹ ਇਸ 'ਤੇ ਅਮਲ ਕਰੋ। ਕੁਰਾਨ ਸ਼ਬਦ' ਦਾ ਸਿੱਧਾ ਅਰਥ 'ਪਾਕ' ਜਾ 'ਪਵਿੱਤਰ' ਹੈ। ਅੱਜਕਲ੍ਹ ਇਸ ਦਾ ਇਕੋ-ਇਕ ਅਰਥ ਹੈ- ਮੁਸਲਮਾਨਾ ਦੀ ਧਰਮ ਪੁਸਤਕ।

10.4 ਸੰਪਾਦਨਾ:- ਕੁਰਾਨ ਦੀਆਂ ਕੁੱਲ 114 ਸੂਰਾ (ਸੂਰਤਾਂ) 6666 ਆਇਤਾਂ ਅਤੇ 77,639 ਸ਼ਬਦ ਹਨ। ਸੂਰਾ 'ਅਧਿਆਇ ਨੂੰ ਕਿਹਾ ਜਾਂਦਾ ਹੈ। ਇਸ ਵਿਚਲੇ ਸਾਰੇ ਸ਼ਬਦ ਖਾਸ ਲੰਬਾਈ ਦੀਆਂ ਸਤਰਾਂ ਵਿਚ ਜੁੜੇ ਹੋਏ ਹਨ। ਇਸ ਦੇ ਸਾਰੇ ਸ਼ਬਦ ਸਮੂਹ ਤੋਂ ਹਜ਼ਰਤ ਸਾਹਿਬ ਦੇ ਰੋਸ਼ਨ ਦਿਲ ਤੇ ਦਿਮਾਗ ਦਾ ਨਕਸ਼ਾ ਪ੍ਰਗਟ ਹੁੰਦਾ ਹੈ। ਕੁਰਾਨ ਦੀਆਂ ਵੱਖ-ਵੱਖ ਸੁਰਾ ਦੇ ਵੱਖ-ਵੱਖ ਸਿਰਲੇਖ ਹਨ। ਕਿਧਰੇ ਆਇਤ ਦੇ ਮੁੱਢਲੇ ਸ਼ਬਦ ਦੇ ਆਧਾਰ 'ਤੇ ਸੁਰਾ ਦਾ ਨਾਂ ਰੱਖਿਆ ਹੋਇਆ ਹੈ ਕਿਧਰ ਵਿਸ਼ੇਸ਼ ਸਿੱਖਿਆ ਦੇ ਆਧਾਰ 'ਤੇ ।

10.5 ਵਿਸ਼ਾ-ਵਸਤੂ (ਸਮੱਗਰੀ):- ਕੁਰਾਨ ਵਿੱਚ ਇਸਲਾਮ ਧਰਮ ਦੀ ਵਿਚਾਰਧਾਰਾ ਸਮੋਈ ਹੋਈ ਹੈ। ਇਸ ਵਿੱਚ ਵੱਡੀ ਗਿਣਤੀ ਵਿੱਚ ਤਾੜਨਾਵਾਂ ਅਤੇ ਉਪਦੇਸ਼ ਸ਼ਾਮਿਲ ਹਨ। ਕਈ ਥਾਵਾਂ 'ਤੇ ਹਜ਼ਰਤ ਮੁਹੰਮਦ ਸਾਹਿਬ ਨੇ ਆਪਣੇ ਅਨੁਭਵਾਂ ਦਾ ਜ਼ਿਕਰ ਕੀਤਾ ਹੈ। ਸੋ ਅਸੀਂ ਆਖ ਸਕਦੇ ਹਾਂ ਕਿ ਕੁਰਾਨ ਵਿਚੋਂ ਇਸਲਾਮ ਦੇ ਵੱਡੇ ਲੱਛਣ ਪ੍ਰਗਟ ਹੁੰਦੇ ਹਨ। ਉਦਾਹਰਣ ਵਜੋਂ ਅਸੀਂ ਇੱਥੇ ਵਿਸ਼ਵ ਧਰਮ ਸੰਗ੍ਰਹਿ ਅਤੇ ਸਾਮੀ ਧਰਮਾਂ ਦੇ ਉਪਦੇਸ਼ ਵਿੱਚ ਸੰਕਲਿਤ ਕੁਰਾਨ ਵਿਚਲੇ ਕੁਝ ਵਿਚਾਰ ਦੇ ਰਹੇ ਹਾਂ:-

10.6 ਈਮਾਨ:- ਕੁਰਾਨ ਵਿਚ ਈਮਾਨ ਬਾਰੇ ਸੁਰਾ 2 ਵਿੱਚ ਲਿਖਿਆ ਕਿ ਅੱਲ੍ਹਾ, ਮਨੁੱਖ ਦੇ ਈਮਾਨ ਦੀ ਪਰੀਖਿਆ ਲੈਂਦਾ ਹੈ। ਕੁਰਾਨ ਦੀ ਇਕ ਆਇਤ ਹੈ "ਯਕੀਨਨ ਅਸੀਂ ਤੁਹਾਡਾ ਇਮਤਿਹਾਨ (ਪਰੀਖਿਆ) ਲਵਾਂਗੇ-ਤੁਹਾਨੂੰ ਭੁੱਖ, ਭੈ, ਗ਼ਰੀਬੀ ਦੇ ਕੇ, ਤੁਹਾਡੀਆਂ ਫਸਲਾਂ ਤੇ ਜਾਨਾਂ ਦਾ ਨੁਕਸਾਨ ਕਰਕੇ, ਪਰੰਤੂ ਜਿਸ ਦਾ ਯਕੀਨ ਪੱਕਾ ਹੈ ਉਸ ਲਈ ਸਾਰੀ ਗੱਲ (ਖ਼ਬਰ, ਹਾਲ-ਚਾਲ) ਚੰਗੀ ਹੋਵੇਗੀ।

10.7 ਇਕ ਈਸ਼ਵਰਵਾਦ (Monotheism):- ਕੁਰਾਨ ਦੀ ਸੁਰਾ 6 ਦਾ ਕੇਂਦਰੀ ਵਿਸ਼ਾ ਤਹੀਦ ਅਰਥਾਤ ਇਕ ਈਸ਼ਵਰਵਾਦ ਹੈ। ਡਾ. ਮਨਮੋਹਨ ਸਿੰਘ ਅਨੁਸਾਰ, ਇਸ ਸੁਰਾ ਵਿੱਚ ਲੋਕਾਂ ਨੂੰ ਬਹੁ-ਦੇਵਵਾਦ ਤੋਂ ਮੋੜ ਕੇ ਇਕ ਈਸ਼ਵਰ ਵੱਲ ਪ੍ਰੇਰਿਤ ਕੀਤਾ ਗਿਆ ਹੈ।

10.8 ਅੱਲ੍ਹਾ ਦੀ ਰਜ਼ਾ:- ਇਸ ਮਹਾਨ ਗ੍ਰੰਥ ਵਿੱਚ ਕਈ ਥਾਵਾਂ 'ਤੇ ਮੁਸਲਮਾਨ ਨੂੰ ਅੱਲ੍ਹਾ ਦੀ ਰਜ਼ਾ ਵਿਚ ਚੱਲਣ ਦਾ ਉਪਦੇਸ਼ ਦਿੱਤਾ ਗਿਆ ਹੈ। ਉਦਾਹਰਣ ਵਜੋਂ ਸੁਰਾ 14 ਵਿੱਚ ਲਿਖਿਆ ਹੈ ਤੇ ਅਸਾਂ ਜਿਸ ਪੈਗ਼ੰਬਰ (ਅਵਤਾਰ, ਨਬੀ) ਨੂੰ ਭੇਜਿਆ ਉਸ ਨੇ ਉਨ੍ਹਾਂ ਲੋਕਾਂ ਦੀ ਬੋਲੀ ਵਿਚ (ਸਾਡਾ) ਸੁਨੇਹਾ (ਪੈਗਾਮ) ਸਾਫ਼ ਸਮਝਾਇਆ। ਅੱਲ੍ਹਾ ਜਿਸ ਨੂੰ ਚਾਹੁੰਦਾ ਹੈ ਰਸਤੇ 'ਤੇ ਪਾ ਦਿੰਦਾ ਹੈ ਤੇ ਜਿਸ ਨੂੰ ਚਾਹੁੰਦਾ ਹੈ ਕੁਰਾਹੇ ਪਾ ਦਿੰਦਾ ਹੈ। ਉਹ ਬੜਾ ਸ਼ਕਤੀਮਾਨ ਤੇ ਸਭ ਸਿਆਣਪਾਂ ਦਾ ਮਾਲਕ ਅੱਲ੍ਹਾ ਹੈ।

10.9 ਅੱਲ੍ਹਾ ਦੀ ਸਿਫ਼ਤ:- ਇਸੇ ਤਰ੍ਹਾਂ ਕੁਰਾਨ ਵਿਚ ਥਾਂ ਪੁਰ ਥਾਂ ਅੱਲ੍ਹਾ ਦੀ ਪ੍ਰਸ਼ੰਸਾ ਜਾਂ ਸਿਫ਼ਤ ਕੀਤੀ ਗਈ ਹੈ। ਸੁਰਾ 24 ਦਾ ਵਧੇਰੇ ਭਾਗ ਇਸੇ ਵਿਸ਼ੇ ਨਾਲ ਸੰਬੰਧਿਤ ਹੈ। ਇਸ ਵਿੱਚ ਇਕ ਥਾਂ ਅੱਲ੍ਹਾ ਬਾਰੇ ਲਿਖਿਆ ਗਿਆ ਹੈ, ਅੱਲ੍ਹਾ ਹੀ ਜ਼ਮੀਨ ਤੇ ਆਸਮਾਨ ਦਾ ਚਾਣਨ ਹੈ। ਉਸ ਦੇ ਚਾਣਨ ਦੀ ਮੁਸ਼ਾਬਹਤ ਉਸ ਆਲੇ ਵਰਗੀ ਹੈ ਜਿਸ ਵਿਚ ਇਕ ਲੈਂਪ ਪਿਆ ਹੋਇਆ ਹੈ। ਉਹ ਲੈਂਪ ਇਕ ਗਲਾਸ ਵਿਚ ਹੈ। ਉਹ ਗਲਾਸ ਇਕ ਚਮਕਦੇ ਤਾਰੇ ਵਰਗਾ ਹੈ। ਇਸ ਲੈਂਪ ਨੂੰ ਇਕ ਪਵਿੱਤਰ ਦਰੱਖਤ 'ਤੇ ਜਗਾਇਆ ਹੋਇਆ ਹੈ। ਇਕ ਜ਼ੈਤੂਨ ਦਾ ਦਰੱਖਤ ਜਿਹੜਾ ਨਾ ਪੂਰਬ ਦਾ ਹੈ ਤੇ ਨਾ ਹੀ ਪੱਛਮ ਦਾ ਉਸ ਦਾ ਤੇਲ ਵੀ ਚਾਣਨ ਵਾਂਗ ਚਮਕਦਾ ਹੈ ਭਾਵੇਂ ਇਸ ਨੇ ਕੋਈ ਅੱਗ ਨਹੀਂ ਲਾਈ ਗਈ। ਚਾਣਨ ਉੱਪਰ ਚਾਣਨ। ਅੱਲ੍ਹਾ ਜਿਸ 'ਤੇ ਕਿਰਪਾ ਕਰਦਾ ਹੈ . ਉਸ ਨੂੰ ਆਪਣਾ ਚਾਣਨ ਦਿੰਦਾ ਹੈ। ਅੱਲ੍ਹਾ ਮਨੁੱਖਾਂ ਨਾਲ ਤਸਬੀਹਾਂ ਦੇ ਕੇ ਗੱਲਾਂ ਕਰਦਾ ਹੈ ਕਿਉਂਕਿ ਉਹ ਸਭ ਦਾ ਜਾਣੀ-ਜਾਣ ਹੈ।

10.10 ਮਨੁੱਖੀ ਫਰਜ਼:- ਇਵੇਂ ਹੀ ਸੁਰਾ 5 ਵਿੱਚ ਮਨੁੱਖੀ ਫਰਜ਼ ਸੰਬੰਧੀ ਚੇਤਾਵਨੀ ਦਿੰਦਿਆ ਕਿਹਾ ਗਿਆ ਹੈ. "ਅੱਲ੍ਹਾ (ਰੱਬ, ਪਰਮਾਤਮਾ) ਤੋਂ ਇਲਾਵਾ ਜੇ ਕਿਸੇ ਹੋਰ ਦੀ ਉਹ ਇਬਾਦਤ ਪੂਜਾ) ਕਰਦੇ ਹਨ ਤਾਂ ਉਨ੍ਹਾਂ ਨੂੰ ਬੁਰਾ-ਭਲਾ ਨਾ ਕਹੋ। ਅਜਿਹਾ ਨਾ ਹੋਵੇ ਉਹ ਆਪਣੀ ਬਇਲਮੀ ਕਾਰਣ ਇਸ ਤਰ੍ਹਾਂ ਕਰਕੇ ਅੱਲ੍ਹਾ ਦੀ ਨਿਰਾਦਰੀ ਕਰਨ। ਇਸ ਤਰ੍ਹਾਂ ਅਸੀਂ ਹਰ ਕੰਮ ਨੂੰ ਉਨ੍ਹਾਂ ਦੇ ਕੰਮ ਮੁਨਾਸਬ ਪ੍ਰਤੀਤ ਹੋਣ ਦਾ ਉਪਦੇਸ਼ ਦਿੱਤਾ ਹੈ।"

10.11 ਉੱਚ ਚਰਿੱਤਰ ਤੇ ਦਇਆ:- ਸੁਰਾ 16 ਵਿੱਚ ਮਨੁੱਖ ਨੂੰ ਉੱਚ ਚਰਿੱਤਰ ਧਾਰਨ ਕਰਨ ਅਤੇ ਦੂਜਿਆਂ 'ਤੇ ਦਇਆ ਕਰਨ ਉੱਤੇ ਜ਼ੋਰ ਦਿੱਤਾ ਗਿਆ ਹੈ। ਇਸ ਸੁਰਾ ਵਿੱਚ ਇਕ ਥਾਂ ਲਿਖਿਆ ਹੈ "ਸੁਣੋ, ਅੱਲ੍ਹਾ ਇਨਸਾਫ਼ ਤੇ ਦਇਆ

ਕਰਨ ਦੀ ਤਾਕੀਦ ਕਰਦਾ ਹੈ ਤੇ ਆਪਣੇ ਸੰਬੰਧੀਆਂ ਨੂੰ (ਸਹਾਇਤਾ) ਦੇਣ ਦਾ ਉਪਦੇਸ਼ ਦਿੰਦਾ ਹੈ। ਅੱਲ੍ਹਾ ਨਫਸ-ਪ੍ਰਸਤੀ, ਬਦਕਾਰੀ, ਬਦਮਾਸ਼ੀ ਤੇ ਦੂਸਰਿਆਂ ਤੋਂ ਨਫ਼ਰਤ ਕਰਨ ਦੀ ਮਨਾਹੀ ਕਰਦਾ ਹੈ। ਉਹ ਤੁਹਾਨੂੰ ਪਿਆਰ ਨਾਲ ਇਹ ਕਹਿੰਦਾ ਹੈ (ਤਾਕੀਦ ਕਰਦਾ ਹੈ) ਤਾਂ ਜੋ ਤੁਸੀਂ ਦੂਜਿਆਂ ਨੂੰ ਪਿਆਰ ਕਰੋ।

10.12 ਮਾਪਿਆਂ ਦੀ ਸੇਵਾ:- ਜਿੱਥੇ ਕੁਰਾਨ ਅਧਿਆਤਮਕ ਰਾਹ ਵਿਖਾਉਂਦਾ ਹੈ, ਉੱਥੇ ਇਸ ਵਿਚ ਕਈ ਨੈਤਿਕ ਸਿੱਖਿਆਵਾਂ ਵੀ ਦਿੱਤੀਆਂ ਗਈਆਂ ਹਨ ਜਿਨ੍ਹਾਂ ਵਿਚੋਂ ਇਕ ਹੈ- ਮਾਪਿਆਂ ਦੀ ਸੇਵਾ। ਸੂਰਾ 15 ਵਿਚ ਲਿਖਿਆ ਹੈ, "ਤੇ ਤੁਹਾਡੇ ਮਾਲਕ (ਸਾਈਂ, ਅੱਲ੍ਹਾ ਦਾ ਹੁਕਮ ਹੈ ਕਿ ਤੁਸੀਂ ਸਿਵਾਇ ਉਸ ਦੇ ਕਿਸੇ ਹੋਰ ਦੀ ਸੇਵਾ ਨਹੀਂ ਕਰੋਗੇ ਤੇ ਆਪਣੇ ਮਾਪਿਆ ਨਾਲ ਚੰਗਾ ਵਰਤਾਓ ਕਰੋਗੇ। ਜੇਕਰ ਉਨ੍ਹਾਂ (ਮਾਪਿਆਂ) ਵਿਚੋਂ ਕੋਈ ਇਕ ਜਾਂ ਦੋਵੇਂ ਬਿਰਧ ਅਵਸਥਾ ਵਿਚ ਹੋਣ ਤਾਂ ਉਨ੍ਹਾਂ ਨੂੰ 'ਓਏ' ਕਰਕੇ ਵੀ ਨਾ ਬੋਲੇ ਤੇ ਨਾ ਕਦੇ ਉਨ੍ਹਾਂ ਨੂੰ ਝਿੜਕ। ਉਨ੍ਹਾਂ ਨਾਲ ਸੋਹਣੀ ਤੇ ਸੁਖਾਵੀਂ ਗੱਲ ਕਰੋ। ਉਨ੍ਹਾਂ ਦੀ ਆਗਿਆ ਦਾ ਪਾਲਣ ਕਰੋ ਤੇ ਪੂਰੀ ਕਹੋ ਕਾਰ ਕਰਕੇ ਉਨ੍ਹਾਂ ਨਾਲ ਮਿੱਠਾ ਤੇ ਦਇਆ ਦ੍ਰਿਸ਼ਟੀ ਵਾਲਾ ਸਲੂਕ ਕਰੋ, ਤੇ ਫਿਰ ਪ੍ਰਾਰਥਨਾ ਕਰੋ, "ਹੇ ਮੇਰੇ ਮਾਲਕ (ਰੱਬ) ਇਨ੍ਹਾਂ ਉੱਪਰ ਮਿਹਰ ਕਰ, ਦਇਆ ਕਰ, ਕਿਉਂਕਿ ਇਨ੍ਹਾਂ ਨੇ ਮੈਨੂੰ ਪਾਲਿਆ ਪੋਸਿਆ ਹੈ।"

10.13 ਕੁਰਾਨ ਦੀਆਂ ਸਿੱਖਿਆਵਾਂ (Teachings of Quoran) :- ਉਂਝ ਤਾਂ ਸਾਰਾ ਕੁਰਾਨ ਮਜੀਦ ਸਿੱਖਿਆਵਾਂ ਨਾਲ ਭਰਿਆ ਪਿਆ ਹੈ, ਪਰੰਤੂ ਇਸ ਦੀਆਂ ਪ੍ਰਮੁੱਖ ਸਿੱਖਿਆਵਾਂ ਇਸ ਤਰ੍ਹਾਂ ਹਨ-

1. ਖੁਦਾ ਇਕ ਹੈ। ਕੁਰਾਨ ਵਿਚ ਉਸ ਨੂੰ ਅੱਲ੍ਹਾ ਕਿਹਾ ਗਿਆ ਹੈ। ਉਸ ਦੀ ਇਬਾਦਤ ਕਰਨੀ ਚਾਹੀਦੀ ਹੈ, ਕਿਉਂਕਿ ਉਸ ਨੇ ਹੀ ਧਰਤੀ, ਆਕਾਸ਼ ਬਣਾਏ। ਉਸ ਦੇ ਹੁਕਮ ਅਨੁਸਾਰ ਹੀ ਲੋਕਾਂ ਨੂੰ ਰੋਜ਼ੀ ਮਿਲਦੀ ਹੈ।

2. ਹਜ਼ਰਤ ਮੁਹੰਮਦ ਸਾਹਿਬ ਅੱਲ੍ਹਾ ਦਾ ਰਸੂਲ ਹੈ। ਉਨ੍ਹਾਂ ਦੇ ਆਦੇਸ਼ਾਂ 'ਤੇ ਚੱਲਣ ਨਾਲ ਹੈ । ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ।

3. ਕੁਰਾਨ ਅਗਿਆਨਤਾ ਦੇ ਵਿਰੁੱਧ ਹੈ। ਇਸੇ ਲਈ ਉਸ ਵਿਚ ਕਿਹਾ ਗਿਆ ਹੈ, ਵਿਦਵਾਨ ਦੇ ਕਲਮ ਦੀ ਸਿਆਹੀ ਸ਼ਹੀਦ ਦੇ ਖ਼ੂਨ ਨਾਲੋਂ ਵਧੇਰੇ ਪਵਿੱਤਰ ਹੈ।

4. ਅਗਿਆਨਤਾ ਨੂੰ ਦੂਰ ਕਰਨ ਲਈ ਵਿਗਿਆਨ ਦਾ ਆਸਰਾ ਲੈਣਾ ਚਾਹੀਦਾ ਹੈ।

5. ਕੁਰਾਨ ਬਹੁਤ ਸਾਰੀਆਂ ਅਜਿਹੀਆਂ ਸਿੱਖਿਆਵਾਂ ਦਿੰਦਾ ਹੈ, ਜੋ ਵਿਹਾਰਕ ਜੀਵਨ ਵਿਚ ਬਹੁਤ ਲਾਭਦਾਇਕ ਸਿੱਧ ਹੋ ਸਕਦੀਆਂ ਹਨ, ਜਿਵੇਂ ਹਰੇਕ ਨਾਲ ਨਿਆਂ ਕਰੋ। ਮਾਤਾ-ਪਿਤਾ ਦੀ ਸੇਵਾ ਕਰੋ, ਹਰੇਕ ਨੂੰ ਪਿਆਰ ਕਰੋ ਮੁਆਫੀ ਦੀ ਭਾਵਨਾ ਆਪਣੇ- ਆਪ ਵਿਚ ਪੈਦਾ ਕਰੋ। ਲੋਕਾਂ ਨਾਲ ਮਿੱਠਤ ਨਾਲ ਪੇਸ਼ ਆਓ।

6. ਜ਼ਕਾਤ ਦਾਨ ਦਿਓ। ਇਹ ਬਹਿਸ਼ਤ ਦੀ ਪ੍ਰਾਪਤੀ ਵਿਚ ਸਹਾਈ ਹੁੰਦਾ ਹੈ।

7. ਦੂਜਿਆ ਨਾਲ ਚੰਗਾ ਵਿਵਹਾਰ ਕਰੋ। ਲੋਕਾਂ ਨਾਲ ਉਹ ਸਲੂਕ ਕਰੋ, ਜਿਹੜਾ ਤੁਸੀਂ ਚਾਹੁੰਦੇ ਹੋ, ਲੋਕ ਤੁਹਾਡੇ ਨਾਲ ਕਰਨ।

8. ਪਰਮਾਤਮਾ 'ਤੇ ਪੂਰਨ ਵਿਸ਼ਵਾਸ ਰੱਖੋ ਉਸ 'ਤੇ ਵਿਸ਼ਵਾਸ ਰੱਖਣ ਵਾਲਾ ਵਿਅਕਤੀ ਜ਼ਿੰਦਗੀ ਵਿਚ ਡੋਲ੍ਹਦਾ ਨਹੀਂ ਅਤੇ ਫਰਕ ਨਹੀਂ ਪੈਂਦਾ। ਹਜ਼ਰਤ ਮੁਹੰਮਦ ਸਾਹਿਬ ਦੇ ਵਿਚਾਰਾਂ ਨੂੰ ਇਕ ਲੇਖਕ ਨੇ ਇਸ ਤਰ੍ਹਾਂ ਦਰਸਾਇਆ ਹੈ -ਉਸ ਪਰਮਾਤਮਾ ਦੀ ਪੂਜਾ ਕਰੋ ਜਿਸ ਨੇ ਸ੍ਰਿਸ਼ਟੀ ਦਾ ਨਿਰਮਾਣ ਕੀਤਾ ਅਤੇ ਜੋ ਇਸ ਨੂੰ ਤਲਾਉਂਦਾ ਹੈ। ਉਹ ਜੋ ਚਾਹੇ ਕਰਦਾ ਹੈ ਅਤੇ ਉੱਚ ਤਖਤ 'ਤੇ ਬੈਠੀ ਉਹ ਸ਼ਕਤੀ ਹੈ ਜੋ ਆਪਣੇ ਵਫਾਦਾਰ ਨੌਕਰਾਂ ਨੂੰ ਸਹੀ ਰਾਹ 'ਤੇ ਚਲਾਉਂਦੀ ਹੈ। ਉਹ ਸਭ ਤੋਂ ਪੁਰਾਤਨ ਹੈ, ਉਸ ਤੋਂ ਪਹਿਲਾਂ ਕੋਈ ਨਹੀਂ ਹੋਇਆ। ਉਹ ਸਦੀਵੀ ਹੈ ਜਿਸ ਦਾ ਕੋਈ ਆਦਿ ਨਹੀਂ। ਉਹ ਹਮੇਸ਼ਾ ਕਾਇਮ ਸ਼ੇਗਾ ਅਤੇ ਉਹ ਅੰਤ-ਰਹਿਤ ਹੈ, ਉਸ ਉੱਪਰ ਕੋਈ ਆਦੇਸ਼ ਨਹੀਂ ਚਲ ਸਕਦਾ ਜੋ ਉਸ ਦੇ ਅਧਿਕਾਰਾਂ ਨੂੰ ਸੀਮਤ ਕਰੇ। ਉਹ ਅਬਦ ਤੱਕ ਕਾਇਮ ਰਹੇਗਾ।

9 ਵਿਅਕਤੀ ਨੂੰ ਸਬਰ ਨਾਲ ਆਪਣੇ ਕੰਮ ਵਿੱਚ ਜੁੱਟ ਰਹਿਣਾ ਚਾਹੀਦਾ ਹੈ, ਪਰਮਾਤਮਾ ਖ਼ੁਦ ਇਨਾਮ ਦਿੰਦਾ ਹੈ।

10. ਮਨੁੱਖ ਨੂੰ ਚੰਗੇ ਕੰਮ ਕਰਨੇ ਚਾਹੀਦੇ ਹਨ ਨਹੀਂ ਤਾਂ ਉਸ ਨੂੰ ਕਿਆਮਤ ਦੇ ਦਿਨ ਹਿਸਾਬ-ਕਿਤਾਬ ਦੇਣਾ ਪਵੇਗਾ। ਜਿਹੜੇ ਗੁਨਾਹਗਾਰ ਹੋਣਗੇ, ਉਹ ਨਰਕ ਵਿਚ ਜਾਣਗੇ।

11. ਅੱਲ੍ਹਾ ਨੂੰ ਖ਼ੁਸ਼ ਕਰਨ ਲਈ ਲੋਕਾਂ ਨਾਲ ਮਿਹਰਬਾਨੀ ਦਾ ਸਲੂਕ ਕਰਨਾ ਚਾਹੀਦਾ ਹੈ।

12. ਪਰਮਾਤਮਾ ਦੀ ਰਜ਼ਾ ਵਿਚ ਚੱਲਣ ਨਾਲ ਹੀ ਮਨ ਦੀ ਸ਼ਾਂਤੀ ਪ੍ਰਾਪਤ ਹੋ ਸਕਦੀ ਹੈ।

13. ਇਸਲਾਮ ਕਿਆਮਤ ਦੇ ਦਿਨ ਨੂੰ ਮੰਨਦਾ ਹੈ। ਇਸ ਦਿਨ ਸਾਰੇ ਮੁਰਦੇ ਉੱਠ ਖੜ੍ਹੇ ਹੋਣਗੇ ਅਤੇ ਹਿਸਾਬ-ਕਿਤਾਬ ਹਰੇਕ ਤੋਂ ਮੰਗਿਆ ਜਾਵੇਗਾ। ਇਹ ਇਕ ਤਰ੍ਹਾਂ ਨਾਲ ਨਿਆਂ ਦਿਹਾੜਾ ਹੋਵੇਗਾ।

14. ਆਉਣ ਵਾਲੇ ਸਮੇਂ ਵਿੱਚ ਫਿਰ ਦੋ ਰੱਬੀ ਅਵਤਾਰ ਨਵੇਂ ਸਿਰਿਉਂ ਲੋਕਾਂ ਨੂੰ ਧਾਰਮਿਕ ਜਾਗ੍ਰਤੀ ਦੇਣ ਲਈ ਇਸ ਧਰਤੀ ਉੱਪਰ ਆਉਣਗੇ। ਇਨ੍ਹਾਂ ਵਿਚੋਂ ਇਕ ਮਹਿੰਦੀ ਹੋਵੇਗਾ, ਜੋ ਲੋਕਾਂ ਨੂੰ ਨੇਕ ਰਸਤੇ ਉੱਪਰ ਚਲਾਵੇਗਾ।

15. ਮਨੁੱਖ ਦੇ ਮਨ ਅੰਦਰ ਚੰਗੇ, ਮਾੜੇ ਦੋਹਾਂ ਕਿਸਮਾਂ ਦੇ ਵਿਚਾਰ ਪੈਦਾ ਹੁੰਦੇ ਹਨ। ਉਸ ਉੱਪਰ ਇਹ ਭਾਰੀ ਜ਼ਿੰਮੇਵਾਰੀ ਹੈ ਕਿ ਉਹ ਚੰਗੇ ਕੰਮ ਹੀ ਕਰੇ। ਚੰਗੇ ਕੰਮਾਂ ਨਾਲ ਹੀ ਬਹਿਸ਼ਤ ਦੀ ਪ੍ਰਾਪਤੀ ਹੁੰਦੀ ਹੈ।

16. ਮਨੁੱਖ ਦੀ ਸਮਰੱਥਾ ਸੀਮਤ ਹੈ। ਉਸ ਨੂੰ ਆਪਣੇ ਸੀਮਤਪਨ ਦਾ ਅਹਿਸਾਸ ਹੋਣਾ ਚਾਹੀਦਾ ਹੈ, ਕੇਵਲ ਪਰਮਾਤਮਾ ਹੀ ਅਸੀਮਤ ਹੈ।

17. ਅੱਲ੍ਹਾ ਨੇ ਮਨੁੱਖ ਨੂੰ ਬਹੁਤ ਉੱਚਾ ਬਣਾਇਆ ਹੈ ਇਸੇ ਲਈ ਤਾਂ ਉਸ ਅੱਲ੍ਹਾ ਨੇ ਫਰਿਸਤਿਆਂ ਨੂੰ ਆਦਮ ਅੱਗੇ ਝੁੱਕਣ ਲਈ ਕਿਹਾ ਸੀ।

18. ਸ਼ਰੀਅਤ ਅਨੁਸਾਰ (ਇਸਲਾਮੀ ਧਰਮ ਅਨੁਸਾਰ) ਮਨੁੱਖ ਦੇ ਵਿਅਕਤਿਤਵ ਨੂੰ ਸੰਪੂਰਣਤਾ ਤੱਕ ਪਹੁੰਚਾਉਣਾ ਹੀ ਧਰਮ ਦਾ ਉਦੇਸ਼ ਹੈ।

19. ਹੱਜ ਮੁਸਲਮਾਨ ਨੂੰ ਜ਼ਰੂਰ ਕਰਨਾ ਚਾਹੀਦਾ ਹੈ। ਇਸ ਨਾਲ ਸਵਾਬ ਪੁੰਨ) ਹੁੰਦਾ ਹੈ।

20. ਅੱਲ੍ਹਾ ਦਾ ਹੁਕਮ ਮੰਨਣਾ ਹੀ ਉਸ ਦੀ ਸਭ ਤੋਂ ਵੱਡੀ ਇਬਾਦਤ ਹੈ।

21. ਮੁਸਲਮਾਨਾਂ ਨੂੰ ਪੰਜ ਵਕਤ ਨਮਾਜ਼ ਪੜ੍ਹਨੀ ਚਾਹੀਦੀ ਹੈ।

22. ਕੁਰਾਨ ਨੂੰ ਪੜ੍ਹਣਾ ਤੇ ਸਮਝਣਾ ਇਬਾਦਤ ਹੈ। ਕੁਰਾਨ ਦੇ ਡੂੰਘ ਅਰਥਾਂ ਨੂੰ ਸਮਝ ਕੇ ਉਨ੍ਹਾਂ ਉੱਪਰ ਅਮਲ ਕਰਨਾ ਚਾਹੀਦਾ ਹੈ।

23. ਮਨੁੱਖ ਧਰਤੀ ਉੱਪਰ ਪਰਮਾਤਮਾ ਦਾ ਏਜੰਟ ਜਾਂ ਵਾਇਸਰਾਇ ਹੈ। ਕੁਰਾਨ ਵਿੱਚ ਇਹ ਸ਼ਬਦ ਲਿਖੇ ਹਨ, "ਲਓ ਮੈਂ ਧਰਤੀ ਉੱਪਰ ਆਪਣਾ ਵਾਇਸਰਾਇ ਭੇਜ ਰਿਹਾ ਹਾਂ।"

24. ਰਮਜ਼ਾਨ ਦੇ ਮਹੀਨੇ ਰੋਜ਼ਾ (ਵਰਤ) ਰੱਖਦੇ ਹਨ। ਹਰ ਮੁਸਲਮਾਨ ਲਈ ਰੋਜ਼ ਰੱਖਣ ਜ਼ਰੂਰੀ ਹਨ।

25 ਧਰਮ ਦੇ ਪ੍ਰਚਾਰ ਨੂੰ ਵੀ ਇਸਲਾਮ ਸਵਾਬ ਮੰਨਦਾ ਹੈ।

26. ਠੀਕ ਵਰਤਾਓ (ਵਿਹਾਰ) ਉਹ ਹੈ, ਜੋ ਕੁਰਾਨ ਦੇ ਅਸੂਲਾਂ ਦੇ ਅਨੁਕੂਲ ਹੋਵੇ। ਕੁਰਾਨ ਦੇ ਅਸੂਲਾਂ ਦੇ ਵਿਰੁੱਧ ਚੱਲਣ ਵਾਲਿਆਂ ਨੂੰ ਪਰਮਾਤਮਾ ਨਹੀਂ ਬਖਸ਼ਦਾ।

10.14 ਅੱਲ੍ਹਾ ਦਾ ਸੰਕਲਪ (Concept of Allah)

ਕੁਰਾਨ ਵਿਚ ਅੱਲ੍ਹਾ ਦੀ ਸਿਫ਼ਤ ਕੀਤੀ ਗਈ ਹੈ। ਅੱਲ੍ਹਾ ਸਾਰੇ ਜਹਾਨ ਦਾ ਮਾਲਕ ਹੈ ਉਹ ਜਿਹੜਾ ਦਿਆਲੂ ਤੇ ਤਰਸਵਾਨ ਹੈ, ਕਿਆਮਤ ਦੇ ਦਿਨ ਦਾ ਮਾਲਕ ਵੀ ਅੱਲ੍ਹਾ ਹੀ ਹੈ। ਇਸ ਲਈ ਮਨੁੱਖ ਨੂੰ ਅੱਲ੍ਹਾ ਦੀ ਇਬਾਦਤ ਕਰਨੀ ਚਾਹੀਦੀ ਹੈ। ਉਸ ਤੋਂ ਹੀ ਸਹਾਇਤਾ ਮੰਗਣੀ ਚਾਹੀਦੀ ਹੈ। ਅੱਲ੍ਹਾ ਦੀ ਮਿਹਰ ਨਾਲ ਹੀ ਮਨੁੱਖ ਸਿੱਧੇ ਰਸਤੇ 'ਤੇ ਚਲਦਾ ਹੈ ਅਤੇ ਕੁਰਾਹੇ ਰਸਤੇ ਤੋਂ ਮੁੱਖ ਮੋੜਦਾ ਹੈ। ਚਾਨਣ ਅੱਲ੍ਹਾ ਹੀ ਹੈ। ਜ਼ਮੀਨ ਅਤੇ ਆਸਮਾਨ ਦਾ ਚਾਣਨ ਅੱਲ੍ਹਾ ਹੀ ਹੈ। ਇਹ ਚਾਣਨ ਵਾਲੀ ਧਰਤੀ ਤੇ ਆਸਮਾਨ ਅੱਲ੍ਹਾ ਨੇ ਹੀ ਸਾਜੇ ਹਨ। ਅੱਲ੍ਹਾ ਇਕ ਹੈ, ਪਰ ਸਾਰੇ ਜੀਵ ਉਸ 'ਤੇ ਨਿਰਭਰ ਹਨ। ਉਸ ਦੀ ਨਾ ਕੋਈ ਹੋਂਦ ਹੈ ਅਤੇ ਨਾ ਹੀ ਕੋਈ ਅਣਹੋਂਦ। ਉਸ ਵਰਗਾ ਕੋਈ ਵੀ ਨਹੀਂ, ਉਹ ਜਾਤ ਰਹਿਤ ਹੈ।

ਜਨਮ ਮੌਤ ਅੱਲ੍ਹਾ ਦੇ ਹੱਥ ਹੈ। ਅੱਲ੍ਹਾ ਸਭ ਭੇਤ ਜਾਣਦਾ ਹੈ। ਧਰਤੀ ਹਨ ਕੀ ਹੈ. ਆਸਮਾਨ ਤੇ ਧਰਤੀ ਵਿਚਕਾਰ ਕੀ ਹੈ। ਧਰਤੀ ਆਸਮਾਨ ਉਸ ਦੇ ਹਨ। ਉਸ ਦੀ ਸ਼ਕਤੀ ਪੱਕੀ ਤੇ ਅਟਲ ਹੈ। ਇਸ ਧਰਤੀ ਤੇ ਆਸਮਾਨ ਦਾ ਰਾਜਾ ਉਹ ਹੀ ਹੈ ਤੇ ਸਭ ਕੁਝ ਮੁੜ ਉਸ ਨੂੰ ਸੱਪਿਆ ਜਾਂਦਾ ਹੈ। ਅੱਲ੍ਹਾ ਹੀ ਜ਼ਮੀਨ ਅਤੇ ਆਸਮਾਨ ਦਾ ਚਾਣਨ ਹੈ। ਉਸ ਦੇ

ਚਾਣਨ ਦੀ ਮੁਸਾਹਬਤ ਉਸ ਆਲੇ ਵਰਗੀ ਹੈ, ਜਿਸ ਵਿਚ ਇਕ ਲੈਪ ਪਿਆ ਹੋਇਆ ਹੈ। ਉਹ ਲੈਂਪ ਇਕ ਗਲਾਸ ਵਿਚ ਹੈ। ਉਹ ਗਿਲਾਸ ਇਕ ਚਮਕਦੇ ਤਾਰੇ ਵਰਗਾ ਹੈ। ਇਸ ਲੇਪ ਨੂੰ ਇਕ ਪਵਿੱਤਰ ਦਰੱਖਤ ਤੇ ਜਗਾਇਆ ਹੋਇਆ ਹੈ। ਇਕ ਜੇਤੂਨ ਦਾ ਦਰੱਖਤ ਜਿਹੜਾ ਨਾ ਪੂਰਬ ਦਾ ਹੈ. ਨਾ ਪੱਛਮ ਦਾ। ਉਸ ਦਾ ਤੇਲ ਵੀ ਚਾਣਨ ਵਾਂਗ ਚਮਕਦਾ ਹੈ ਭਾਵ ਇਸ ਨੂੰ ਕੋਈ ਅੱਗ ਨਹੀਂ ਲਗਾਈ ਗਈ। ਚਾਣਨ ਉੱਪਰ ਚਾਣਨ । ਅੱਲ੍ਹਾ ਜਿਸ 'ਤੇ ਕਿਰਪਾ ਕਰਦਾ ਹੈ ਉਸ ਨੂੰ ਆਪਣਾ ਚਾਣਨ ਦਿੰਦਾ ਹੈ।

ਤੁਸੀਂ ਵਿਚਾਰਾਂ ਤੇ ਕਰਮਾ ਵਿਚ ਇਕਸਾਰ ਹੋਵ। ਜਦੋ ਤੁਸੀਂ ਉਸ ਬਾਰੇ ਜਾਣਦੇ ਹੋ ਕਿ ਇਹ ਅੱਲ੍ਹਾ ਦੀ ਹੀ ਮਿਹਰ ਹੈ, ਫਿਰ ਵੀ ਤੁਸੀਂ ਉਸ ਵਿਚ ਵਿਸ਼ਵਾਸ ਕਿਉਂ ਨਹੀਂ ਰੱਖਦੇ। ਅੱਲ੍ਹਾ ਦੀ ਨਜ਼ਰ ਵਿਚ ਇਹ ਗੱਲ ਬੜੀ ਘਿਰਣਤ ਹੈ ਕਿ ਤੁਸੀ ਉਹ ਕੁਝ ਕਰੋ ਜਿਹੜੀ ਤੁਸੀਂ ਆਪ ਨਹੀਂ ਕਰਦੇ। ਜੋ ਮਨੁੱਖ ਅੱਲ੍ਹਾ ਤੇ ਯਕੀਨ ਕਰਦੇ ਹਨ ਅਤੇ ਉਸ ਦੀ ਪੂਜਾ ਕਰਦੇ ਹਨ, ਤੁਸੀਂ ਉਸ ਅੱਲ੍ਹਾ ਦੀਆਂ ਦਿੱਤੀਆਂ ਦਾਤਾ ਦਾ ਚੰਗੀ ਤਰ੍ਹਾਂ ਪ੍ਰਯੋਗ ਕਰੋ। ਅੱਲ੍ਹਾ ਦਾ ਸ਼ੁਕਰ ਕਰੋ।

ਕੁਰਾਨ ਦੀ ਸੁਰਾ 14 ਵਿਚ ਲਿਖਿਆ ਹੈ ਕਿ, " ਤੇ ਅਸੀਂ ਜਿਸ ਪੈਗੰਬਰ ਅਵਤਾਰ. ਨੱਬੀ ਨੂੰ ਭੇਜਿਆ ਹੈ ਉਸ ਨੇ ਉਹਨਾਂ ਲੋਕਾਂ ਦੀ ਬੋਲੀ ਵਿਚ ਸਾਡਾ ਸੰਦੇਸ਼ ਪੰਗਾਮ ਸਪਸਟ ਸਮਝਾਇਆ ਹੈ। ਅੱਲ੍ਹਾ ਜਿਸ ਨੂੰ ਚਾਹੁੰਦਾ ਹੈ. ਉਸ ਨੂੰ ਚੰਗੇ ਮਾਰਗ 'ਤੇ ਪਾ ਦਿੰਦਾ ਹੈ ਅਤੇ ਜਿਸ ਨੂੰ ਚਾਹੁੰਦਾ ਹੈ ਕੁਮਾਰਗ 'ਤੇ ਪਾ ਦਿੰਦਾ ਹੈ। ਉਹ ਬਹੁਤ ਸ਼ਕਤੀਸ਼ਾਲੀ ਹੈ।"

10.15 (Conclusion):- ਉਪਰੋਕਤ ਵਿਆਖਿਆ ਤੋਂ ਸਪਸ਼ਟ ਹੈ ਕਿ ਕੁਰਾਨ ਮੁਸਲਮਾਨਾਂ ਦਾ ਸਭ ਤੋਂ ਪਵਿੱਤਰ ਧਾਰਮਿਕ ਗ੍ਰੰਥ ਹੈ। ਇਸ ਗ੍ਰੰਥ ਵਿੱਚ ਅਨੇਕਾਂ ਸਿੱਖਿਆਵਾਂ ਦਰਜ ਹਨ। ਜੇਕਰ ਵਿਅਕਤੀ ਇਹਨਾਂ ਸਿੱਖਿਆਵਾਂ 'ਤੇ ਅਮਲ ਕਰੇ ਤਾਂ ਉਹ ਆਪਣਾ ਜੀਵਨ ਸਫ਼ਲ ਬਣਾ ਸਕਦਾ ਹੈ। ਕੁਰਾਨ ਇਕ ਇਲਹਾਮੀ ਪੁਸਤਕ ਹੈ ਜੋ ਮੁਹੰਮਦ ਹਜ਼ਰਤ ਸਾਹਿਬ 'ਤੇ ਨਾਜ਼ਿਲ ਹੋਈ। ਇਸੇ ਤਰ੍ਹਾਂ 'ਅੱਲ੍ਹਾ ਹੀ ਧਰਤੀ ਤੇ ਆਕਾਸ ਦਾ ਚਾਣਨ ਹੈ। ਉਸ ਦੇ ਚਾਣਨ ਦੀ ਚਮਕ ਉਸ ਆਲੇ ਵਰਗੀ ਹੈ ਜਿਸ ਵਿਚ ਇਕ ਲੈਪ ਰੱਖਿਆ ਹੋਇਆ ਹੈ। ਉਹ ਲੈਪ ਇਕ ਗਿਲਾਸ ਵਿਚ ਹੈ। ਇਹ ਗਿਲਾਸ ਇਕ ਚਮਕਦੇ ਸਿਤਾਰੇ ਵਾਂਗ ਹੈ। ਇਸ ਲੈਪ ਨੂੰ ਇਕ ਪਵਿੱਤਰ ਰੁੱਖ 'ਤੇ ਜਲਾਇਆ ਗਿਆ ਹੈ। ਇਕ ਜੈਤੂਨ ਦਾ ਰੁੱਖ ਜੋ ਨਾ ਪੂਰਬ ਦਾ ਹੈ ਅਤੇ ਨਾ ਹੀ ਪੱਛਮ ਦਾ, ਉਸ ਦਾ ਤੇਲ ਵੀ ਚਾਣਨ ਵਾਂਗ ਚਮਕਦਾ ਹੈ। ਭਾਵੇਂ ਇਸ ਨੂੰ ਕੋਈ ਅੱਗ ਨਹੀਂ ਲਗਾਈ ਗਈ ਹੈ। ਚਾਣਨ ਤੇ ਚਾਣਨ। ਅੱਲ੍ਹਾ ਜਿਸ, ਉੱਪਰ ਆਪਣੀ ਮਿਹਰ ਕਰਦਾ ਹੈ ਉਸ ਨੂੰ ਆਪਣਾ ਚਾਣਨ ਦਿੰਦਾ ਹੈ।

10.16 ਪੜ੍ਹਣਯੋਗ ਪੁਸਤਕਾਂ


- ਅਬੁਲ ਆਲਾ ਮੌਦੂਦੀ, ਕੁਰਆਨ ਮਜੀਦ (ਪੰਜਾਬੀ ਅਨੁਵਾਦ-ਰਮਜ਼ਾਨ ਸਈਦ), ਮਲੇਰਕੋਟਲਾ, ਪੰਜਾਬੀ ਇਸਲਾਮਿਕ ਪਬਲੀਕੇਸ਼ਨ, 2002
- ਅਬੁਲ ਆਲਾ ਮੌਦੂਦੀ, ਕੁਰਆਨ ਇਕ ਮੌਅਜਜ਼ਾ, ਦਿੱਲੀ : ਮਰਕਜ਼ੀ ਮਕਤਬਾ ਇਸਲਾਮੀ, 1983

- ਫਤਹ ਮੁਹੰਮਦ, ਕੁਰਆਨ ਮਜੀਦ, (ਹਿੰਦੀ ਅਨੁਵਾਦ-ਫਾਰੁਕ ਖਾਂ), ਰਾਮਪੁਰ :ਮਕਤਬਾ ਅਲ-ਹਸਨਾਤ, 1970
- M.Adil, Introduction to Quran, New Delhi:Adam Publishers and Distributors, 1983
- Abdullah Yusuf Ali, The Holy Qur'an, Lahore, Islamic Propagation Centre International, 1993
- Urdu Encyclopaedia of Islam, vol. 7, Panjab University, Lahore, 1971
- B. Lewis (ed.al), The Encyclopaedia of Islam (New Edition), vol. III Leiden: E.J.Brill, 1986


10.17 ਅਭਿਆਸ ਲਈ ਪ੍ਰਸ਼ਨ

ਵੱਡੇ ਪ੍ਰਸ਼ਨ

1. ਪਵਿੱਤਰ ਕੁਰਾਨ ਨਾਲ ਜਾਣ-ਪਛਾਣ ਕਰਵਾਉਂਦੇ ਹੋਏ ਇਸ ਦੀ ਸੰਪਾਦਨਾ ਅਤੇ ਬਣਤਰ 'ਤੇ ਨੋਟ ਲਿਖੋ।

2. ਇਸਲਾਮ ਧਰਮ ਵਿਚ 'ਅੱਲ੍ਹਾ' ਦੀ ਧਾਰਨਾ ਉੱਪਰ ਵਿਚਾਰ ਕਰੋ।

3. ਕੁਰਾਨ ਦੀਆਂ ਮੁੱਖ ਸਿੱਖਿਆਵਾਂ ਕੀ ਹਨ?

ਛੋਟੇ ਪ੍ਰਸ਼ਨ

1. ਕੁਰਾਨ ਵਿਚ ਉੱਚ ਚਰਿੱਤਰ ਤੋਂ ਕੀ ਭਾਵ ਹੈ?
2. ਕੁਰਾਨ ਸ਼ਬਦ ਦੀ ਵਿਉਂਤਪਤੀ ਤੋਂ ਤੁਸੀਂ ਕੀ ਸਮਝਦੇ ਹੋ?
3. ਕੁਰਾਨ ਦਾ ਵਿਸ਼ਾ ਵਸਤੂ ਕੀ ਹੈ?